# ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ





ਡਾ. ਗੁਰਨਾਮ ਸਿੰਘ



ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ

ਲੇਖਕ

**ਡਾ. ਗੁਰਨਾਮ ਸਿੰਘ**

ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਚੇਅਰ,
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)**

**ਸ੍ਰੀ ਅੰਮ੍ਰਿਤਸਰ।**

ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)**

**ਸ੍ਰੀ ਅੰਮ੍ਰਿਤਸਰ ।**

ਲੇਖਕ : **ਡਾ. ਗੁਰਨਾਮ ਸਿੰਘ**

ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਚੇਅਰ,
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਅਕਤੂਬਰ ੨੦੦੫ ੨੦੦੦

ਛਾਪਣ ਵਾਲੇ

**ਗੋਲਡਨ ਆਫ਼ਸੈੱਟ ਪ੍ਰੈੱਸ**

**ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।**

**ਮਈ ੨੦੦੫**

# ਆਰੰਭਿਕ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦ ਸਾਲਾ ਪ੍ਰਕਾਸ਼ ਦਿਵਸ ਦਾ ਇਤਿਹਾਸਕ ਅਵਸਰ ਹਰ ਨਾਨਕ ਨਾਮ ਲੇਵਾ ਤੇ ਸਮੁੱਚਾ ਸਿੱਖ ਪੰਥ ਅਥਾਹ ਸ਼ਰਧਾ ਨਾਲ ਮਨਾ ਰਿਹਾ ਹੈ। ਇਸ ਅਵਸਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮੁੱਚੀ ਮਾਨਵਤਾ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਪ੍ਰੋਗਰਾਮ ਉਲੀਕੇ ਗਏ ਹਨ.। ਇਨ੍ਹਾਂ ਪ੍ਰੋਗਰਾਮਾਂ ਦੇ ਅੰਤਰਗਤ ਹੀ ਗੁਰੂ ਘਰ ਦੀ ਗੁਰਮਤਿ ਸੰਗੀਤ ਪਰੰਪਰਾ ਦਾ ਸ਼ੁੱਧ ਤੇ ਪ੍ਰਮਾਣਿਕ ਪ੍ਰਚਾਰ ਇਕ ਮਹੱਤਵਪੂਰਨ ਲਕਸ਼ ਹੈ। ਗੁਰੂ ਨਾਨਕ ਸਾਹਿਬ ਦੁਆਰਾ ਵਰੋਸਾਈ ਇਸ ਪਰੰਪਰਾ ਦਾ ਆਪਣਾ ਮੌਲਿਕ ਰੂਪ ਹੈ ਜੋ ਇਸਨੂੰ ਵਿਸ਼ਵ ਦੀਆਂ ਬਾਕੀ ਪਰੰਪਰਾਵਾਂ ਨਾਲੋਂ ਸਹਿਜੇ ਹੀ ਨਿਖੇੜ ਦਿੰਦਾ ਹੈ। ਇਸ ਵੇਲੇ ਇਸ ਪਰੰਪਰਾ ਦੇ ਗੁਣਾਂ ਨੂੰ ਸਮੁੱਚੇ ਵਿਸ਼ਵ ਸਾਹਮਣੇ ਉਜਾਗਰ ਕਰਨ ਦੀ ਬੇਹੱਦ ਲੋੜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸੇ ਦਿਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਵਿੱਚ ਅੰਕਤ ਬਾਣੀ ਨੂੰ ਗੁਰੂ ਸਾਹਿਬ ਦੁਆਰਾ ਨਿਰਧਾਰਤ ਰਾਗਾਂ ਵਿੱਚ ਪ੍ਰਕਾਸ਼ਤ ਕਰ ਰਹੀ ਹੈ। ਇਸ ਕਾਰਜ ਨੂੰ ਸੰਗੀਤ ਤੇ ਗੁਰਮਤਿ ਸੰਗੀਤ ਦੇ ਵਿਦਵਾਨ ਡਾ: ਗੁਰਨਾਮ ਸਿੰਘ ਜੀ ਨੇ ਬੜੀ ਸ਼ਰਧਾ ਤੇ ਲਗਨ ਨਾਲ ਕੀਤਾ ਹੈ। ਆਪ ਗੁਰੂ ਘਰ ਦੀ ਕੀਰਤਨ ਪਰੰਪਰਾ ਨਾਲ ਸੰਸਕਾਰੀ ਰੂਪ ਵਿੱਚ ਜੁੜੇ ਹੋਏ ਹਨ। ਇਹ ਪੁਸਤਕ ਕੀਰਤਨ ਸਿਖਲਾਈ ਪ੍ਰਾਪਤ ਕਰਨ ਵਾਲੇ ਚਾਹਵਾਨਾਂ ਤੇ ਵਿਦਿਆਰਥੀਆਂ ਦੇ ਮਿਆਰ ਤੇ ਸੁਖੈਨਤਾ ਨੂੰ ਮੁੱਖ ਰੱਖ ਕੇ ਲਿਖੀ ਗਈ ਹੈ। ਇਸ ਪੁਸਤਕ ਦੀਆਂ ਸਮੂਹ ਰਚਨਾਵਾਂ ਨੂੰ ਕੀਰਤਨ ਰੂਪ ਵਿੱਚ ਗਾਇਨ ਕਰਨ ਦੀ ਗੁਰੂ ਕਿਰਪਾ ਡਾ: ਗੁਰਨਾਮ ਸਿੰਘ 'ਤੇ ਹੋਈ ਜਿਨ੍ਹਾਂ ਵਿਸ਼ਵ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁੱਖ ਰਾਗਾਂ ਤੇ ੩੧ ਰਾਗ ਪ੍ਰਕਾਰਾਂ ਭਾਵ ਕੁੱਲ ੬੨ ਰਾਗਾਂ ਦੀ ਦਸ ਆਡਿਓ ਕੈਸਟਾਂ ਵਿੱਚ ਐਚ. ਐਮ. ਵੀ. ਕੰਪਨੀ ਦੁਆਰਾ ਰਿਕਾਰਡਿੰਗ ਕਰਵਾ ਕੇ ਸੰਗਤਾਂ ਦੇ ਸਨਮੁੱਖ ਰੱਖ ਕੇ ਗੁਰੂ ਘਰ ਦੀ ਸੇਵਾ ਕੀਤੀ ਹੈ। ਉਮੀਦ ਹੈ ਕਿ ਇਸ ਪੁਸਤਕ ਵਿੱਚ ਕੀਤਾ ਗਿਆ ਇਹ ਯਤਨ ਸੰਗਤਾਂ ਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਲਾਹੇਵੰਦ ਸਿੱਧ ਹੋਵੇਗਾ। ਇਸ ਆਸ਼ਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦ ਸਾਲਾ ਪ੍ਰਕਾਸ਼ ਦਿਵਸ ਦੇ ਸ਼ੁਭ ਅਵਸਰ 'ਤੇ ਸਮੁੱਚੇ ਸਿੱਖ ਪੰਥ ਤੇ ਹਰ ਨਾਨਕ ਨਾਮ ਲੇਵਾ ਨੂੰ ਕੋਟਾਨਿ ਕੋਟ ਵਧਾਈ।

ਪ੍ਰਧਾਨ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

# ਆਦਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਬਦ ਤੇ ਸੰਗੀਤ ਦੇ ਸੁਮੇਲ ਸਿੱਖ ਧਰਮ ਦੀ "ਸ਼ਬਦ-ਕੀਰਤਨ" ਪਰੰਪਰਾ ਦਾ ਮੂਲ ਆਧਾਰ ਹੈ। ਸਦੀਆਂ ਤੋਂ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਗੁਰਮਤਿ ਅਨੁਸਾਰੀ ਇਹ ਸੰਗੀਤ ਪਰੰਪਰਾ ਵਰਤਮਾਨ ਸਮੇਂ ਵਿੱਚ "ਗੁਰਮਤਿ ਸੰਗੀਤ" ਦੇ ਰੂਪ ਵਿੱਚ ਸਥਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਤਮਕ ਸੰਗੀਤਕ ਸੰਕਲਨ, ਬਾਣੀ ਤੇ ਰਾਗ ਦੇ ਮੂਲ ਅੰਤਰੀਵੀਂ ਸਬੰਧ ਦਾ ਸਪਸ਼ਟ ਪ੍ਰਮਾਣ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਬਾਣੀ ਰੂਪ ਦੀਆਂ ਵੱਖ-ਵੱਖ ਸ਼ਾਸਤਰੀ ਤੇ ਲੋਕ ਸੰਗੀਤਕ ਅੰਗ ਦੀਆਂ ਕੀਰਤਨ ਸ਼ੈਲੀਆਂ ਇਸ ਪਰੰਪਰਾ ਦੀ ਰਾਗਾਤਮਿਕਤਾ ਨੂੰ ਹੀ ਪ੍ਰਗਟ ਕਰ ਰਹੀਆਂ ਹਨ। ਰਾਗਾਤਮਕ ਕੀਰਤਨ ਚੌਕੀਆਂ ਦੀ ਪਰੰਪਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਪ੍ਰਾਰੰਭ ਹੋਈ, ਸਦੀਆਂ ਤੋਂ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਠੇ ਪਹਿਰ ਨਿਰੰਤਰ ਪ੍ਰਵਾਹ ਇਸੇ ਪਰੰਪਰਾ ਦਾ ਹੀ ਅਟੁੱਟ ਅੰਗ ਹੈ। ਇਹ ਵੱਖ-ਵੱਖ ਰਾਗਾਤਮਕ ਕੀਰਤਨ ਚੌਕੀਆਂ ਦਾ ਨਾਮਾਂਕਣ ਵੀ ਰਾਗਾਂ ਦਾ ਅਨੁਸਾਰੀ ਹੈ ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਚਰਨ ਕਵਲ ਦੀ ਚੌਕੀ, ਸੋਦਰੁ ਦੀ ਚੌਕੀ, ਕਲਿਆਣ ਦੀ ਚੌਕੀ ਆਦਿ। ਇਸ ਤਰ੍ਹਾਂ ਗੁਰੂ ਘਰ ਵਿੱਚ 'ਸ਼ਬਦ-ਕੀਰਤਨ' ਲਈ ਆਦਿ ਤੋਂ ਹੀ ਰਾਗਾਂ ਦੀ ਵਿਸ਼ਾਲ ਪਰੰਪਰਾ ਮੌਜੂਦ ਰਹੀ ਹੈ। 'ਸਿੱਖ ਰਹਿਤ ਮਰਿਆਦਾ' ਵਿੱਚ ਇਸੇ ਭਾਵਨਾ ਨੂੰ ਮੁੱਖ ਰੱਖਦਿਆਂ ਕੀਰਤਨ ਨੂੰ ਪਰਿਭਾਸ਼ਿਤ ਕਰਦਿਆਂ "ਕੀਰਤਨ, ਗੁਰਬਾਣੀ ਨੂੰ ਰਾਗਾਂ ਵਿੱਚ ਉਚਾਰਣ ਕਰਨ ਨੂੰ ਕਹਿੰਦੇ ਹਨ।" (ਸਿੱਖ ਰਹਿਤ ਮਰਿਆਦਾ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ਐਡੀਸ਼ਨ ੨੪ਵਾਂ, ਅਕਤੂਬਰ ੧੯੯੯)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਕੀਰਤਨ ਪਰੰਪਰਾ ਨੂੰ ਸ਼ੁੱਧ ਤੇ ਪ੍ਰਮਾਣਿਕ ਰੂਪ ਵਿੱਚ ਸਥਾਪਤ ਕਰਨ ਲਈ ਹਮੇਸ਼ਾਂ ਹੀ ਯਤਨ ਕੀਤੇ ਜਾਂਦੇ ਰਹੇ ਹਨ। ਗੁਰਮਤਿ ਸੰਗੀਤ ਸਬੰਧੀ ਪੁਸਤਕਾਂ ਦੀ ਪ੍ਰਕਾਸ਼ਨਾ ਇਸੇ ਪਰੰਪਰਾ ਦੀ ਮਹੱਤਵਪੂਰਨ ਕੜੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੱਖ ਤੌਰ ਤੇ ੩੧ ਮੁੱਖ ਰਾਗ ਅੰਕਿਤ ਹਨ ਜਿਵੇਂ ਸਿਰੀ, ਮਾਝ, ਗਉੜੀ, ਆਸਾ, ਸੋਰਠਿ, ਧਨਾਸਰੀ, ਜੈਜਾਵੰਤੀ ਆਦਿ। ਇਸ ਦੇ ਨਾਲ ਹੀ ਇਨ੍ਹਾਂ ਰਾਗਾਂ ਦੇ ਹੋਰ ਪ੍ਰਕਾਰ ਜਾਂ ਮਿਸ਼ਰਤ ਰਾਗ ਵੀ ਬਾਣੀ ਤੇ ਅੰਤਰਗਤ ਅੰਕਤ ਹਨ ਜਿਵੇਂ ਗਉੜੀ ਗੁਆਰੇਰੀ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਦੱਖਣੀ, ਗਉੜੀ ਮਾਲਾ, ਆਸਾ ਕਾਫੀ, ਤਿਲੰਗ ਕਾਫੀ, ਵਡਹੰਸ ਦੱਖਣੀ, ਪ੍ਰਭਾਤੀ ਬਿਭਾਸ ਆਦਿ। ਇਨ੍ਹਾਂ ਸਮੂਹ ਰਾਗਾਂ ਦੇ ਵੱਖ-ਵੱਖ ਰੂਪ ਹੋਰ ਦੂਸਰੇ ਕੀਰਤਨੀਆਂ ਤੇ ਸੰਗੀਤਕਾਰਾਂ ਵਿੱਚ ਪ੍ਰਚਾਰ ਅਧੀਨ ਰਹੇ ਹਨ। ਇਨ੍ਹਾਂ ਰਾਗਾਂ ਦੇ ਵੱਖ-ਵੱਖ ਰੂਪਾਂ ਦੀ ਵੰਨਸੁਵੰਨਤਾ ਇਸ ਪਰੰਪਰਾ ਦੀ ਅਮੀਰੀ ਹੈ। ਪਰੰਤੂ ਇਸ ਦੇ ਨਾਲ ਹੀ ਸਿਖਲਾਈ ਲਈ ਇਨ੍ਹਾਂ ਰਾਗਾਂ ਦੇ ਪ੍ਰਮਾਣਿਕ ਰੂਪਾਂ ਦੀ ਪਛਾਣ ਵੀ ਜ਼ਰੂਰੀ ਹੈ। ਇਸ ਮੰਤਵ ਦੀ ਪੂਰਤੀ ਲਈ ਆਪਦੇ ਸਨਮੁੱਖ ਇਹ ਪੁਸਤਕ ਪ੍ਰਸਤੁਤ ਹੈ। ਇਸ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਵਿੱਚ ਰਾਗ ਪਹਿਚਾਨ ਸਹਿਤ ਇਕ ਇਕ ਰਾਗਾਤਮਕ ਰਚਨਾ ਦੀ ਸੁਰਲਿਪੀ ਦਾ ਲੇਖਨ ਕੀਤਾ ਗਿਆ ਹੈ। ਇਸਦਾ ਪਾਠਕ, ਕੀਰਤਨ ਦੀ ਸਿਖਲਾਈ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਵਰਗ ਹੈ। ਇਨ੍ਹਾਂ ਬੰਦਸ਼ਾਂ ਵਿੱਚ ਜਿੱਥੇ ਰਾਗਾਂ ਦੀ ਸ਼ੁੱਧਤਾ, ਸਰੂਪ ਦੀ ਰਸਿਕਤਾ ਤੇ ਰੰਜਕਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਉਥੇ ਸਿਖਾਂਦਰੂਆਂ ਲਈ ਸੁਖੈਨਤਾ ਦਾ ਵੀ ਪੂਰਨ ਧਿਆਨ ਰੱਖਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੪੦੦ ਸਾਲਾ ਪ੍ਰਕਾਸ਼ ਦਿਵਸ ਦੇ ਸ਼ੁਭ ਅਵਸਰ ਨੂੰ ਸਮੁੱਚਾ ਵਿਸ਼ਵ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਉਣ ਜਾ ਰਿਹਾ ਹੈ। ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਦਾਸ ਦਾ ਇਹ ਨਿਮਾਣਾ ਜਿਹਾ ਯਤਨ ਸਮੂਹ ਸੰਗਤਾਂ, ਪਾਠਕਾਂ, ਵਿਦਿਆਰਥੀਆਂ ਤੇ ਖੋਜਾਰਥੀਆਂ ਲਈ ਸ਼ਰਧਾ, ਸਤਿਕਾਰ ਤੇ ਨਿਮਰਤਾ ਸਹਿਤ ਅਰਪਿਤ ਹੈ। ਹੋਈਆਂ ਭੁੱਲਾਂ ਚੁੱਕਾਂ ਲਈ ਖਿਮਾਂ।

ਡਾ: ਗੁਰਨਾਮ ਸਿੰਘ
ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਚੇਅਰ,
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਵਿਸ਼ਾ ਸੂਚੀ


| | | ਪੰਨਾ |
|---|---|---|
| | ਗੁਰਮਤਿ ਸੰਗੀਤ ਪਰੰਪਰਾ | 5 |
| 1. | ਸਿਰੀ ਰਾਗ | 27 |
| 2. | ਸ਼ਬਦ ਸੁਰ ਲਿਪੀ : ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ | 28 |
| 3. | ਮਾਝ ਰਾਗ | 30 |
| 4. | ਸ਼ਬਦ ਸੁਰ ਲਿਪੀ : ਮੇਰਾ ਮਨੁ ਲੋਚੈ ਗੁਰ ਦਰਸਨ ਤਾਈ | 31 |
| 5. | ਗਉੜੀ ਰਾਗ | 33 |
| 6. | ਸ਼ਬਦ ਸੁਰ ਲਿਪੀ : ਸਾਧੋ ਗੋਬਿੰਦ ਕੇ ਗੁਨ ਗਾਵਉ | 34 |
| 7. | ਗਉੜੀ ਗੁਆਰੇਰੀ ਰਾਗ | 36 |
| 8. | ਸ਼ਬਦ ਸੁਰ ਲਿਪੀ : ਮਾਤਾ ਪ੍ਰੀਤਿ ਕਰੇ ਪੁਤੁ ਖਾਇ | 37 |
| 9. | ਗਉੜੀ ਦੱਖਣੀ ਰਾਗ | 39 |
| 10. | ਸ਼ਬਦ ਸੁਰ ਲਿਪੀ : ਸੁਣਿ ਸੁਣਿ ਬੂਝੈ ਮਾਨੈ ਨਾਉ | 40 |
| 11. | ਗਉੜੀ ਚੇਤੀ ਰਾਗ | 42 |
| 12. | ਸ਼ਬਦ ਸੁਰ ਲਿਪੀ : ਕਤ ਕੀ ਮਾਈ ਬਾਪੁ ਕਤ ਕੇਰਾ | 43 |
| 13. | ਗਉੜੀ ਬੈਰਾਗਣਿ ਰਾਗ | 45 |
| 14. | ਸ਼ਬਦ ਸੁਰ ਲਿਪੀ : ਰੈਣਿ ਗਵਾਈ ਸੋਇ ਕੈ | 46 |
| 15. | ਗਉੜੀ ਪੂਰਬੀ ਦੀਪਕੀ ਰਾਗ | 48 |
| 16. | ਸ਼ਬਦ ਸੁਰ ਲਿਪੀ : ਜੈ ਘਰਿ ਕੀਰਤਿ ਆਖੀਐ | 49 |
| 17. | ਗਉੜੀ ਪੂਰਬੀ ਰਾਗ | 51 |
| 18. | ਸ਼ਬਦ ਸੁਰ ਲਿਪੀ : ਕਵਨ ਗੁਨ ਪ੍ਰਾਨਪਤਿ ਮਿਲਉ | 52 |
| 19. | ਗਉੜੀ ਦੀਪਕੀ ਰਾਗ | 54 |
| 20. | ਸ਼ਬਦ ਸੁਰ ਲਿਪੀ : ਜੈ ਘਰਿ ਕੀਰਤਿ ਆਖੀਐ | 55 |
| 21. | ਗਉੜੀ ਮਾਝ ਰਾਗ | 56 |
| 22. | ਸ਼ਬਦ ਸੁਰ ਲਿਪੀ : ਦੁਖ ਭੰਜਨੁ ਤੇਰਾ ਨਾਮੁ ਜੀ | 57 |
| 23. | ਗਉੜੀ ਮਾਲਵਾ ਰਾਗ | 60 |
| 24. | ਸ਼ਬਦ ਸੁਰ ਲਿਪੀ : ਹਰਿ ਨਾਮੁ ਲੇਹੁ ਮੀਤਾ ਲੇਹੁ | 61 |
| 25. | ਗਉੜੀ ਮਾਲਾ ਰਾਗ | 63 |
| 26. | ਸ਼ਬਦ ਸੁਰ ਲਿਪੀ : ਭਾਵਨੁ ਤਿਆਗਿਓ ਰੀ | 64 |
| 27. | ਗਉੜੀ ਸੋਰਠਿ ਰਾਗ | 66 |
| 28. | ਸ਼ਬਦ ਸੁਰ ਲਿਪੀ : ਰੇ ਜੀਅ ਨਿਲਜ | 67 |
| 29. | ਆਸਾ ਰਾਗ | 69 |
| 30. | ਸ਼ਬਦ ਸੁਰ ਲਿਪੀ : ਆਖਾ ਜੀਵਾ ਵਿਸਰੈ ਮਰਿ ਜਾਉ | 70 |

| | | |
|---|---|---|
| 31. | ਆਸਾਵਰੀ ਰਾਗ | 72 |
| 32. | ਸ਼ਬਦ ਸੁਰ ਲਿਪੀ : **ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ** | 73 |
| 33. | ਆਸਾਵਰੀ ਸੁਧੰਗ ਰਾਗ | 75 |
| 34. | ਸ਼ਬਦ ਸੁਰ ਲਿਪੀ : **ਹਉ ਅਨਦਿਨੁ ਹਰਿ ਨਾਮੁ** | 76 |
| 35. | ਆਸਾ ਕਾਫੀ ਰਾਗ | 78 |
| 36. | ਸ਼ਬਦ ਸੁਰ ਲਿਪੀ : **ਮੈ ਬੰਦਾ ਬੈ ਖਰੀਦੁ ਸਚ** | 79 |
| 37. | ਗੂਜਰੀ ਰਾਗ | 81 |
| 38. | ਸ਼ਬਦ ਸੁਰ ਲਿਪੀ : **ਕਾਹੇ ਰੇ ਮਨ ਚਿਤਵਹਿ** | 82 |
| 39. | ਦੇਵਗੰਧਾਰੀ ਰਾਗ | 84 |
| 40. | ਸ਼ਬਦ ਸੁਰ ਲਿਪੀ : **ਮਾਈ ਗੁਰ ਚਰਣੀ ਚਿਤੁ** | 85 |
| 41. | ਦੇਵਗੰਧਾਰ ਰਾਗ | 87 |
| 42. | ਸ਼ਬਦ ਸੁਰ ਲਿਪੀ : **ਅਪੁਨੇ ਹਰਿ ਪਹਿ ਬਿਨਤੀ ਕਹੀਐ** | 88 |
| 43. | ਬਿਹਾਗੜਾ ਰਾਗ | 90 |
| 44 | ਸ਼ਬਦ ਸੁਰ ਲਿਪੀ : **ਹਰਿ ਕੀ ਗਤਿ ਨਹਿ ਕੋਊ ਜਾਨੈ** | 91 |
| 45. | ਵਡਹੰਸ ਰਾਗ | 93 |
| 46. | ਸ਼ਬਦ ਸੁਰ ਲਿਪੀ : **ਧਨੁ ਸੁ ਵੇਲਾ ਜਿਤੁ** | 94 |
| 47. | ਵਡਹੰਸ ਦੱਖਣੀ ਰਾਗ | 96 |
| 48. | ਸ਼ਬਦ ਸੁਰ ਲਿਪੀ : **ਸਚੁ ਸਿਰੰਦਾ ਸਚਾ ਜਾਣੀਐ** | 97 |
| 49. | ਸੋਰਠਿ ਰਾਗ | 99 |
| 50. | ਸ਼ਬਦ ਸੁਰ ਲਿਪੀ : **ਜਉ ਤੁਮ ਗਿਰਿਵਰ ਤਉ ਹਮ ਮੋਰਾ** | 100 |
| 51. | ਧਨਾਸਰੀ ਰਾਗ | 103 |
| 52. | ਸ਼ਬਦ ਸੁਰ ਲਿਪੀ : **ਗਗਨ ਮੈ ਥਾਲੁ ਰਵਿ ਚੰਦੁ ਦੀਪਕ** | 104 |
| 53. | ਜੈਤਸਰੀ ਰਾਗ | 106 |
| 54. | ਸ਼ਬਦ ਸੁਰ ਲਿਪੀ : **ਲੋੜੀਦੜਾ ਸਾਜਨੁ ਮੇਰਾ** | 107 |
| 55. | ਟੋਡੀ ਰਾਗ | 109 |
| 56. | ਸ਼ਬਦ ਸੁਰ ਲਿਪੀ : **ਹਰਿ ਬਿਨੁ ਰਹਿ ਨ ਸਕੈ ਮਨੁ** | 110 |
| 57. | ਬੈਰਾੜੀ ਰਾਗ | 112 |
| 58. | ਸ਼ਬਦ ਸੁਰ ਲਿਪੀ : **ਹਰਿ ਜਨੁ ਰਾਮ ਨਾਮ ਗੁਨ** | 113 |
| 59. | ਤਿਲੰਗ ਰਾਗ | 115 |
| 60. | ਸ਼ਬਦ ਸੁਰ ਲਿਪੀ : **ਜਾਗ ਲੇਹੁ ਰੇ ਮਨਾ ਜਾਗ ਲੇਹੁ** | 116 |
| 61. | ਤਿਲੰਗ ਕਾਫੀ ਰਾਗ | 118 |
| 62. | ਸ਼ਬਦ ਸੁਰ ਲਿਪੀ : **ਚੇਤਨਾ ਹੈ ਤਉ ਚੇਤ ਲੈ ਨਿਸਿ** | 119 |
| 63. | ਸੂਹੀ ਰਾਗ | 121 |

| | | |
|---|---|---|
| 64. | ਸ਼ਬਦ ਸੁਰ ਲਿਪੀ : **ਤੁਧੁ ਚਿਤਿ ਆਏ ਮਹਾ ਅਨੰਦਾ** | 122 |
| 65. | ਸੂਹੀ ਕਾਫੀ ਰਾਗ | 124 |
| 66. | ਸ਼ਬਦ ਸੁਰ ਲਿਪੀ : **ਜੇ ਭੁਲੀ ਜੇ ਚੁਕੀ ਸਾਂਈ** | 125 |
| 67. | ਸੂਹੀ ਲਲਿਤ ਰਾਗ | 127 |
| 68. | ਸ਼ਬਦ ਸੁਰ ਲਿਪੀ : **ਏਕੁ ਕੋਟੁ ਪੰਚ ਸਿਕਦਾਰਾ ਪੰਚੇ** | 128 |
| 69. | ਬਿਲਾਵਲ ਰਾਗ | 130 |
| 70. | ਸ਼ਬਦ ਸੁਰ ਲਿਪੀ : **ਮੈ ਨਾਹੀ ਪ੍ਰਭ ਸਭੁ ਕਿਛੁ** | 131 |
| 71. | ਬਿਲਾਵਲ ਦੱਖਣੀ ਰਾਗ | 133 |
| 72. | ਸ਼ਬਦ ਸੁਰ ਲਿਪੀ : **ਮੁੰਧ ਨਵੇਲੜੀਆ ਗੋਇਲਿ ਆਈ ਰਾਮ** | 134 |
| 73. | ਬਿਲਾਵਲ ਮੰਗਲ ਰਾਗ | 136 |
| 74. | ਸ਼ਬਦ ਸੁਰ ਲਿਪੀ : **ਮੇਰਾ ਹਰਿ ਪ੍ਰਭੁ ਸੇਜੈ ਆਇਆ** | 137 |
| 75. | ਗੋਂਡ ਰਾਗ | 139 |
| 76. | ਸ਼ਬਦ ਸੁਰ ਲਿਪੀ : **ਮੋ ਕਉ ਤਾਰਿ ਲੇ ਰਾਮਾ** | 140 |
| 77. | ਬਿਲਾਵਲ ਗੋਂਡ ਰਾਗ | 142 |
| 78. | ਸ਼ਬਦ ਸੁਰ ਲਿਪੀ : **ਆਜੁ ਨਾਮੇ ਬੀਠਲੁ ਦੇਖਿਆ** | 143 |
| 79. | ਰਾਮਕਲੀ ਰਾਗ | 145 |
| 80. | ਸ਼ਬਦ ਸੁਰ ਲਿਪੀ : **ਓਅੰਕਾਰਿ ਏਕ ਧੁਨਿ ਏਕੈ** | 146 |
| 81. | ਰਾਮਕਲੀ ਦੱਖਣੀ ਰਾਗ | 148 |
| 82. | ਸ਼ਬਦ ਸੁਰ ਲਿਪੀ : **ਓਅੰਕਾਰਿ ਬ੍ਰਹਮਾ ਉਤਪਤਿ** | 149 |
| 83. | ਨਟ ਨਾਰਾਇਣ ਰਾਗ | 152 |
| 84. | ਸ਼ਬਦ ਸੁਰ ਲਿਪੀ : **ਉਲਾਹਨੋ ਮੈ ਕਾਹੂ ਨ ਦੀਓ** | 153 |
| 85. | ਨਟ ਰਾਗ | 155 |
| 86. | ਸ਼ਬਦ ਸੁਰ ਲਿਪੀ : **ਕੋਊ ਹੈ ਮੇਰੋ ਸਾਜਨੁ ਮੀਤੁ** | 156 |
| 87. | ਮਾਲੀ ਗਉੜਾ ਰਾਗ | 159 |
| 88. | ਸ਼ਬਦ ਸੁਰ ਲਿਪੀ : **ਸਭੈ ਘਟ ਰਾਮੁ ਬੋਲੈ ਰਾਮਾ ਬੋਲੈ** | 160 |
| 89. | ਮਾਰੂ ਰਾਗ | 162 |
| 90. | ਸ਼ਬਦ ਸੁਰ ਲਿਪੀ : **ਹਰਿ ਕੋ ਨਾਮੁ ਸਦਾ ਸੁਖਦਾਈ** | 163 |
| 91. | ਮਾਰੂ ਕਾਫੀ ਰਾਗ | 165 |
| 92. | ਸ਼ਬਦ ਸੁਰ ਲਿਪੀ : **ਆਵਉ ਵੰਞਉ ਡੁੰਮਣੀ** | 166 |
| 93. | ਮਾਰੂ ਦੱਖਣੀ ਰਾਗ | 168 |
| 94. | ਸ਼ਬਦ ਸੁਰ ਲਿਪੀ : **ਕਾਇਆ ਨਗਰੁ ਨਗਰ** | 169 |
| 95. | ਤੁਖਾਰੀ ਰਾਗ | 171 |
| 96. | ਸ਼ਬਦ ਸੁਰ ਲਿਪੀ : **ਸਾਵਣਿ ਸਰਸ ਮਨਾ ਘਣ ਵਰਸਹਿ** | 172 |

| | | |
|---|---|---|
| 97. | ਕੇਦਾਰਾ ਰਾਗ | 174 |
| 98. | ਸ਼ਬਦ ਸੁਰ ਲਿਪੀ : **ਹਰਿ ਬਿਨੁ ਕੋਇ ਨ ਚਾਲਸਿ ਸਾਥ** | 175 |
| 99. | ਭੈਰਉ ਰਾਗ | 177 |
| 100. | ਸ਼ਬਦ ਸੁਰ ਲਿਪੀ : **ਸਤਿਗੁਰੁ ਮੇਰਾ ਬੇਮੁਹਤਾਜੁ** | 178 |
| 101. | ਬਸੰਤ ਰਾਗ | 180 |
| 102. | ਸ਼ਬਦ ਸੁਰ ਲਿਪੀ : **ਤਿਨ੍ ਬਸੰਤੁ ਜੋ ਹਰਿ ਗੁਣ** | 182 |
| 103. | ਬਸੰਤ ਹਿੰਡੋਲ ਰਾਗ | 183 |
| 104. | ਸ਼ਬਦ ਸੁਰ ਲਿਪੀ : **ਸਾਹੁਰੜੀ ਵਥੁ ਸਭੁ ਕਿਛੁ ਸਾਝੀ** | 184 |
| 105. | ਸਾਰੰਗ ਰਾਗ | 186 |
| 106. | ਸ਼ਬਦ ਸੁਰ ਲਿਪੀ : **ਅਬ ਮੋਰੋ ਨਾਚਨੋ ਰਹੋ** | 187 |
| 107. | ਮਲਾਰ ਰਾਗ | 189 |
| 108. | ਸ਼ਬਦ ਸੁਰ ਲਿਪੀ : **ਕਰਉ ਬਿਨਉ ਗੁਰ ਅਪਨੇ ਪ੍ਰੀਤਮ** | 190 |
| 109. | ਕਾਨੜਾ ਰਾਗ | 192 |
| 110. | ਸ਼ਬਦ ਸੁਰ ਲਿਪੀ : **ਸਾਜਨਾ ਸੰਤ ਆਉ ਮੇਰੈ** | 193 |
| 111. | ਕਲਿਆਣ ਰਾਗ | 195 |
| 112. | ਸ਼ਬਦ ਸੁਰ ਲਿਪੀ : **ਰਾਮ ਗੁਰੁ ਪਾਰਸੁ ਪਰਸੁ** | 196 |
| 113. | ਕਲਿਆਣ ਭੋਪਾਲੀ ਰਾਗ | 198 |
| 114. | ਸ਼ਬਦ ਸੁਰ ਲਿਪੀ : **ਪਾਰਬ੍ਰਹਮੁ ਪਰਮੇਸੁਰੁ ਸੁਆਮੀ** | 199 |
| 115. | ਪ੍ਰਭਾਤੀ ਰਾਗ | 201 |
| 116. | ਸ਼ਬਦ ਸੁਰ ਲਿਪੀ : **ਅਵਲਿ ਅਲਹ ਨੂਰੁ ਉਪਾਇਆ** | 202 |
| 117. | ਪ੍ਰਭਾਤੀ ਬਿਭਾਸ ਰਾਗ | 204 |
| 118. | ਸ਼ਬਦ ਸੁਰ ਲਿਪੀ : **ਜਪਿ ਮਨ ਹਰਿ ਹਰਿ ਨਾਮੁ** | 205 |
| 119. | ਬਿਭਾਸ ਪ੍ਰਭਾਤੀ ਰਾਗ | 208 |
| 120. | ਸ਼ਬਦ ਸੁਰ ਲਿਪੀ : **ਮਰਨ ਜੀਵਨ ਕੀ ਸੰਕਾ ਨਾਸੀ** | 209 |
| 121. | ਪ੍ਰਭਾਤੀ ਦੱਖਣੀ ਰਾਗ | 211 |
| 122. | ਸ਼ਬਦ ਸੁਰ ਲਿਪੀ : **ਗੋਤਮੁ ਤਪਾ ਅਹਿਲਿਆ** | 212 |
| 123. | ਜੈਜਾਵੰਤੀ ਰਾਗ | 214 |
| 134. | ਸ਼ਬਦ ਸੁਰ ਲਿਪੀ : **ਰੇ ਮਨ ਕਉਨ ਗਤਿ ਹੋਇ ਹੈ ਤੇਰੀ** | 215 |
| | **ਪੁਸਤਕ ਵਿਚ ਪ੍ਰਯੋਗ ਕੀਤੇ ਗਏ ਤਾਲ** | 217 |
| | **ਅੰਤਿਕਾ (ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ)** | 219 |

# ਗੁਰਮਤਿ ਸੰਗੀਤ ਪਰੰਪਰਾ

ਗੁਰਮਤਿ ਸੰਗੀਤ ਸਦੀਆਂ ਪੁਰਾਤਨ ਸਿੱਖ ਧਰਮ ਦੀ ਮੌਲਿਕ ਸੰਗੀਤ ਪਰੰਪਰਾ ਹੈ, ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਨੇ ਮਰਿਆਦਤ ਰੂਪ ਵਿੱਚ ਪ੍ਰਚਾਰਿਆ। ਗੁਰਮਤਿ ਸੰਗੀਤ ਦੇ ਅੰਤਰਗਤ ਸ਼ਬਦ ਕੀਰਤਨ ਦੁਆਰਾ ਓਸ ਗੁਰੂ ਰੂਪ, *ਖਸਮ ਕੀ ਬਾਣੀ* ਦੇ ਇਲਾਹੀ ਸੰਦੇਸ਼ ਦਾ ਉਪਦੇਸ਼ ਸੰਚਾਰਿਤ ਹੁੰਦਾ ਹੈ । *ਸਿੱਖ ਧਰਮ ਵਿੱਚ ਸ਼ਬਦ ਕੀਰਤਨ ਨੂੰ ਮਰਿਆਦਤ ਰੂਪ ਵਿੱਚ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾਇਆ ਗਿਆ ਹੈ । ਸਦੀਆਂ ਤੋਂ ਸਿੱਖ ਧਰਮ ਵਿੱਚ ਵਿੱਚ ਪ੍ਰਚਲਿਤ ਕੀਰਤਨ ਪਰੰਪਰਾ ਮੂਲ ਰੂਪ ਵਿੱਚ ਇਕ ਵਿਸ਼ਾਲ ਸਰੂਪ ਵਿੱਚ ਪ੍ਰਗਟ ਹੁੰਦੀ ਹੈ । ਇਹ ਵਿਵਹਾਰਿਕ ਕੀਰਤਨ ਪਰੰਪਰਾ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਜਿਥੇ ਰਾਗਾਂ, ਗਾਇਨ ਰੂਪਾਂ ਦੁਆਰਾ ਵਿਸ਼ਿਸ਼ਟ ਕੀਰਤਨ ਪਰੰਪਰਾ ਵਜੋਂ ਅੰਕਿਤ ਕੀਤਾ ਗਿਆ ਹੈ ਉਥੇ ਬਾਣੀ ਦੇ ਵੱਖ-ਵੱਖ ਫੁਰਮਾਨ, ਸੰਗੀਤ ਸੰਕੇਤ, ਸਿਰਲੇਖ ਗੁਰਮਤਿ ਸੰਗੀਤ ਦਾ ਮੌਲਿਕ ਸੰਗੀਤ ਵਿਧਾਨ ਸਿਰਜ ਰਹੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ ਗੁਰਮਤਿ ਸਿਧਾਂਤ ਦੀ ਅਨੁਸਾਰੀ ਸੰਗੀਤ ਪਰੰਪਰਾ ਨੂੰ ਸੰਗੀਤ ਵਿਗਿਆਨਕ ਪਹੁੰਚ ਨਾਲ ਹੋਰ ਵਧੇਰੇ ਸਾਰਥਕ ਰੂਪ ਵਿੱਚ ਪਹਿਚਾਣਿਆ ਜਾ ਸਕਦਾ ਹੈ ।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਰਬਾਬੀ ਭਾਈ ਮਰਦਾਨਾ ਜੀ ਦੇ ਰੂਹਾਨੀ ਗੁਰ ਸ਼ਬਦ ਕੀਰਤਨ ਦੀ ਇਹ ਸਮੁੱਚੀ ਪਰੰਪਰਾ *ਗੁਰਮਤਿ ਸੰਗੀਤ* ਦੇ ਰੂਪ ਵਿੱਚ ਵਿਕਸਿਤ ਹੋਈ ਜੋ ਭਾਰਤੀ ਅਤੇ ਵਿਸ਼ਵ ਸੰਗੀਤ ਵਿੱਚ ਇਕ ਮੌਲਿਕ ਅਤੇ ਨਿਵੇਕਲੀ ਸੰਗੀਤ ਪੱਧਤੀ ਵਜੋਂ ਉਜਾਗਰ ਹੁੰਦੀ ਹੈ । ਬਾਣੀ ਵਿੱਚ ਗੁਰ-ਸ਼ਬਦ ਕੀਰਤਨ ਨੂੰ ਪ੍ਰਮੁੱਖ ਅਤੇ ਪ੍ਰਧਾਨ ਦਰਜਾ ਦਿੱਤਾ ਗਿਆ ਹੈ । ਗੁਰ ਫੁਰਮਾਨ ਹਨ :

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੭੫)

ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯੭)

ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਮਕਾਲੁ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੬੭)

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੦੦)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨਾਂ ਦੀ ਬਾਣੀ ਤੋਂ ਇਲਾਵਾ ਗੁਰੂ ਸਾਹਿਬਾਨ

---

* ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੮੨)

* ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੮)

* ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੨)

ਦੇ ਪੂਰਵ ਕਾਲੀਨ ਅਤੇ ਸਮਕਾਲੀਨ ਸੰਤਾਂ ਭਗਤਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਇਸ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਵਿਸ਼ੇਸ਼ ਵਿਧਾਨ ਦਾ ਅਨੁਸਾਰੀ ਬਣਾਇਆ ਗਿਆ ਹੈ ਜੋ ਰਾਗਾਂ ਅਨੁਸਾਰ ਬਾਣੀ ਦੇ ਵਰਗੀਕਰਣ ਤੋਂ ਪ੍ਰਤੱਖ ਹੈ । ਰਾਗਾਂ ਤੋਂ ਇਲਾਵਾ ਮਹਲਾ, ਅਸਟਪਦੀਆ, ਚਉਪਦੇ, ਛੰਤ, ਵਾਰ, ਆਲਾਹੁਣੀਆ, ਘੋੜੀਆ ਅਤੇ ਘਰੁ ਆਦਿ ਸਿਰਲੇਖ ਅਤੇ ਰਹਾਉ, ਅੰਕ, ਸੁਧੰਗ, ਜਤਿ ਵਰਗੇ ਸੰਕੇਤ ਗੁਰ ਸ਼ਬਦ ਕੀਰਤਨ ਲਈ ਸਾਡਾ ਮਾਰਗ ਦਰਸ਼ਨ ਕਰਦੇ ਹਨ । ਇਨ੍ਹਾਂ ਸਿਰਲੇਖਾਂ ਤੇ ਸੰਕੇਤਾਂ ਦੇ ਆਪਣੇ ਮੂਲ ਗੁਣ ਅਤੇ ਕਾਰਜ ਵਿਧੀ ਹੈ । ਇਹ ਵੱਖੋ-ਵੱਖਰੇ ਸੁਤੰਤਰ ਤੌਰ ਤੇ ਕਾਰਜ ਨਹੀਂ ਕਰ ਰਹੇ ਸਗੋਂ ਇਹ ਸ਼ਬਦ ਕੀਰਤਨ ਵਿੱਚ ਸਾਂਝੇ ਤੌਰ ਦੇ ਕਾਰਜਸ਼ੀਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਦੇ ਅੰਕਨ ਦੁਆਰਾ ਗੁਰੂ ਸਾਹਿਬਾਨਾਂ ਨੇ ਇਨ੍ਹਾਂ ਸਮੁੱਚੇ ਸਿਰਲੇਖਾਂ, ਸੰਕੇਤਾਂ ਅਨੁਸਾਰ ਸਾਨੂੰ ਕੀਰਤਨ ਕਰਨ ਦਾ ਆਦੇਸ਼ ਦਿੱਤਾ ਹੈ । ਗੁਰਮਤਿ ਅਨੁਸਾਰੀ ਗੁਰ ਸ਼ਬਦ ਕੀਰਤਨ ਵਿਧੀ ਕੀ ਹੈ ਇਹ ਸਮਝਣ ਅਤੇ ਬੂਝਣ ਲਈ ਬਾਣੀ ਵਿੱਚ ਥਾਂ ਪੁਰ ਥਾਂ ਅੰਕਿਤ ਇਨ੍ਹਾਂ ਸਿਰਲੇਖਾਂ, ਸੰਕੇਤਾਂ ਦੇ ਅਰਥਾਂ ਅਤੇ ਕਾਰਜ ਕਰਨ ਦੇ ਢੰਗ ਨੂੰ ਸੁਤੰਤਰ ਤੇ ਸਮੁੱਚੇ ਰੂਪ ਵਿੱਚ ਜਾਣਨਾ ਜ਼ਰੂਰੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਸਿਰਲੇਖਾਂ ਤੇ ਸੰਕੇਤਾਂ ਦਾ ਮਹੱਤਵ ਕੇਵਲ ਪਾਠ ਮਾਤਰ ਨਾ ਹੋ ਕੇ ਗੁਰ-ਸ਼ਬਦ ਕੀਰਤਨ ਵਾਸਤੇ ਬੁਨਿਆਦੀ ਤੌਰ ਤੇ ਲਾਜ਼ਮੀ ਹੈ ।

**ਰਾਗ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ ਤਤਕਰੇ ਅਨੁਸਾਰ ਮੁੱਖ ਰੂਪ ਵਿੱਚ ੩੧ ਰਾਗਾਂ ਅਧੀਨ ਵਰਗੀਕ੍ਰਿਤ ਕਰਦਿਆਂ ੩੧ ਹੋਰ ਰਾਗ ਪਰਕਾਰਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ । ਇਸ ਤਰ੍ਹਾਂ ਇਨ੍ਹਾਂ ਦੀ ਕੁਲ ਗਿਣਤੀ ੬੨ ਹੋ ਜਾਂਦੀ ਹੈ । ਬਾਣੀ ਉਪਰ ਰਾਗਾਂ ਦਾ ਇਹ ਅੰਕਣ ਸੰਬੰਧਿਤ ਬਾਣੀ ਨੂੰ ਨਿਰਧਾਰਤ ਰਾਗਾਂ ਵਿੱਚ ਗਾਉਣ ਦਾ ਸਪਸ਼ਟ ਸੰਕੇਤ ਹੈ । ਜਿਸ ਨੂੰ ਸਿੱਖ ਮਰਿਆਦਾ ਵਿੱਚ ਬੁਨਿਆਦੀ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ । ਰਾਗਾਂ ਸੰਬੰਧੀ ਗੁਰ ਫੁਰਮਾਨ ਹਨ:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੩)

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੮)

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੨੧)

ਗੁਰਮਤਿ ਸੰਗੀਤ ਪਰੰਪਰਾ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ੩੧ ਮੁੱਖ ਰਾਗਾਂ ਤੋਂ ੩੧ ਰਾਗ ਪਰਕਾਰਾਂ ਦੇ ਮੌਲਿਕ ਸਰੂਪ ਪਰਚਾਰ ਵਿੱਚ ਹਨ । ਇਨ੍ਹਾਂ ਵਿੱਚੋਂ ਬਹੁਤ ਸਾਰੇ ਰਾਗਾਂ ਦੇ ਸਰੂਪ ਦਾ ਭਾਰਤੀ ਸੰਗੀਤ ਦੇ ਗ੍ਰੰਥਾਂ ਤੇ ਵਿਵਹਾਰਕ ਪਰੰਪਰਾ ਵਿੱਚ ਕਿਤੇ ਉਲੇਖ ਨਹੀਂ । ਸਿੱਖ ਕੀਰਤਨਕਾਰਾਂ ਨੇ ੧੯ਵੀਂ ਸਦੀ ਦੇ ਅੰਤ ਤਕ ਹਿੰਦੁਸਤਾਨੀ ਸੰਗੀਤ ਦੇ ਕਾਫੀ ਥਾਟ ਦੇ ਸੁਰਾਂ ਤੋਂ ਬਿਲਾਵਲ ਥਾਟ ਦੇ ਸੁਰਾਂ ਵਿੱਚ ਪਰੰਪਰਾਗਤ ਮੌਲਿਕਤਾ ਨੂੰ ਵਿਵਹਾਰਕ ਰੂਪ ਵਿੱਚ ਕਾਇਮ ਰੱਖਿਆ। ਫਲਸਰੂਪ ਪੰਜ ਸੌ ਸਾਲ ਤੋਂ ਵੱਧ ਪੁਰਾਤਨ ਰਾਗ ਪਰੰਪਰਾ ਅੱਜ ਸਿੱਖ ਸੰਗੀਤ ਵਿਰਾਸਤ ਵਿੱਚ ਪਰਚਾਰ ਅਧੀਨ ਹੈ । ਇਹ ਰਾਗ ਸਰੂਪ ਜਿਥੇ ਗੁਰਮਤਿ ਸੰਗੀਤ ਦੇ ਮੌਲਿਕ ਰਾਗ ਸਰੂਪ ਹਨ ਉਥੇ ਇਹ ਸਮੁੱਚੀ ਭਾਰਤੀ ਸੰਗੀਤ ਦੀ ਰਾਗ

ਪਰੰਪਰਾ ਲਈ ਵੀ ਨਿਵੇਕਲਾ ਤੇ ਵਿਲੱਖਣ ਯੋਗਦਾਨ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ੩੧ ਮੁੱਖ ਰਾਗਾਂ ਅਤੇ ੩੧ ਰਾਗ ਪਰਕਾਰਾਂ ਅਧੀਨ ਰਾਗਾਂ ਦੇ ਵੱਖ-ਵੱਖ ਵਰਗ ਇਸ ਪ੍ਰਕਾਰ ਹਨ :

| ਰਾਗ ਦਾ ਨਾਂ | | ਰਾਗ ਪ੍ਰਕਾਰ | | ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ |
|---|---|---|---|---|
| ੧. | ਸਿਰੀ | _ | | ੧੪ |
| ੨. | ਮਾਝ | _ | | ੯੪ |
| ੩. | ਗਉੜੀ | _ | | ੧੫੧ |
| | | (ੳ) | ਗਉੜੀ ਗੁਆਰੇਰੀ (੧) | ੧੫੧ |
| | | (ਅ) | ਗਉੜੀ ਦਖਣੀ (੨) | ੧੫੨ |
| | | (ੲ) | ਗਉੜੀ ਚੇਤੀ (੩) | ੧੫੪ |
| | | (ਸ) | ਗਉੜੀ ਬੈਰਾਗਣਿ (੪) | ੧੫੬ |
| | | (ਹ) | ਗਉੜੀ ਪੂਰਬੀ ਦੀਪਕੀ (੫) | ੧੫੭ |
| | | (ਕ) | ਗਉੜੀ ਪੂਰਬੀ (੬) | ੨੪੨ |
| | | (ਖ) | ਗਉੜੀ ਦੀਪਕੀ (੭) | ੧੨ |
| | | (ਗ) | ਗਉੜੀ ਮਾਝ (੮) | ੧੭੨ |
| | | (ਘ) | ਗਉੜੀ ਮਾਲਵਾ (੯) | ੨੧੪ |
| | | (ਙ) | ਗਉੜੀ ਮਾਲਾ (੧੦) | ੨੧੪ |
| | | (ਚ) | ਗਉੜੀ ਸੋਰਠਿ (੧੧) | ੩੩੦ |
| | | _ | | ੩੪੭ |
| ੪. | ਆਸਾ | (ੳ) | ਆਸਾ ਕਾਫੀ (੧੨) | ੩੬੫ |
| | | (ਅ) | ਆਸਾਵਰੀ (੧੩) | ੪੦੯ |
| | | (ੲ) | ਆਸਾਵਰੀ (੧੪) | ੩੬੯ |
| ੫. | ਗੂਜਰੀ | _ | | ੪੮੯ |
| ੬. | ਦੇਵਗੰਧਾਰੀ | _ | | ੫੨੭ |
| | | (ੳ) | ਦੇਵਗੰਧਾਰ (੧੫) | ੫੩੧ |
| ੭. | ਬਿਹਾਗੜਾ | _ | | ੫੩੭ |
| ੮. | ਵਡਹੰਸੁ | _ | | ੫੫੭ |
| | | (ੳ) | ਵਡਹੰਸੁ ਦਖਣੀ (੧੬) | ੫੮੦ |
| ੯. | ਸੋਰਠਿ | _ | | ੫੯੫ |
| ੧੦. | ਧਨਾਸਰੀ | _ | | ੬੬੦ |
| ੧੧. | ਜੈਤਸਰੀ | _ | | ੬੯੬ |
| ੧੨. | ਟੋਡੀ | _ | | ੭੧੧ |
| ੧੩. | ਬੈਰਾੜੀ | _ | | ੭੧੯ |
| ੧੪. | ਤਿਲੰਗ | _ | | ੭੨੧ |
| | | (ੳ) | ਤਿਲੰਗ ਕਾਫੀ (੧੭) | ੭੨੬ |

| | | | |
|---|---|---|---|
| ੧੫. ਸੂਹੀ | – | | ੭੨੮ |
| | (ੳ) | ਸੂਹੀ ਕਾਫੀ (੧੮) | ੭੫੧ |
| | (ਅ) | ਸੂਹੀ ਲਲਿਤ (੧੯) | ੭੯੩ |
| ੧੬. ਬਿਲਾਵਲੁ | – | | ੭੯੪ |
| | (ੳ) | ਬਿਲਾਵਲੁ ਦਖਣੀ (੨੦) | ੮੪੩ |
| | (ਅ) | ਬਿਲਾਵਲੁ ਮੰਗਲ (੨੧) | ੮੪੪ |
| ੧੭. ਗੌਂਡ | – | | ੮੫੯ |
| | (ੳ) | ਬਿਲਾਵਲੁ ਗੌਂਡ | ੮੭੪ |
| ੧੮. ਰਾਮਕਲੀ | | | ੮੭੬ |
| | (ੳ) | ਰਾਮਕਲੀ ਦੱਖਣੀ (੨੩) | ੯੦੭ |
| ੧੯. ਨਟ ਨਾਰਾਇਨ | | | ੯੭੫ |
| | (ੳ) | ਨਟ (੨੪) | ੯੭੫ |
| ੨੦. ਮਾਲੀਗਉੜਾ | | | ੯੮੪ |
| ੨੧. ਮਾਰੂ | | | ੯੮੯ |
| | (ੳ) | ਮਾਰੂ ਕਾਫੀ (੨੫) | ੧੦੧੪ |
| | (ਅ) | ਮਾਰੂ ਦੱਖਣੀ (੨੬) | ੧੦੩੩ |
| ੨੨. ਤੁਖਾਰੀ | – | | ੧੧੦੭ |
| ੨੩. ਕੇਦਾਰਾ | – | | ੧੧੧੮ |
| ੨੪. ਭੈਰਉ | – | | ੧੧੨੫ |
| ੨੫. ਬਸੰਤ | – | | ੧੧੬੮ |
| | (ੳ) | ਬਸੰਤ ਹਿੰਡੋਲ (੨੭) | ੧੧੭੧ |
| ੨੬. ਸਾਰਗ | – | | ੧੧੯੭ |
| ੨੭. ਮਲਾਰ | – | | ੧੧੫੪ |
| ੨੮. ਕਾਨੜਾ | – | | ੧੨੯੪ |
| ੨੯. ਕਲਿਆਨ | | | ੧੩੧੯ |
| | (ੳ) | ਕਲਿਆਨ ਭੋਪਾਲੀ (੨੮) | ੧੩੨੧ |
| ੩੦. ਪ੍ਰਭਾਤੀ | | | ੧੩੨੭ |
| | (ੳ) | ਪ੍ਰਭਾਤੀ ਬਿਭਾਸ (੨੯) | ੧੩੪੩ |
| | (ਅ) | ਪ੍ਰਭਾਤੀ ਦੱਖਣੀ (੩੦) | ੧੩੪੭ |
| | (ੲ) | ਬਿਭਾਸ ਪ੍ਰਭਾਤੀ (੩੧) | ੧੩੪੭ |
| ੩੧. ਜੈਜਾਵੰਤੀ | – | | ੧੩੫੨ |


ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚਲੇ ਇਨ੍ਹਾਂ ਰਾਗਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕਰ ਸਕਦੇ ਹਾਂ।

ਸ਼ੁੱਧ ਰਾਗ : ਸ਼ੁੱਧ ਰਾਗ ਉਹ ਹਨ ਜਿਨ੍ਹਾਂ ਵਿੱਚ ਕਿਸੇ ਹੋਰ ਰਾਗ ਦੀ ਛਾਇਆ ਜਾਂ

ਝਲਕ ਨਹੀਂ ਅਤੇ ਆਪਣਾ ਸੁਤੰਤਰ, ਸਪੱਸ਼ਟ ਤੇ ਪ੍ਰਧਾਨ ਸਰੂਪ ਰੱਖਦੇ ਹਨ। ਸਿਰੀ, ਮਾਝ, ਗਾਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ ਆਦਿ ਸ਼ੁੱਧ ਰਾਗ ਹਨ। ਬਾਣੀ ਵਿੱਚ ਇਨ੍ਹਾਂ ਨੂੰ ਮੁੱਖ ਸਿਰਲੇਖ ਵੱਜੋਂ ਅੰਕਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਪ੍ਰਕਾਰ ਇਨ੍ਹਾਂ ਮੁੱਖ ਰਾਗ ਸਿਰਲੇਖਾਂ ਅਧੀਨ ਅੰਕਿਤ ਕੀਤੇ ਗਏ ਹਨ। ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵੀ ਇਹੋ ਕ੍ਰਮ ਹੈ ਅਤੇ ਪੂਰਵ ਦਰਜ ਤਤਕਰੇ ਵਿੱਚ ਵੀ ਮੁੱਖ ਰਾਗਾਂ ਦੇ ਨਾਮ ਦਿੱਤੇ ਗਏ ਹਨ।

ਛਾਇਆਲਗ ਰਾਗ : ਛਾਇਆਲਗ ਰਾਗ ਉਹ ਹਨ ਜਿਨ੍ਹਾਂ ਵਿੱਚ ਕਿਸੇ ਰਾਗ ਦੀ ਮੁੱਖ ਜਾਂ ਪ੍ਰਧਾਨ ਛਾਇਆ ਪ੍ਰਤੀਤ ਹੁੰਦੀ ਹੈ। ਅਜਿਹੇ ਰਾਗਾਂ ਵਿੱਚ ਜਿਸ ਪ੍ਰਧਾਨ ਰਾਗ ਦੀ ਛਾਇਆ ਦ੍ਰਿਸ਼ਟੀਗੋਚਰ ਹੁੰਦੀ ਹੈ ਉਹ ਸੰਬੰਧਤ ਉਸ ਰਾਗ ਦੇ ਪ੍ਰਕਾਰ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਰਾਗਾਂ ਵਿੱਚੋਂ ਦੋ ਰਾਗਾਂ ਦੇ ਮਿਸ਼ਰਣ ਦ੍ਰਿਸ਼ਟੀਗੋਚਰ ਹੁੰਦਾ ਹੈ। ਬਾਣੀ ਵਿੱਚ ਉਪਰੋਕਤ ਵਰਣਿਤ ਸ਼ੁੱਧ ਰਾਗਾਂ ਅਧੀਨ ਉਨ੍ਹਾਂ ਦੇ ਪ੍ਰਕਾਰ ਵੀ ਉਪਲਬਧ ਹਨ ਜਿਹੜੇ ਉਨ੍ਹਾਂ ਦੇ ਛਾਇਆਲਗ ਰਾਗ ਹਨ : ਜਿਵੇਂ : ਗਉੜੀ, ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਸੂਹੀ ਕਾਫੀ, ਮਾਰੂ ਕਾਫੀ, ਬਸੰਤ ਹਿੰਡੋਲ ਅਤੇ ਪ੍ਰਭਾਤੀ ਬਿਭਾਸੀ ਆਦਿ।

ਸੰਕੀਰਣ ਰਾਗ : ਸੰਕੀਰਣ ਰਾਗ ਅਧੀਨ ਕਿਸੇ ਮੁੱਖ ਜਾਂ ਪ੍ਰਧਾਨ ਰਾਗ ਅਧੀਨ ਦੋ ਜਾਂ ਦੋ ਤੋਂ ਵਧੀਕ ਰਾਗਾਂ ਦਾ ਮਿਸ਼ਰਣ ਹੁੰਦਾ ਹੈ। ਬਾਣੀ ਵਿੱਚ ਅਜਿਹਾ ਕੇਵਲ ਇਕੋ ਹੀ ਰਾਗ ਗਉੜੀ ਪੂਰਬੀ ਦੀਪਕੀ ਅੰਕਿਤ ਹੈ।

ਦੱਖਣੀ ਰਾਗ : ਮੱਧ ਕਾਲ ਵਿੱਚ ਭਾਰਤੀ ਸੰਗੀਤ ਵਿਦੇਸ਼ੀ ਹਮਲਿਆ ਦੇ ਕਾਰਣ ਦੋ ਪੱਧਤੀਆਂ ਹਿੰਦੁਸਤਾਨੀ ਜਾਂ ਉੱਤਰੀ ਭਾਰਤੀ ਸੰਗੀਤ ਅਤੇ ਕਰਨਾਟਕੀ ਜਾਂ ਦੱਖਣੀ ਭਾਰਤ ਸੰਗੀਤ ਅਧੀਨ ਵਿਭਾਜਤ ਹੋ ਚੁੱਕਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ *ਧੁਰ ਕੀ ਬਾਣੀ* ਨੂੰ ਲੋਕਾਈ ਤਕ ਪਹੁੰਚਾਉਣ ਲਈ ਸਾਰੇ ਵਿਭਿੰਨ ਸਥਾਨਾਂ ਦਾ ਰਟਨ ਕੀਤਾ ਜੋ ਚਾਰ ਉਦਾਸੀਆਂ ਦੇ ਨਾਲ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੇ ਅੰਤਰਗਤ ਆਪ ਦੱਖਣੀ ਭਾਰਤ ਵੀ ਗਏ ਅਤੇ ਉਥੇ ਦੇ ਸਭਿਆਚਾਰ, ਭਾਸ਼ਾ ਅਤੇ ਸੰਗੀਤ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਖਣੀ ਭਾਰਤ ਦੇ ਰਾਗਾਂ ਨੂੰ ਆਪਣੀ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤਾ। ਜੋ ਓਂਕਾਰ ਬਾਣੀ ਤੋਂ ਪ੍ਰਤੱਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੀ ਦੱਖਣੀ ਰਾਗ ਪ੍ਰਯੋਗ ਕੀਤੇ ਗਏ ਹਨ ਜਿਵੇਂ ਕਿ : ਗਉੜੀ ਦੱਖਣੀ, ਵਡਹੰਸ ਦੱਖਣੀ, ਮਾਰੂ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਪਰਭਾਤੀ ਦੱਖਣੀ।

ਸਨਾਤਨੀ ਰਾਗ : ਗੁਰੂ ਸਾਹਿਬਾਨ ਨੇ ਬਾਣੀ ਦੀ ਸਫਲ ਪ੍ਰਸਤੁਤੀ ਹਿਤ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵੀਂ ਸਾਂਝ ਅਤੇ ਭਾਵਾਤਮਕ ਪੱਧਰ ਉਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਆਪ ਨੇ ਬਾਣੀ ਦੇ ਗਾਇਨ ਲਈ ਪ੍ਰਯੋਗ ਕੀਤੇ ਗਏ ਸਨਾਤਨੀ ਕਾਵਿ ਰੂਪਾਂ ਲਈ ਸ਼ੁੱਧ ਰੂਪ ਵਿੱਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਵੀ ਕੀਤਾ ਹੈ। ਉਦਾਹਰਣ ਦੇ ਤੌਰ ਤੇ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਦਾ ਪ੍ਰਯੋਗ ਸਿਰੀ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਰਾਗਾਂ ਅਧੀਨ ਕੀਤਾ ਗਿਆ ਹੈ।

ਦੇਸੀ ਰਾਗ : ਦੇਸੀ ਰਾਗ ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ ਪਰੰਪਰਾ ਵਿੱਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕੀਤਾ ਹੈ । ਉਦਾਹਰਣ ਦੇ ਤੌਰ ਤੇ ਮਾਝ, ਆਸਾ, ਆਸਾ ਕਾਫੀ, ਬਿਹਾਗੜਾ, ਤਿਲੰਗ, ਸੂਹੀ, ਮਾਰੂ, ਤੁਖਾਰੀ ਦੇਸੀ ਰਾਗ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ।

ਮੌਸਮੀ ਰਾਗ : ਮੌਸਮੀ ਰਾਗ ਗੁਰਮਤਿ ਸੰਗੀਤ ਅੰਤਰਗਤ ਕੁਝ ਰਾਗ ਇਸ ਤਰ੍ਹਾਂ ਦੇ ਮਿਲਦੇ ਹਨ ਜੋ ਮੌਸਮ ਨਾਲ ਸੰਬੰਧਿਤ ਹਨ । ਇਨ੍ਹਾਂ ਰਾਗਾਂ ਦਾ ਗਾਇਨ ਵੀ ਸੰਬੰਧਿਤ ਮੌਸਮ ਵਿੱਚ ਹਰ ਸਮੇਂ ਕਰਨ ਦੀ ਪ੍ਰਥਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਬਸੰਤ ਅਤੇ ਮਲ੍ਹਾਰ ਇਸ ਸ਼੍ਰੇਣੀ ਦੇ ਵਿਸ਼ੇਸ਼ ਰਾਗ ਹਨ ।

- ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੧)
- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੮)
- ਰੁਤਿ ਆਇਲੇ ਸਰਸ ਬਸੰਤ ਮਾਹਿ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੮)
- ਬਸੰਤੁ ਚੜਿਆ ਫੂਲੀ ਬਨਰਾਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭੬)

- ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
  ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ ੧੨੫੪)
  ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥
  ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੩)
- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੯)
- ਊਂਨਵ ਊਂਨਵਿ ਆਇਆ ਵਰਸੈ ਲਾਇ ਝੜੀ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੦)
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੫)
- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੩)

ਰਾਗ ਧਿਆਨ ਪਰੰਪਰਾ : ਭਾਰਤੀ ਸੰਗੀਤ ਵਿੱਚ ਰਾਗ ਦੇ ਭਾਵਾਤਮਕ ਤੇ

ਤਕਨੀਕੀ ਦੋਵੇਂ ਰੂਪ ਸਵੀਕਾਰੇ ਜਾਂਦੇ ਹਨ। ਆਪਣੇ ਇਨ੍ਹਾਂ ਗੁਣਾਂ ਕਰਕੇ ਹੀ ਇਹ ਭਾਰਤੀ ਸੰਗੀਤ ਦੀ ਕੇਂਦਰੀਕਾਰੀ ਸ਼ਕਤੀ ਵਜੋਂ ਉਜਾਗਰ ਹੁੰਦਾ ਹੈ। ਇਸ ਦੇ ਨਾਲ ਹੀ ਇਹ ਵੀ ਸਰਬ ਪ੍ਰਵਾਣਿਤ ਹੈ ਕਿ ਰਾਗ ਦਾ ਸਰੂਪ ਅਮੂਰਤ ਹੈ, ਇਸ ਨੂੰ ਮੂਰਤੀਮਾਨ ਕਰਨ ਲਈ ਕਾਵਿ ਅਤੇ ਧਿਆਨ (ਰਾਗ ਚਿੱਤਰ) ਨਾਲ ਜੋੜਿਆ ਜਾਂਦਾ ਹੈ। ਰਾਗ ਦਾ ਸਰੂਪ ਭਾਵੇਂ ਨਾਦਾਤਮਕ ਤੇ ਸੰਗੀਤਕ ਤੱਤਾਂ ਦੇ ਉਪਕਰਣਾਂ ਨਾਲ ਪ੍ਰਤੱਖ ਹੋਣਾ ਹੈ ਪਰ ਇਸ ਦੇ ਨਾਲ ਹੀ ਇਸ ਅਮੂਰਤ ਰੂਪ ਦਾ ਸੁਰਾਤਮਕ ਸਿਰਜਣ ਤੇ ਸਹੀ ਪ੍ਰਗਟਾ ਰਾਗ ਪ੍ਰਤਿ ਤਿਆਰ ਕੀਤੇ ਗਏ ਇਨ੍ਹਾਂ ਨਕਸ਼ਾਂ ਦੀ ਟੋਹ (ਕਾਵਿ ਤੇ ਧਿਆਨ) ਦੁਆਰਾ ਹੀ ਸੰਭਵ ਹੋ ਸਕਦਾ ਹੈ। ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿੱਚ ਰਾਗ ਦੇ ਪ੍ਰਯੋਗ ਦੀ ਮੂਲ ਭਿੰਨਤਾ ਇਥੋ ਪ੍ਰਗਟ ਹੋ ਜਾਂਦੀ ਹੈ ਕਿਉਂਕਿ ਬਾਣੀ ਰਾਗ ਨੂੰ ਉਸ ਪਰਮਾਤਮਾ ਦੇ ਨਾਮ ਸ਼ਬਦ ਆਧਾਰਿਤ ਕਰਦੀ ਹੈ। ਬਾਣੀ ਵਿੱਚ ਰਾਗ ਦੀ ਭਾਵਾਤਮਕ ਟੋਹ ਭਾਰਤੀ ਸੰਗੀਤ ਕਾਵਿ ਤੇ ਧਿਆਨ (ਚਿੱਤਰ) ਦੁਆਰਾ ਉਜਾਗਰ ਨਹੀਂ ਹੁੰਦੀ ਸਗੋਂ ਬਾਣੀ ਨੇ ਇਸ ਨੂੰ ਭਾਵਾਤਮਕ ਸੇਧ ਪ੍ਰਧਾਨ ਕਰਨੀ ਹੈ।

ਬਾਣੀ ਵਿੱਚ ਰਾਗ ਨੂੰ ਅਧਿਆਤਮਕ ਪ੍ਰਯੋਜਨ ਅਧੀਨ ਨਵੀਨ ਅਰਥਾਂ ਅਤੇ ਵਿਲੱਖਣ ਸੰਭਾਵਨਾਵਾਂ ਚ ਪ੍ਰਯੋਗ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਵਿੱਚੋਂ ਇਸ ਦੀ ਉਦਾਹਰਣ ਇਸ ਪ੍ਰਕਾਰ ਹੈ ਜਿਸ ਅਧੀਨ ਸੋਰਠਿ ਦੇ ਭਾਰਤੀ ਸੰਗੀਤ ਵਿੱਚ ਰਾਗ ਧਿਆਨ ਦੇ ਸਮਾਨੰਤਰ ਰਾਗ ਸੋਰਠਿ ਨੂੰ ਅਧਿਆਤਮਕ ਪ੍ਰਯੋਜਨ ਅਧੀਨ ਨਵੀਨ ਅਰਥ ਪ੍ਰਦਾਨ ਕਰਦਾ ਹੈ।

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥
ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥
ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥
ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥
ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥
ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੨)

ਉਪਰੋਕਤ ਸ਼ਬਦ ਵਿੱਚ ਸੋਰਠਿ ਨੂੰ ਇਕ ਇਸਤਰੀ ਦੇ ਰੂਪ ਵਿੱਚ ਚਿੱਤਰਿਆ ਗਿਆ ਹੈ ਜਿਸ ਨੇ ਪਤੀ ਪਰਮੇਸਰ ਨੂੰ ਰਿਝਾਉਣਾ, ਮਨ ਵਿੱਚ ਵਸਾਉਣਾ ਹੈ, ਸੇਵਾ ਕਰਨੀ ਹੈ, ਮਨ ਦੀਆਂ ਬੁਰਿਆਈਆਂ ਦਾ ਖਾਤਮਾ ਕਰਨਾ ਹੈ, ਨਾਮ ਦਾ ਸ਼ਿੰਗਾਰ ਕਰਨਾ ਹੈ, ਵਿਕਾਰਾਂ ਤੋਂ ਉਪਰ ਉਠਣਾ ਹੈ, ਅਜਿਹੀ ਇਸਤਰੀ ਨੂੰ ਹੀ ਪ੍ਰਭੂ ਪਰਮੇਸ਼ਰ ਦੇ ਪਿਆਰ ਦੀ ਬਖ਼ਸ਼ਿਸ਼ ਹੁੰਦੀ ਹੈ ਅਤੇ ਉਸਦੇ ਮਸਤਕ ਉਤੇ ਭਾਗਾਂ ਦਾ ਟਿੱਕਾ ਲੱਗਦਾ ਹੈ ਭਾਵ ਭਾਗ ਜਾਗਦੇ ਹਨ।

ਸੰਗੀਤ ਦਰਪਣ ਵਿੱਚ ਅੰਕਿਤ ਸੋਰਠਿ (ਸੰਗੀਤ) ਦਾ ਧਿਆਨ ਇਸ ਪ੍ਰਕਾਰ ਹੈ "ਜਿਸਨੇ ਉਚੇ ਅਤੇ ਪੁਸ਼ਟ ਸਰੀਰ ਉਤੇ ਸੁੰਦਰ ਹਾਰ (ਗਹਿਣੇ) ਪਹਿਨ ਰੱਖੇ ਹਨ। ਜਿਸ ਦਾ ਚਿਤ, ਕੰਨ ਵਿੱਚ ਪਹਿਨੈ ਹੋਏ ਕਮਲ ਦੇ ਆਸ ਪਾਸ ਮੰਡਰਾ ਰਹੇ ਭੰਵਰੇ ਦੀ ਗੁੰਜਾਰ ਕਰਨ ਕਰਕੇ ਉਚਾਟ ਹੋ ਗਿਆ ਹੈ। ਜਿਸ ਦੀ ਬਾਂਹ ਸਥਿਰ ਹੋ ਗਈ ਹੈ ਅਤੇ ਜੋ ਆਪਣੇ ਪ੍ਰੀਤਮ ਪਿਆਰੇ ਕੋਲ ਜਾ ਰਹੀ ਹੈ।" (ਸੰਗੀਤ ਦਰਪਣ, ਸ਼ਲੋਕ ੮੬)

ਇਸ ਰਾਗ ਧਿਆਨ ਵਿੱਚ ਇਸਤਰੀ ਦੀ ਸੁੰਦਰਤਾ, ਸ਼ਿੰਗਾਰ, ਮਨ ਭੰਵਰੇ ਦੀ ਗੁੰਜਾਰ ਕਰਨ ਉਚਾਟ, ਪ੍ਰੀਤਮ ਨੂੰ ਮਿਲਣ ਲਈ ਜਾਣਾ ਆਦਿ ਵਰਗੇ ਵਰਣਨ ਅਤੇ ਗੁਰੂ ਨਾਨਕ

ਬਾਣੀ ਦੇ ਸੋਰਠਿ ਸੰਬੰਧੀ ਸਲੋਕ ਵਿੱਚ ਪ੍ਰਭੂ ਪ੍ਰੇਮ ਦੇ ਪ੍ਰਸੰਗ ਵਿੱਚ ਜੀਵ ਰੂਪੀ ਇਸਤਰੀ ਪਤੀ ਪਰਮੇਸ਼ਰ ਨੂੰ ਰਿਝਾਉਣ ਲਈ ਉਪਦੇਸ਼ ਦੇ ਵਰਣਨ ਤੋਂ ਸਾਨੂੰ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਗਏ ਪ੍ਰਯੋਗ ਜਿਥੇ ਸੁਰਾਤਮਕ ਤੇ ਰਸਾਤਮਕ ਬੋਧ ਦੇ ਧਾਰਣੀ ਹਨ ਉਥੇ ਇਸਦੇ ਭਾਵਾਤਮਿਕ ਧਿਆਨ ਨੂੰ ਵੀਂ ਅੱਖੋਂ ਪਰੋਖੇ ਨਹੀਂ ਕੀਤਾ ਗਿਆ। ਭਾਰਤੀ ਸੰਗੀਤ ਅਧੀਨ ਪ੍ਰਚਲਿਤ ਰਾਗ ਧਿਆਨ, ਰਾਗਾਂ ਦੇ ਧਿਆਨ ਸੰਦਰਭ ਵਿੱਚ ਵੇਖੀਏ ਤਾਂ ਅਜਿਹਾ ਪ੍ਰਯੋਗ ਬਾਣੀ ਦੀ ਵਿਲੱਖਣਤਾ ਹੈ ਜੋ ਇਸਦੇ ਰਾਗ ਪ੍ਰਬੰਧ ਦੀ ਵਿਗਿਆਨਕਤਾ ਦਾ ਇਕ ਅਨੁਪਮ ਨਮੂਨਾ ਹੈ।

ਮਧਕਾਲ ਵਿੱਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਣ ਦੇ ਬਹੁਪਰਤੀ ਝਮੇਲਿਆਂ ਨੂੰ ਇਕ ਦਿਸ਼ਾ ਪ੍ਰਦਾਨ ਕਰਨ ਲਈ ਗੁਰੂ ਸਾਹਿਬ ਨੇ ਸਮੂਹ ਰਾਗਾਂ ਲਈ ਕੇਵਲ ਰਾਗੁ ਸ਼ਬਦ ਦਾ ਹੀ ਪ੍ਰਯੋਗ ਕੀਤਾ। ਅਜਿਹਾ ਪ੍ਰਯੋਗ ਸਾਧਾਰਣ ਅਰਥੀ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਸਮਕਾਲੀਨ ਅਰਥਾਂ ਵਿੱਚ ਰਾਗਾਂ ਤੇ ਰਾਗਣੀਆਂ ਦਾ ਪ੍ਰਯੋਗ ਖੁਲ ਕੇ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਇਸਤਰੀ ਪੁਰਖ ਸੁਭਾਵਾਂ ਦੁਆਰਾ ਚਿਤਰਤ ਵੀ ਕੀਤਾ ਗਿਆ ਹੈ। ਇਨ੍ਹਾਂ ਦਾ ਸੁਭਾਅਗਤ ਕਾਇਆ ਮਾਇਆ ਤੋਂ ਉਲਟ ਗੁਰੂ ਸਾਹਿਬ ਜਦੋਂ 'ਰਾਗ' ਸ਼ਬਦ ਦਾ ਪ੍ਰਯੋਗ ਕਰ ਰਹੇ ਹਨ ਤਾਂ ਉਹ ਇਕ ਪਰੰਪਰਾਗਤ ਵਡੇਰੀ ਧਾਰਨਾ ਨੂੰ ਨਕਾਰ ਕੇ ਨਵੀਆਂ ਲੀਹਾਂ ਪਾਉਣ ਪ੍ਰਤੀ ਵੀ ਰੁਚਿਤ ਹਨ। ਸੰਗੀਤ ਇਤਿਹਾਸ ਗਵਾਹ ਹੈ ਕਿ ਬਾਅਦ ਵਿੱਚ ਇਹੀ ਪਰੰਪਰਾ ਬਾਅਦ ਵਿੱਚ ਆਪਣੇ ਵਿਵਾਦਾਂ ਦੇ ਭਾਰ ਥੱਲੇ ਪ੍ਰਯੋਗ ਵਿਹੂਣੀ ਹੋ ਗਈ ਅਤੇ ਇਨ੍ਹਾਂ ਦਾ ਸਥਾਨ ਰਾਗ ਵਰਗੀਕਰਣ ਦੇ ਹੋਰ ਵਿਗਿਆਨਕ ਰੂਪਾਂ ਨੇ ਲੈ ਲਿਆ ਹੈ।

**ਗਾਇਨ ਰੂਪ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਪਰ ਰਾਗਾਂ ਦੇ ਨਾਲ ਵੱਖ-ਵੱਖ ਬਾਣੀ ਰੂਪਾਂ ਦੇ ਸਿਰਲੇਖ ਵੀ ਦਿੱਤੇ ਗਏ ਹਨ ਜਿਵੇਂ ਅਸ਼ਟਪਦੀ, ਚਉਪਦੇ, ਘੋੜੀਆਂ, ਅਲਾਹੁਣੀਆਂ, ਵਾਰਾਂ ਆਦਿ। ਬਾਣੀ ਵਿਧਾਨ ਦੇ ਅੰਤਰਗਤ ਇਹ ਬਾਣੀ ਰੂਪ ਕੇਵਲ ਕਾਵਿਕ ਜਾਮੇ ਦੇ ਧਾਰਨੀ ਨਹੀਂ ਸਗੋਂ ਇਨ੍ਹਾਂ ਦੇ ਵਿਸ਼ੇਸ਼ ਗਾਇਨ ਰੂਪ ਵੀ ਹਨ ਜਿਨ੍ਹਾਂ ਦਾ ਵਿਸ਼ੇਸ਼ ਵਿਧੀ ਵਿਧਾਨ ਹੈ। ਗੁਰੂ ਸਾਹਿਬਾਨ ਨੇ ਗਾਇਨ ਦੀ ਸਨਾਤਨੀ (ਭਾਵ ਸ਼ਾਸਤਰੀ) ਤੇ ਦੇਸੀ (ਭਾਵ ਲੋਕ ਸੰਗੀਤ) ਪਰੰਪਰਾ ਵਿੱਚ ਪ੍ਰਚਲਿਤ ਵਿਭਿੰਨ ਗਾਇਨ ਰੂਪਾਂ ਦਾ ਪ੍ਰਯੋਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕੀਤਾ ਹੈ ਪਰੰਤੂ ਇਨ੍ਹਾਂ ਨੂੰ ਰਾਗ, ਰਹਾਉ, ਅੰਕ ਆਦਿ ਵਰਗੇ ਸੰਗੀਤਕ ਤੱਤਾਂ ਉਤੇ ਉਸੇ ਗੁਰਮਤਿ ਸੰਗੀਤ ਵਿਧਾਨ ਦਾ ਅਨੁਸਾਰੀ ਵੀ ਬਣਾਇਆ ਹੈ। ਇਸ ਵਿਧਾਨ ਵਿੱਚ ਸ਼ਾਸਤਰੀ ਸੰਗੀਤ ਦੇ ਗਾਇਨ ਰੂਪਾਂ ਨੂੰ ਉਨ੍ਹਾਂ ਦੀ ਕਲਾ ਮੁਖੀ ਕਠੋਰ ਅਨੁਸ਼ਾਸਿਤ ਪਕੜ ਤੋਂ ਮੁਕਤ ਕਰ, ਗੁਰਮਤਿ ਸੰਗੀਤ ਵਿਧਾਨ ਦੇ ਅਨੁਸਾਰੀ ਬਣਾਕੇ ਸਹਿਜ ਰੂਪ ਪ੍ਰਦਾਨ ਕੀਤਾ ਗਿਆ ਹੈ। ਏਸੇ ਤਰ੍ਹਾਂ ਲੋਕ ਸੰਗੀਤ ਦੇ ਗਾਇਨ ਰੂਪਾਂ ਦੀ ਆਪ ਮੁਹਾਰੀ ਖੁੱਲ ਨੂੰ ਗੁਰਮਤਿ ਸੰਗੀਤ ਵਿਧਾਨ ਦੁਆਰਾ ਸਹਿਜ ਅਨੁਸ਼ਾਸਨ ਵਿੱਚ ਬੰਨਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਅਸ਼ਟਪਦੀ, ਪਦੇ ਅਤੇ ਪੜਤਾਲ ਆਦਿ ਹਨ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਵਾਰ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਹਨ। ਲੋਕ ਅੰਗ ਦੀਆਂ ਗਾਇਨ ਸ਼ੈਲੀਆਂ ਵਿੱਚ ਵਾਰ ਗਾਇਨ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਰਾਗਾਂ ਅਧੀਨ ਅੰਕਿਤ ਵਿਭਿੰਨ ਵਾਰਾਂ ਨੂੰ ਲੋਕ ਵਾਰਾਂ ਦੀਆਂ ਪਰੰਪਰਾਗਤ ਵਾਰ ਧੁਨੀਆਂ ਦੇ ਸਿਰਲੇਖ ਗਾਇਨ ਹਿਤ ਅੰਕਿਤ

ਕੀਤੇ ਗਏ ਹਨ।

੧. ਸਿਰੀ ਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

੨. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭)

੩. ਗਉੜੀ ਕੀ ਵਾਰ ਮਹਲਾ ੪ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੦)

੪. ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੮)

੫. ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੨)

੬. ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦੮)

੭. ਰਾਗੁ ਗੂਜਰੀ ਵਾਰ ਮਹਲਾ ੫
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੭)

੮. ਬਿਹਾਗੜੇ ਕੀ ਵਾਰ ਮਹਲਾ ੪
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੪੮)

੯. ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੫)

੧੦. ਰਾਗੁ ਸੋਰਠਿ ਵਾਰ ਮਹਲੇ ੪ ਕੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੨)

੧੧. ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੦੫)

੧੨. ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੫)

੧੩. ਬਿਲਾਵਲ ਕੀ ਵਾਰ ਮਹਲਾ ੪ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੯)

੧੪. ਰਾਮਕਲੀ ਕੀ ਵਾਰ ਮਹਲਾ ੩ ॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੭)

੧੫. ਰਾਮਕਲੀ ਕੀ ਵਾਰ ਮਹਲਾ ੫
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੭)

੧੬. ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬੬)

੧੭. ਮਾਰੂ ਵਾਰ ਮਹਲਾ ੩
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੬)

੧੮. ਮਾਰੂ ਵਾਰ ਮਹਲਾ ੫ ਡਖਣੇ ਮ: ੫
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੪)

੧੯. ਬਸੰਤ ਕੀ ਵਾਰ ਮਹਲੁ ੫
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੩)

੨੦. ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੭)

੨੧. ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੮)

੨੨. ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧੨)

**ਅੰਕ** : ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਬਾਣੀ ਵਿੱਚ ਹਰ ਸ਼ਬਦ ਵਿੱਚ ਤੁਕਾਂ ਦੀ ਵੰਡ ਲਈ ਥਾ ਪੁਰ ਥਾ ਵਿਭਿੰਨ ੧, ੨, ੩, ੪ ਆਦਿ ਅੰਕ ਅੰਕਿਤ ਕੀਤੇ ਗਏ ਹਨ। ਸ਼ਬਦ ਵਿੱਚ ਰਹਾਉ ਦੀ ਤੁਕ ਤੋਂ ਬਿਨਾਂ ਹੋਰ ਬਾਕੀ ਦੀ ਤੁਕਾਂ ਦੀ ਸਮਾਪਤੀ ਉਤੇ ੧, ੨, ੩, ੪ ਆਦਿ ਦੇ ਰੂਪ ਵਿੱਚ ਅੰਕਿਤ ਹਨ । ਇਹ ਅੰਕ ਕਿਸੇ ਵੀ ਸ਼ਬਦ ਇਕਾਈ ਨੂੰ ਕ੍ਰਮ ਪ੍ਰਦਾਨ ਕਰਦੇ ਹੋਏ ਸ਼ਬਦ ਵਿਚਲੇ ਭਾਵਾਂ ਨੂੰ ਕ੍ਰਮਵਾਰ ਪੇਸ਼ ਕਰਨ ਵਿੱਚ ਸਹਾਈ ਹੁੰਦੇ ਹਨ। ਇਹ ਅੰਕ ਅੰਤਰਿਆਂ ਦੇ ਸੂਚਕ ਹਨ । ਸ਼ਬਦ ਕੀਰਤਨ ਵਿੱਚ ਰਹਾਉ ਦੀ ਪੰਕਤੀ ਜਿਸ ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ, ਦਾ ਗਾਇਨ ਜਿਵੇਂ ਕਿ ਸਥਾਈ ਵਜੋਂ ਕਰਨਾ ਹੁੰਦਾ ਹੈ । ਸਥਾਈ ਦਾ ਗਾਇਨ ਸ਼ਬਦ ਦੇ ਆਰੰਭ ਵਿਚ ਅਤੇ ਹਰ ਅੰਤਰੇ ਤੋਂ ਬਾਅਦ ਕੀਤਾ ਜਾਂਦਾ ਹੈ । ਸ਼ਬਦ ਦੇ ਅੰਤਰਿਆਂ ਲਈ ੧, ੨, ੩, ੪ ਆਦਿ ਅੰਕ ਅੰਤਰੇ ਦੇ ਪੂਰਣ ਹੋਣ ਦਾ ਸੂਚਕ ਵੀ ਹਨ । ਭਾਵ ਉਥੋਂ ਤਕ ਤੁਕ/ਤੁਕਾਂ ਨੂੰ ਸੰਪੂਰਨ ਰੂਪ ਵਿੱਚ ਗਾਉਣਾ ਹੈ । ਅੰਤਰਿਆਂ ਦੇ ਰੂਪ ਵਿੱਚ ਸ਼ਬਦ ਦੀਆਂ ਤੁਕਾਂ ਪ੍ਰਸਤੁਤ ਸ਼ਬਦ ਭਾਵ ਨੂੰ ਹੋਰ ਵਧੇਰੇ ਸਮਝਣ, ਸਮਾਧਾਨ, ਪ੍ਰਮਾਣ ਅਤੇ ਦਲੀਲ ਦੇ ਰੂਪ ਵਿੱਚ ਅੰਕਾਂ ਦੇ ਅੰਕਣ ਦੁਆਰਾ ਸਹਾਇਕ ਸਿੱਧ ਹੁੰਦੀਆਂ ਹਨ ।

**ਰਹਾਉ** : ਗੁਰ ਸ਼ਬਦ ਕੀਰਤਨ ਮਰਿਆਦਾ ਦੇ ਅੰਤਰਗਤ ਸ਼ਬਦ ਗਾਇਨ ਪ੍ਰਸਤੁਤੀ ਵਿੱਚ 'ਰਹਾਉ' ਦਾ ਕੇਂਦਰੀ ਅਤੇ ਮਹੱਤਵਪੂਰਨ ਸਥਾਨ ਹੈ । ਰਹਾਉ ਦੀ ਤੁਕ ਵਿੱਚ ਸੰਬੰਧਿਤ ਸ਼ਬਦਾਂ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜਿਸਨੇ ਸ਼ਬਦ ਪ੍ਰਸਤੁਤੀ ਵਿੱਚ ਕੇਂਦਰੀ ਸ਼ਕਤੀ ਵਜੋਂ ਕਾਰਜਸ਼ੀਲ ਹੋਣਾ ਹੈ । ਰਹਾਉ ਦੇ ਸ਼ਾਬਦਿਕ ਅਰਥ ਰਹਿਣ ਦੀ ਕਿਰਿਆ, ਇਕ ਥਾਂ ਠਹਿਰ ਜਾਣ ਦਾ ਕੰਮ, ਵਿਸਰਾਮ ਅਤੇ ਸਥਿਤ ਤੋਂ ਹਨ । (ਸਾਹਿੱਤ ਕੋਸ਼ ਪਰਿਭਾਸ਼ਕ ਸ਼ਬਦਾਵਲੀ, ਪੰਜਾਬੀ ਯੂਨੀਵਰਸਿਟੀ ਪੰਨਾ ੮੭੧) ਮੱਧਕਾਲ ਵਿੱਚ ਭਾਰਤੀ ਸੰਗੀਤ ਵਿੱਚ ਪ੍ਰਚਲਤ ਪਰਬੰਧ ਅਤੇ ਧਰੁਪਦ ਗਾਇਨ ਸ਼ੈਲੀ ਦਾ ਇਕ ਧਾਤੂ 'ਧਰੁਵ' ਸੀ ਜਿਸ ਨੂੰ ਅਚੱਲ

ਜਾਂ ਚਿਰ ਸਥਾਈ ਆਖਿਆ ਗਿਆ ਹੈ। 'ਧਰੁਵ' ਦਾ ਹੀ ਦੂਜਾ ਰੂਪ 'ਰਹਾਉ' ਹੈ ਜੋ ਬਾਣੀ ਰਚਨਾ ਦੇ ਗਾਇਨ ਅਧੀਨ ਪ੍ਰਯੋਗ ਕੀਤਾ ਗਿਆ ਹੈ। ਮੱਧਕਾਲੀਨ ਸੰਤਾਂ ਭਗਤ ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਲਈ ਰਹਾਉ ਲਈ 'ਧਰੁਵ' ਜਾਂ 'ਟੇਕ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿੱਚ ਆਮਤੌਰ ਤੇ ਸ਼ਬਦ ਦਾ ਪਹਿਲਾ ਬੰਦ ਰਹਾਉ ਦਾ ਹੁੰਦਾ ਹੈ ਜਦੋਂ ਕਿ ਗੁਰਬਾਣੀ ਵਿੱਚ ਜ਼ਿਆਦਾਤਰ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਰਹਾਉ ਦੀ ਪਹਿਲੀ ਤੁਕ ਆਉਂਦੀ ਹੈ। ਰਹਾਉ ਦੇ ਸੰਕੇਤ ਨਾਲ ਅੰਤਰਿਆਂ ਦੀ ਗਿਣਤੀ ਦਰਸਾਉਣ ਲਈ ਅੰਕ ੧, ੨, ੩, ੪ ਦਾ ਅੰਕ ਵੀ ਮਿਲਦਾ ਹੈ, ਕਈ ਸ਼ਬਦ ਰਚਨਾਵਾਂ ਵਿੱਚ ਰਹਾਉ ਦੋ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੪ ਵੇਖੋ ਸ਼ਬਦ *ਅੰਮ੍ਰਿਤ ਕਾਇਆ ਰਹੈ ਸੁਖਾਲੀ*) ਰਹਾਉ ਚਾਰ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੬ ਵੇਖੋ ਸ਼ਬਦ *ਏਕ ਨ ਭਰੀਆ ਗੁਣ ਕਰਿ ਧੋਵਾ*) ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਮਰਿਆਦਾ ਸਹਿਤ ਸ਼ਬਦ ਕੀਰਤਨ ਗਾਇਨ ਕਰਨ ਲਈ ਰਹਾਉ ਦੀ ਤੁਕ ਨੂੰ ਸਥਾਈ ਮੰਨ ਕੇ ਹਰ ਅੰਤਰੇ ਤੋਂ ਬਾਅਦ ਬਾਰ ਬਾਰ ਗਾਇਨ ਕਰਨ ਦੀ ਪਰੰਪਰਾ ਹੈ ਕਿਉਂਕਿ ਰਹਾਉ ਦੀ ਤੁਕ ਵਿੱਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੈ ਅਤੇ ਅੰਤਰਿਆ ਦੀਆਂ ਤੁਕਾਂ ਵਿਭਿੰਨ ਉਦਾਹਰਣਾਂ ਸਹਿਤ ਦਲੀਲਾਂ ਅਤੇ ਪਰਮਾਣ ਦਿੰਦੀਆਂ ਸ਼ਬਦ ਦੇ ਭਾਵ ਨੂੰ ਹੋਰ ਸਪਸ਼ਟ ਕਰਦੀਆਂ ਹਨ ਭਾਵ ਪਰਿਵਰਤਨ ਦੇ ਨਾਲ ਨਾਲ ਕਈ ਵਾਰ ਰਹਾਉ ਦੀ ਤੁਕ ਵੀ ਬਦਲ ਜਾਂਦੀ ਹੈ। ਜੇਕਰ ਸ਼ਬਦ ਵਿੱਚ ਇਕ ਤੋਂ ਵਧੇਰੇ ਰਹਾਉ ਹੋਣ ਤਾਂ ਦੂਜੇ ਰਹਾਉ ਦੀ ਤੁਕ ਸਥਾਈ ਵਜੋਂ ਕਾਰਜਸ਼ੀਲ ਹੁੰਦੀ ਹੈ।

ਸ਼ਬਦ ਵਿੱਚ ਨਿਰਧਾਰਤ ਬਾਣੀ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ ਬਾਰ ਗਾਇਨ ਜਿਥੇ ਸ਼ਬਦ ਦੇ ਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿੱਚ ਸਹਾਈ ਹੁੰਦਾ ਹੈ ਉਥੇ ਭਾਵਾਂ ਵਿੱਚ ਦ੍ਰਿੜ੍ਹਤਾ ਪ੍ਰਦਾਨ ਕਰਦਿਆਂ ਇਨ੍ਹਾਂ ਦੇ ਤੀਵਰਤਮ ਰੂਪ ਵਿੱਚ ਵਾਧਾ ਵੀ ਕਰਦਾ ਹੈ। ਰਹਾਉ ਸ਼ਬਦ ਵਿੱਚਲੀ ਅਜਿਹੀ ਸੰਚਾਲਕ ਸ਼ਕਤੀ ਹੈ ਜੋ ਸ਼ਬਦ ਦੀ ਅੰਤਰੀਵੀ ਬੁਣਤ ਵਿੱਚ ਆਪਣੀਆਂ ਪੂਰਨ ਸਮਰਥਾਵਾਂ ਸਹਿਤ ਕਾਰਜਸ਼ੀਲ ਹੁੰਦੀ ਹੈ।

**ਘਰੁ** : ਗੁਰਮਤਿ ਸੰਗੀਤ ਵਿਧਾਨ ਦੇ ਅੰਤਰਗਤ ਰਹਾਉ ਦੇ ਉਕਤ ਪ੍ਰਯੋਗ ਤੋਂ ਬਿਨਾਂ ਕੁਝ ਕੁ ਹੋਰ ਵੀ ਸੰਗੀਤਕ ਸੰਕੇਤ ਹਨ ਜਿਵੇਂ ਕਿ 'ਘਰੁ'। ਇਹ ਘਰੁ ੧, ਘਰੁ ੨, ਘਰੁ ੩ ਆਦਿ ਰੂਪ ਵਿੱਚ ਲਿਖਿਆ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਘਰੁ ਦੀ ਕੁਲ ਗਿਣਤੀ ੧੭ ਹੈ। ਘਰੁ ਸਬੰਧੀ ਵਿਦਵਾਨਾਂ ਦੇ ਵੱਖੋ ਵੱਖਰੇ ਵਿਚਾਰ ਹਨ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਘਰ ਦਾ ਇਕ ਅਰਥ ਲਿਖਦੇ ਹਨ 'ਇਕ ਤਾਲ' ਤੇ ਦੂਜਾ 'ਸਵਰ ਜਾਂ ਮੂਰਛਨਾ' ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਇਨ ਦੇ ਪ੍ਰਕਾਰ ਹਨ (ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ੪੪੧) ਭਾਈ ਵੀਰ ਸਿੰਘ ਅਨੁਸਾਰ 'ਸਾਜ਼ਾਂ ਵਿੱਚ ਤਿੰਨ ਗ੍ਰਾਮ' ਹੁੰਦੇ ਹਨ। ਗ੍ਰਾਮ ਘਰੁ ਤੋਂ ਬਣਦਾ ਹੈ। ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਘਰੁ ਹਨ। ਘਰੁ ਇਕ ਤੋ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਸੰਖਿਆ ਦਾ ਸੰਕੇਤ ਹੈ। (ਗੁਰੂ ਗ੍ਰੰਥ ਕੋਸ਼, ਪੰਨਾ ੩੦੨) ਵਿਦਵਾਨਾਂ ਦਾ ਬਹੁਮਤ ਘਰੁ ਨੂੰ ਤਾਲ ਵਜੋਂ ਸਵੀਕਾਰਦਾ ਹੈ। ਵਿਦਵਾਨਾਂ ਦੀ ਇਹ ਪ੍ਰਥਾ ਈਰਾਨ ਤਾਲ ਪੱਧਤੀ ਤੋਂ ਜਾਪਦੀ ਹੈ। ਈਰਾਨੀ ਤਾਲ ਪੱਧਤੀ ਵਿੱਚ ਵਿਭਿੰਨ ਤਾਲ ਸਰੂਪਾਂ ਨੂੰ ਇਕ ਗਾਹ, ਸਿਹ ਗਾਹ ਅਤੇ

ਚੁਹਾਰ ਗਾਹ ਨਾਲ ਸੰਬੋਧਿਤ ਕੀਤਾ ਜਾਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ ੭੪) ਇਸ ਲਈ ਸੰਭਵ ਹੈ ਕਿ ਗੁਰੂ ਸਾਹਿਬਾਨ ਨੇ ਵੀ 'ਗਾਹ' ਜਿਸਦਾ ਅਰਥ ਘਰੁ ਹੈ ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ । ਇਹ ਮੱਤ ਵੀ ਪ੍ਰਚੱਲਤ ਹੈ ਕਿ ਫ਼ਾਰਸੀ ਬਹਿਰ ਦੀ ਬੁਨਿਆਦ ਉਤੇ ਅਮੀਰ ਖ਼ੁਸਰੋ ਨੇ ੧੭ ਤਾਲ ਈਜਾਦ ਕੀਤੇ। ਇਹ ਤਾਲ ਲਗਭਗ ਹਿੰਦੁਸਤਾਨੀ ਤਾਲਾਂ ਦੇ ਸਮਾਨ ਰੂਪ ਹੀ ਹਨ ਜੋ ਕਿ ਫ਼ਾਰਸੀ ਨਾਵਾਂ ਨਾਲ ਪ੍ਰਚਾਰ ਵਿੱਚ ਆਏ । (ਨਿਬੰਧ ਸੰਗੀਤ (ਸੰਪਾ.) ਲਕਸ਼ਮੀ ਨਾਰਾਇਣ ਗਰਗ ਪੰਨਾ ੫੫੭) ਬਹੁਮਤ ਵਿਦਵਾਨ ਘਰੁ ਨੂੰ ਤਾਲ ਰੂਪ ਵਿੱਚ ਸਵੀਕਾਰਦੇ ਹਨ ਭਾਵੇਂ ਘਰੁ ਦਾ ਵਿਵਹਾਰਕ ਪ੍ਰਚਲਨ ਸਮੇਂ ਦੇ ਅੰਤਰਾਲ ਅਤੇ ਸਥਿਰ ਸਪਤਕ ਕਾਰਣ ਸਮਾਪਤ ਹੋ ਚੁੱਕਾ ਹੈ ਫਿਰ ਵੀ ਬਾਣੀ ਅੰਤਰ ਨਿਹਿਤ ਸੰਗੀਤ ਵਿਧਾਨ ਤਹਿਤ ਘਰੁ ਸੰਗੀਤਕ ਸੰਕੇਤ ਵੱਜੋਂ ਪ੍ਰਤੱਖ ਹੁੰਦਾ ਹੈ।

**ਜਤਿ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਤਿ ਦੇ ਨਾਮ ਤੇ ਰਾਗ ਬਿਲਾਵਲ ਅਧੀਨ ਇਕ ਸਿਰਲੇਖ ਅੰਕਿਤ ਹੈ ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ । (ਗੁਰੂ ਗ੍ਰੰਥ ਸਾਹਿਬ, ਪੰਨਾ ੮੩੮) ਭਾਰਤੀ ਸੰਗੀਤ ਵਿੱਚ ਇਹ ਯਤਿ ਦੇ ਨਾਮ ਤੋਂ ਪ੍ਰਸਿੱਧ ਹੈ । ਇਸ ਤੋਂ ਭਾਵ ਹੈ ਕਿ ਨਿਰੰਤਰ ਚਾਲ ਵਿੱਚ ਠਹਿਰਾਵ ਦੀਆਂ ਅਵਸਥਾਵਾਂ । ਇਸ ਸਬੰਧ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ "ਸੰਗੀਤ ਦੀ ਧਾਰਣਾ ਦਾ ਨਾਉਂ ਜਤਿ ਹੈ ਮਹਾਨ ਕੋਸ਼ ਪੰਨਾ (੫੦੨) ਡਾ: ਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੋ ਵਿੱਚ ਲਿਖਿਆ ਹੈ "ਜਤਿ, ਗਤਿ ਸਾਥ, ਇਹ ਤਿੰਨੇ ਜੋੜੀ ਕਰਤਬ ਹਨ ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿੱਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਅਤੇ ਖੱਬਾ ਹੱਥ ਵਾਕਰ ਖੁਲ੍ਹਾ ਵਜਾਏ ਤਾਂ ਉਸ ਨੂੰ 'ਜਤਿ' ਕਹਿੰਦੇ ਹਨ । ਜਦੋਂ ਦੋਵੇਂ ਹੱਥ ਖੁਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹੀ ਕਰਕੇ ਨਿਕਲੇ ਜਿਸ ਨੂੰ ਕੜਕਟ ਕਹਿੰਦੇ ਹਨ ਤਾਂ ਉਸ ਦੀ ਸੰਗਯਾ ਸਾਥ ਹੁੰਦੀ ਹੈ । (ਸਾਹਿਬ ਸਿੰਘ (ਪ੍ਰੋ:) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (ਪੋਥੀ ਛੇਵੀਂ) ਪੰਨਾ ੨੨੯) ਇਸੇ ਤਰ੍ਹਾਂ ਜਤਿ ਦਾ ਸਬੰਧ ਜੋੜੀ ਵਜਾਉਣ ਦੀ ਗਤ ਤੋਂ ਹੈ ।

ਉਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਮੱਧਕਾਲ ਵਿੱਚ ਜੋੜੀ ਦੇ ਬੰਦ ਬੋਲਾਂ ਦਾ ਪ੍ਰਚਲਨ ਹੋ ਚੁੱਕਾ ਸੀ । ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਇਸ ਸਬੰਧ ਵਿੱਚ ਸਹੀ ਜਾਪਦਾ ਹੈ । ਵਰਤਮਾਨ ਸੰਗੀਤਾਚਾਰੀਆ ਜਤਿ ਨੂੰ ਪਰਿਭਾਸ਼ਤ ਕਰਦਿਆਂ ਦਸਦੇ ਹਨ ਕਿ ਜੋੜੀ ਉਤੇ ਸੱਜਾ ਹੱਥ ਖੁੱਲੇ ਬੋਲ ਵਜਾਏ ਅਤੇ ਖੱਬਾ ਹੱਥ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਤਿ ਦਾ ਨਾਮ ਦਿੱਤਾ ਜਾਂਦਾ ਹੈ । ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ, ਥਿਤੀ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਸਵੇਂ ਘਰਿ ਦੀ ਲੈਅ ਵਿੱਚ ਜਤਿ ਅੰਗ ਤੋਂ ਇਸ ਸ਼ਬਦ ਦਾ ਗਾਇਨ ਕਰਨਾ ਹੈ ।

**ਧੁਨੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ੨੨ ਵਾਰਾਂ ਵਿੱਚੋਂ ੯ ਵਾਰਾਂ ਉਤੇ ਵੱਖ-ਵੱਖ ਧੁਨਿ/ਧੁਨਿ ਸਿਰਲੇਖ ਅੰਕਿਤ ਕੀਤੇ ਗਏ ਹਨ । ਇਹ ਧੁਨੀ/ਧੁਨੀ ਸੰਕੇਤ ਵੱਖ-ਵੱਖ ਗੁਰੂ ਸਾਹਿਬਾਨਾਂ ਦੁਆਰਾ ਰਚਿਤ ਵਾਰਾਂ ਦੀ ਗਾਇਨ ਸਰੰਚਨਾ ਲਈ ਵਿਸ਼ੇਸ਼ ਆਧਾਰ ਹਨ ।

ਧੁਨੀਆਂ ਦੇ ਇਹ ਸਿਰਲੇਖ ਇਸ ਪ੍ਰਕਾਰ ਹਨ :

੧. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭)

੨. ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੮)

੩. ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ॥ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੨)

੪. ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦੮)

੫. ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੫)

੬. ਰਾਮਕਲੀ ਕੀ ਵਾਰ ਮਹਲਾ ੩ ॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੭)

੭. ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੭)

੮. ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੮)

੯. ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧੨)

ਉਕਤ ਧੁਨੀ ਸਿਰਲੇਖ ਉਤਰੀ ਭਾਰਤੀ ਖਿੱਤੇ ਦੇ ਸਭਿਆਚਾਰ ਨਾਇਕਾਂ ਦੀ ਬਹਾਦਰੀ ਹਿਤ ਵਾਰ ਗਾਇਨ ਲਈ ਪ੍ਰਯੋਗ ਕੀਤੀ ਜਾਂਦੀ ਸੰਗੀਤਕ ਗਾਇਨ ਵਿਧਾ 'ਵਾਰ' ਦੀ ਵਸ਼ਿਸ਼ਟ ਸੰਗੀਤ ਨਿਧੀ ਹੈ। ਗੁਰਬਾਣੀ ਵਿਚਲੇ ਇਨ੍ਹਾਂ ਦੇ ਮਹੱਤਵ ਤੋਂ ਬਿਨਾਂ ਹਿੰਦੁਸਤਾਨੀ ਸੰਗੀਤ ਲਈ ਇਸ ਦਾ ਵਿਸ਼ੇਸ਼ ਮਹੱਤਵ ਹੈ। ਭਾਰਤੀ ਸੰਗੀਤ ਦੀ ਹਿੰਦੁਸਤਾਨੀ ਤੇ ਕਰਨਾਟਕੀ ਸੰਗੀਤ ਪੱਧਤੀਆਂ ਦੇ ਸਰੂਪ ਵਿੱਚ ਵੰਡ ਦੇ ਸੰਦਰਭ ਨੂੰ ਇਹ ਸਿਰਲੇਖ ਇਕ ਨਵਾਂ ਸੂਤਰ ਵੀ ਪ੍ਰਦਾਨ ਕਰ ਰਹੇ ਹਨ। ਉਤਰੀ ਭਾਰਤੀ ਸੰਗੀਤ ਦੇ ਧਰਾਤਲ ਵਿੱਚ ਉਤਰੀ ਭਾਰਤੀ ਲੋਕ ਸੰਗੀਤ ਪਰੰਪਰਾ ਅਤੇ ਇਸਦੇ ਕੇਂਦਰੀਕਾਰੀ ਸਰੋਤ ਵਜੋਂ ਪੰਜਾਬ ਦੀ ਸੰਗੀਤ ਪਰੰਪਰਾ ਵਿਦਮਾਨ ਹੋਣ ਦਾ ਇਕ ਪ੍ਰਤੱਖ ਪ੍ਰਮਾਣ ਹੈ। ਇਨ੍ਹਾਂ ਧੁਨੀਆਂ ਦਾ ਸਮਕਾਲੀ ਸੰਗੀਤ ਗ੍ਰੰਥਾਂ ਜਾਂ ਇਲਾਕਾਈ ਸੰਗੀਤ ਪਰੰਪਰਾਵਾਂ ਵਿੱਚ ਉਲੇਖ ਨਹੀਂ ਮਿਲਦਾ। ਗੁਰੂ ਸਾਹਿਬਾਨਾਂ ਨੇ ਇਨ੍ਹਾਂ ਧੁਨੀਆਂ ਨੂੰ ਸੰਗੀਤ ਜਗਤ ਵਿੱਚ ਸਦੀਵੀ ਰੂਪ ਪ੍ਰਦਾਨ ਕਰਵਾ ਕੇ ਉਤਰੀ ਭਾਰਤੀ ਲੋਕ ਸੰਗੀਤ ਪਰੰਪਰਾ ਵਾਸਤੇ ਵਡੇਰਾ ਯੋਗਦਾਨ ਪਾਇਆ ਹੈ।

**ਬਾਣੀ ਸਿਰਲੇਖਾਂ ਅਤੇ ਸੰਕੇਤਾਂ ਦੀ ਕਾਰਜ ਵਿਧੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਆਏ ਹੋਏ ਸਮੂਹ ਸੰਗੀਤਕ ਸੰਕੇਤ ਰਾਗ ਗਾਇਨ ਰੂਪਾਂ ਆਦਿ ਨਾਲ ਸੰਯੁਕਤ ਹੋ ਕੇ ਸ਼ਬਦ ਕੀਰਤਨ ਪਰੰਪਰਾ ਲਈ ਵਿਸ਼ੇਸ਼ ਮਰਿਆਦਾ ਸਿਰਜਦੇ ਹਨ। ਜੋ ਸਪਸ਼ਟ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਿਧਾਨ ਉਪਰ ਆਧਾਰਿਤ ਹੈ। ਇਹ ਸੰਕੇਤ ਤੇ ਸਿਰਲੇਖ ਵੱਖੋ-ਵੱਖਰੇ ਤੌਰ ਤੇ ਕਾਰਜ ਨਹੀਂ ਕਰਦੇ ਸਗੋਂ ਇਹ ਸਾਂਝੇ ਤੌਰ ਤੇ ਸੰਮਿਲਤ ਰੂਪ

ਵਿੱਚ ਕਾਰਜਸ਼ੀਲ ਰਹਿੰਦੇ ਹਨ। ਬਾਣੀ ਦੇ ਆਦੇਸ਼ ਅਨੁਸਾਰ ਇਨ੍ਹਾਂ ਸਿਰਲੇਖਾਂ ਤੇ ਸੰਕੇਤਾਂ ਨੂੰ ਸ਼ਬਦ ਕੀਰਤਨ ਲਈ ਪ੍ਰਯੋਗ ਕਰਨ ਵਾਸਤੇ ਸਭ ਤੋਂ ਪਹਿਲਾ ਸਿਰਲੇਖ ਰੂਪ ਵਿੱਚ ਦਰਜ ਰਾਗ, ਰਾਗ ਪ੍ਰਕਾਰ ਅਤੇ ਗਾਇਨ ਰੂਪ (ਅਸਟਪਦੀਆ, ਛੰਤ, ਵਾਰ ਆਦਿ) ਵਿੱਚ ਸ਼ਬਦ ਰਚਨਾ ਦੀ ਸੰਗੀਤ ਰਚਨਾ ਤਿਆਰ ਕਰਦਿਆਂ ਰਹਾਉ ਦੀ ਤੁਕ ਨੂੰ ਸਥਾਈ ਅਤੇ ਅੰਕਾਂ ਅਨੁਸਾਰ ਤੁਕਾਂ ਨੂੰ ਅੰਤਰਿਆਂ ਵਿੱਚ ਵੰਡਕੇ ਸ਼ਬਦ ਕੀਰਤਨ ਕਰਨਾ ਹੈ।

**ਗੁਰ ਸ਼ਬਦ ਕੀਰਤਨ ਦੀ ਕਾਰਜ ਵਿਧੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈ ਗਈ ਕੀਰਤਨ ਦੀ ਮਰਿਆਦਾ ਸਬੰਧੀ ਉਪਰ ਲਿਖੇ ਕੁਝ ਸੰਗੀਤਕ ਤੱਤਾਂ ਦੀ ਸ਼ਬਦ ਕੀਰਤਨ ਦੇ ਪ੍ਰਸੰਗ ਵਿੱਚ ਕਾਰਜ ਵਿਧੀ ਇਸ ਪ੍ਰਕਾਰ ਹੈ। ਸ਼ਬਦ ਕੀਰਤਨ ਵਿੱਚ ਸ਼ਬਦ ਦਾ ਮੂਲ ਮਹੱਤਵ ਹੈ ਅਤੇ ਇਸ ਸ਼ਬਦ ਦਾ ਪ੍ਰਕਾਸ਼ ਦੇ ਸ਼ਬਦ ਨੂੰ ਮਨ ਵਿੱਚ ਵਸਾਉਣਾ ਅਤੇ ਦ੍ਰਿੜਾਉਣਾ ਹੀ ਸ਼ਬਦ ਕੀਰਤਨ ਪਰੰਪਰਾ ਦਾ ਮੂਲ ਮਨੋਰਥ ਹੈ। ਬਾਣੀ ਅਧੀਨ ਸ਼ਬਦਿ ਸਤਿ ਨੂੰ ਕੇਂਦਰੀ ਰੂਪ ਵਿੱਚ ਬਿਆਨਿਆ ਗਿਆ ਹੈ। ਰਹਾਉ ਵਾਲੀਆਂ ਤੁਕਾਂ ਕਿਉਂ ਜੋ ਇਸ ਸ਼ਬਦ ਦੇ ਅਧਿਆਤਮਕ ਗਿਆਨ ਦਾ ਕੇਂਦਰੀ ਧੁਰਾ ਹਨ ਇਸ ਲਈ ਸਰਵਪ੍ਰਥਮ ਕੀਰਤਨ ਲਈ ਇਨ੍ਹਾਂ ਦਾ ਗਾਇਨ ਕੀਤਾ ਜਾਣਾ ਹੈ। ਨਿਰਧਾਰਤ ਗਾਇਨ ਰੂਪ (ਜਿਸ ਵਿੱਚ ਸ਼ਾਸਤਰੀ ਅਤੇ ਲੋਕ ਅੰਗ ਦੇ ਗਾਇਨ ਰੂਪ ਮੌਜੂਦ ਹਨ) ਦੀ ਚੋਣ ਕਰਕੇ ਉਨ੍ਹਾਂ ਨੂੰ ਨਿਰਧਾਰਤ ਰਾਗਾਂ ਅਤੇ ਰਾਗਾਂ ਪ੍ਰਕਾਰਾਂ ਅਧੀਨ ਰਹਾਉ ਦੀਆਂ ਤੁਕਾਂ ਨੂੰ ਸਥਾਈ ਅਤੇ ਬਾਕੀ ਤੁਕਾਂ ਨੂੰ ਨਾਲ ਅੰਕਿਤ ਅੰਕਾ ਅਨੁਸੋਰ ਅੰਤਰਿਆਂ ਦੇ ਰੂਪ ਵਿੱਚ ਵੰਡ ਕੇ ਬਾਣੀ ਦੇ ਵੱਖ-ਵੱਖ ਸੰਕੇਤਾਂ ਅਤੇ ਫੁਰਮਾਨਾਂ ਦੀ ਲੋਅ ਵਿੱਚ ਗਾਇਨ ਕੀਤਾ ਜਾਣਾ ਹੈ। ਉਦਾਹਰਣ ਲਈ ਅਸੀਂ ਹੇਠ ਲਿਖੇ ਸ਼ਬਦਾਂ ਦੁਆਰਾ ਸ਼ਬਦ ਕੀਰਤਨ ਦੀ ਇਸ ਕਾਰਜ ਵਿਧੀ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ।

ਸਿਰੀ ਰਾਗੁ ਮਹਲਾ ੧ ॥

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥
ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥
ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥
ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥
ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥
ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥
ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥
ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥
ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥
ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥

ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮)

ਸ਼ਬਦ ਗਾਇਨ ਪ੍ਰਕ੍ਰਿਆ ਅਧੀਨ ਗੁਰਮਤਿ ਸੰਗੀਤ ਪ੍ਰਬੰਧ ਦੇ ਅਨੁਸਾਰੀ ਹੋ ਕੇ ਅਸੀਂ ਇਸ ਸ਼ਬਦ ਨੂੰ ਵਾਚਾਂਗੇ :

| | | |
|---|---|---|
| ਰਾਗ | | - ਸਿਰੀ |
| ਮਹਲਾ | ੧. | (ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ) |
| ਸ਼ਬਦ ਗਾਇਨ ਰੂਪ | | - ਪਦ ਗਾਇਨ |
| ਸਥਾਈ | | - ਰਹਾਉ ਦੀ ਤੁਕ (ਮੁੰਧੇ ਪਿਰ ...... ਝੂਠੁ ਖੁਆਰੁ॥੧॥ਰਹਾਉ॥) |
| ਅੰਤਰੇ | | - ੧. ਧ੍ਰਿਗੁ ਜੀਵਣੁ......ਪਿਰ ਬਿਨੁ ਦੂਖੁ ਨ ਜਾਇ ॥ |
| | ੨. | ਆਪਿ ਸੁਜਾਣੁ ਨ........ਕਰਮਿ ਪਵੈ ਨੀਸਾਣੁ ॥ |
| | ੩. | ਗੁਰ ਕਉ..........ਜਨਮੈ ਹੋਇ ਖੁਆਰੁ ॥ |
| | ੪. | ਚੰਦਨੁ ਮੋਲਿ..........ਅਡੰਬਰ ਕੂੜੁ ॥ |
| | ੫. | ਸਭਿ ਰਸ.......ਸਹ ਨਾਲਿ ਪਿਆਰੁ ॥ |

ਉਕਤ ਵਿਧੀ ਅਨੁਸਾਰ ਇਸ ਸ਼ਬਦ ਦੇ ਕੀਰਤਨ ਹਿੱਤ ਗਾਇਨ ਪ੍ਰਕ੍ਰਿਆ ਇਸ ਪ੍ਰਕਾਰ ਹੈ:

| | |
|---|---|
| ਸਥਾਈ/ਰਹਾਉ : | ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥<br>ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥ |
| ੨. ਅੰਤਰਾ ॥੧॥ : | ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥<br>ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥<br>ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ |
| ੩. ਸਥਾਈ/ਰਹਾਉ : | ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ ਦਰਿ ਘਰਿ ਢੋਈ ਨ ਲਹੈ<br>ਦਰਗਹ ਝੂਠੁ ਖੁਆਰੁ ॥੧॥ਰਹਾਉ॥ |
| ੪. ਅੰਤਰਾ ॥੨॥ : | ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥<br>ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥<br>ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥ |
| ੫. ਸਥਾਈ/ਰਹਾਉ : | ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥<br>ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥ |
| ੬. ਅੰਤਰਾ ॥੩॥ : | ਗੁਰ ਕਉ ਜਾਨਿ ਨ ਜਾਣਈ ਕਿਰਿਆ ਤਿਸੁ ਚਜੁ ਅਚਾਰੁ ॥<br>ਅੰਧੁਲੈ ਨਾਮੁ ਵਿਸਾਰਿਆ ॥ ਮਨਮੁਖਿ ਅੰਧ ਗੁਬਾਰੁ ॥<br>ਆਵਣੁ ਜਾਣੁ ਨ ਚੁਕਈ ਮਰ ਜਨਮੈ ਹੋਇ ਖੁਆਰੁ ॥ |
| ੭. ਸਥਾਈ/ਰਹਾਉ : | ਮੁੰਧੇ ਪਿਰ ਬਿਨੁ ਕਿਆ ਸੀਗਾਰੁ ਦਰਿ ॥<br>ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥ |
| ੮. ਅੰਤਰਾ ॥੪॥ : | ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰ ॥<br>ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ |

ਜੇ ਧਨ ਕੰਤਿ ਨ ਭਾਵਈ ਤਾ ਸਭਿ ਅਡੰਬਰ ਕੂੜੁ ॥ ੪ ॥

੯. ਸਥਾਈ/ਰਹਾਉ : ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥

੧੦. ਅੰਤਰਾ ॥੫॥ : ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮)

ਉਕਤ ਸ਼ਬਦ ਹੀ 'ਰਹਾਉ' ਵਾਲੀ ਤੁਕ (ਜਿਸ ਦਾ ਅਸੀਂ ਸਥਾਈ ਰੂਪ ਵਿੱਚ ਬਾਰ-ਬਾਰ ਗਾਇਨ ਕਰਦੇ ਹਾਂ) ਵਿੱਚ ਗੁਰੂ ਨਾਨਕ ਦੇਵ ਜੀ ਜੀਵ ਰੂਪੀ ਇਸਤਰੀ ਨੂੰ ਉਪਦੇਸ਼ ਦੇ ਰਹੇ ਹਨ ਕਿ ਹੇ ਮੂਰਖ ਮੁਗਧ ਇਸਤਰੀਏ ਪਤੀ ਭਾਵ ਪਰਮੇਸ਼ਵਰ ਬਿਨਾਂ ਕਿਹਾ ਸੀਗਾਰੁ ? ਭਾਵ ਜੇ ਪਤੀ ਨਾ ਮਿਲੇ ਤਾਂ ਸ਼ਿੰਗਾਰ ਕਰਨ ਦਾ ਕੋਈ ਲਾਭ ਨਹੀਂ ਅਤੇ ਉਸ ਪ੍ਰਭੂ ਦੇ ਦਰ ਵਿੱਚ ਢੋਈ ਨਹੀਂ ਮਿਲਦੀ ਕਿਉਂ ਜੋ ਉਸ ਦੀ ਦਰਗਾਹ ਵਿੱਚ ਝੂਠ (ਮਾਇਆ ਦਾ ਮੋਹ) ਖੁਆਰ ਹੀ ਹੁੰਦਾ ਹੈ ।

ਇਸ ਸੰਦੇਸ ਨੂੰ ਰਹਾਉ ਵਾਲੀਆਂ ਪੰਕਤੀਆਂ ਵਿੱਚ ਦ੍ਰਿੜ੍ਹਾਉਣ ਲਈ ਗੁਰਮਤਿ ਸੰਗੀਤ ਵਿਧਾਨ ਦੀ ਗਾਇਨ ਪ੍ਰਕ੍ਰਿਆ ਅਨੁਸਾਰ ਅਸੀਂ ਸ਼ਬਦ ਉਤੇ ਸਿਰਲੇਖਾਂ ਸੰਕੇਤਾਂ ਅਨੁਸਾਰ ਕੀਰਤਨ ਕਰਦੇ ਹਨ। ਸ਼ਬਦ ਦੇ ੧, ੨, ੩, ੪ ਅੰਤਰਿਆਂ ਵਿੱਚ ਵੱਖ-ਵੱਖ ਉਦਾਹਰਣਾਂ ਸਹਿਤ ਰਹਾਉ ਵਿਚਲੇ ਸੰਦੇਸ਼ ਨੂੰ ਬਾਰ-ਬਾਰ ਸਪਸ਼ਟ ਕੀਤਾ ਗਿਆ ਹੈ ।

ਸ਼ਬਦ ਦੇ ਭਾਵ ਨੂੰ ਮਨ ਵਿੱਚ ਵਸਾ ਕੇ ਜਦੋਂ ਪੂਰਨ ਗੁਰਮਤਿ ਸੰਗੀਤ ਮਰਿਆਦਾ ਅਨੁਸਾਰ ਗਾਇਨ ਕੀਤਾ ਜਾਵੇਗਾ ਤਾਂ ਸ਼ਬਦ ਵਿਚਲੇ ਸੰਦੇਸ਼ ਦੀਆਂ ਪਰਤਾਂ ਆਪ ਮੁਹਾਰੇ ਸੁਣਨ ਅਤੇ ਸੁਨਾਉਣ ਵਾਲੇ ਤਕ ਖੁਲ੍ਹਦੀਆਂ ਜਾਣਗੀਆਂ ਇਸ ਪ੍ਰਕਾਰ ਸਹਿਜ ਰੂਪ ਵਿੱਚ ਹੀ ਸ਼ਬਦ ਦੇ ਕੀਰਤਨ ਦੁਆਰਾ ਸਵੈ-ਸੰਚਾਰ ਹੁੰਦਾ ਜਾਵੇਗਾ ।

ਇਸ ਪ੍ਰਕ੍ਰਿਆ ਨੂੰ ਦੋ ਤਿੰਨ ਜਾਂ ਚਾਰ ਰਹਾਉ ਵਾਲੇ ਸ਼ਬਦਾਂ ਵਿੱਚ ਹੋਰ ਵਧੇਰੇ ਸਪਸ਼ਟ ਰੂਪ ਵਿੱਚ ਸਮਝਿਆ ਜਾ ਸਕਦਾ ਹੈ ਅਗਲੇ ਪੰਨਿਆਂ ਉਤੇ ਉਦਾਹਰਣ ਦੇ ਲਈ ਸ਼ਬਦਾਂ ਦੇ ਮੂਲ ਪਾਠ ਸੰਗੀਤ ਪਾਠ ਅਤੇ ਸੁਰਲਿਪੀਆਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਤੋਂ ਗੁਰਮਤਿ ਸੰਗੀਤ ਦੀ ਸਿਧਾਂਤਕਤਾ ਵਿੱਚੋਂ ਉਪਜੀ ਸਮੁੱਚੀ ਕੀਰਤਨ ਪ੍ਰਕ੍ਰਿਆ ਆਪ ਮੁਹਾਰੇ ਸਪਸ਼ਟ ਹੋ ਰਹੀ ਹੈ ।

ਰਾਗ - ਸਿਰੀ
ਮਹਲਾ - ੧ (ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ)
ਸ਼ਬਦ ਗਾਇਨ ਰੂਪ - ਪਦ ਗਾਇਨ
ਸਥਾਈ - ਰਹਾਉ ਦੀ ਤੁਕ ੧ (ਬਿਨੁ ਤੇਲ ਦੀਵਾ ਕਿਉ ਜਲੈ)
ਰਹਾਉ ਦੀ ਤੁਕ ੨ (ਇਹੁ ਤੇਲ......ਤਉ ਮਿਲੈ॥੨॥)
ਅੰਤਰਾ - ੧. ਅਛਲ ਛਲਾਈ............ਟਲ ਪਲੈ ॥
੨. ਪੋਥੀ ਪੁਰਾਣ.........ਆਣਿ ਜਲਾਈਐ ॥
੩. ਇਤੁ ਤਨਿ ਲਗੈ.........ਆਵਣ ਜਾਣੀਆ ॥
੪. ਵਿਚਿ ਦੁਨੀਆ..........ਬਾਹ ਲਡਾਈਐ ॥

ਇਸ ਸ਼ਬਦ ਦੇ ਕੀਰਤਨ ਹਿੱਤ ਗਾਇਨ ਪ੍ਰਕ੍ਰਿਆ ਇਸ ਪ੍ਰਕਾਰ ਹੋਵੇਗੀ :

| | |
|---|---|
| ਸਥਾਈ/ਰਹਾਉ : | ਬਿਨੁ ਤੇਲ ਦੀਵਾ ਕਿਉ ਜਲੈ ॥੧॥ |
| ਅੰਤਰਾ ॥੧॥ : | ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ |
| | ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥ |
| ਸਥਾਈ/ਰਹਾਉ: | ਬਿਨੁ ਤੇਲ ਦੀਵਾ ਕਿਉ ਜਲੈ ॥੧॥ |
| ਅੰਤਰਾ ॥੨॥ : | ਪੋਥੀ ਪੁਰਾਣ ਕਮਾਈਐ ॥ |
| | ਭਉ ਵਟੀ ਇਤੁ ਤਨਿ ਪਾਈਐ ॥ |
| | ਸਚੁ ਬੂਝਣੁ ਆਣਿ ਜਲਾਈਐ ॥੨॥ |
| ਸਥਾਈ/ਰਹਾਉ: | ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ॥ |
| ਅੰਤਰਾ ॥੩॥ : | ਇਤੁ ਤਨਿ ਲਾਗੈ ਬਾਣੀਆ ॥ |
| | ਸੁਖੁ ਹੋਵੈ ਸੇਵ ਕਮਾਣੀਆ ॥ |
| | ਸਭ ਦੁਨੀਆ ਆਵਣ ਜਾਣੀਆ ॥੩॥ |
| ਸਥਾਈ/ਰਹਾਉ: | ਇਹੁ ਤੇਲੁ ਦੀਵਾ ਇਉ ਜਲੈ ॥ |
| | ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥ |
| ਅੰਤਰਾ ॥੪॥ : | ਵਿਚਿ ਦੁਨੀਆ ਸੇਵ ਕਮਾਈਐ ॥ |
| | ਤਾ ਦਰਗਹ ਬੈਸਣੁ ਪਾਈਐ ॥ |
| | ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥ |
| ਸਥਾਈ/ਰਹਾਉ: | ਇਹੁ ਤੇਲੁ ਦੀਵਾ ਇਉ ਜਲੈ ॥ |

ਇਸ ਸ਼ਬਦ ਵਿੱਚ ਰਹਾਉ ਵਾਲੀ ਤੁਕ ਜਿਸ ਦਾ ਸਥਾਈ ਰੂਪ ਵਿੱਚ ਗਾਇਨ ਕਰਨਾ ਹੈ ਬਿਨੁ ਤੇਲ ਦੀਵਾ ਕਿਉ ਜਲੈ ਵਿਚ ਗੁਰੂ ਨਾਨਕ ਦੇਵ ਜੀ ਸਰੋਤੇ/ਲੋਕਾਈ ਦੇ ਮਨ ਵਿੱਚ ਇਹ ਜਗਿਆਸਾ ਉਤਪੰਨ ਕਰ ਰਹੇ ਹਨ ਕਿ ਜੀਵਨ ਰੂਪੀ ਦੀਵਾ ਆਤਮਕ ਗਿਆਨ ਦੇ ਤੇਲ ਤੋਂ ਬਿਨਾ ਕਿਵੇਂ ਬਲਦਾ ਰਹਿ ਸਕਦਾ ਹੈ ਜਿਵੇਂ ਕਿ ਦੀਵੇ ਲਈ ਤੇਲ ਦੀ ਜ਼ਰੂਰਤ ਹੁੰਦੀ ਹੈ ਉਸੇ ਪ੍ਰਕਾਰ ਆਤਮਾ ਲਈ ਗਿਆਨ ਦੀ ਜ਼ਰੂਰਤ ਹੁੰਦੀ ਹੈ। ਇਸ ਸੰਦੇਸ਼ ਨੂੰ ਰਹਾਉ ਵਾਲੀਆਂ ਪੰਕਤੀਆਂ ਵਿੱਚ ਦ੍ਰਿੜ੍ਹਾਉਣ ਲਈ ਗੁਰਮਤਿ ਸੰਗੀਤ ਵਿਧਾਨ ਦੀ ਗਾਇਨ ਪ੍ਰਕ੍ਰਿਆ ਅਨੁਸਾਰ ਅਸੀਂ ਸ਼ਬਦ ਉਤੇ ਦਿੱਤੇ ਸਿਰਲੇਖਾਂ ਸੰਕੇਤਾਂ ਅਨੁਸਾਰ ਗਾਇਨ ਕਰਾਂਗੇ।

**ਕੀਰਤਨਕਾਰਾਂ ਲਈ ਮਹੱਤਵਪੂਰਨ ਫੁਰਮਾਨ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਿਰਧਾਰਤ ਕੀਰਤਨ ਮਰਿਆਦਾ ਲਈ ਸਿਰਲੇਖਾਂ ਅਤੇ ਸੰਕੇਤਾਂ ਤੋਂ ਇਲਾਵਾ ਕੀਰਤਨਕਾਰ ਅਤੇ ਕੀਰਤਨ ਪੇਸ਼ਕਾਰੀ ਲਈ ਅਨੇਕ ਗੁਰ ਫੁਰਮਾਨ ਦਰਜ ਕੀਤੇ ਗਏ ਹਨ। ਜਿਹੜੇ ਗੁਰ ਮਰਿਆਦਾ ਅਨੁਸਾਰ ਕੀਰਤਨ ਕਰਨ ਲਈ ਸਾਡਾ ਮਾਰਗ ਦਰਸ਼ਨ ਕਰਦੇ ਹਨ। ਕੀਰਤਨਕਾਰਾਂ ਦਾ ਮਨ ਹਉਮੈ ਤੋਂ ਰਹਿਤ ਸੰਪੂਰਣ ਸਮਰਪਣ ਦਾ ਧਾਰਨੀ ਹੋਣਾ ਚਾਹੀਦਾ ਹੈ। ਕੀਰਤਨ ਦਾ ਉਦੇਸ਼ ਗੁਰ ਸ਼ਬਦ ਦੇ ਸੰਦੇਸ਼ ਨੂੰ ਆਪਣੇ ਮਨ ਵਿੱਚ ਵਸਾਉਣਾ ਅਤੇ ਸਭ ਲੋਕਾਈ ਤਕ ਪਹੁੰਚਾਉਣਾ ਹੈ ਨਾ ਕਿ ਆਪਣੀ ਕਲਾ ਦੀ ਮੁਹਾਰਤ ਦਾ ਹਉਮੈ ਭਰਪੂਰ ਪ੍ਰਗਟਾਵਾ ਕਰਨਾ ਹੈ।

ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ ੧ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੫)

ਇਨ੍ਹਾਂ ਫੁਰਮਾਨ ਅਨੁਸਾਰ ਗੁਰ ਸ਼ਬਦ ਕੀਰਤਨ ਦੀ ਪ੍ਰਸਤੁਤੀ ਲਈ ਕੀਰਤਨਕਾਰ ਲਈ ਕਿਸੇ ਮਾਇਆਵੀ ਲਾਲਚ ਤੋਂ ਬਿਨਾਂ ਹਉਂ ਰਹਿਤ ਕੀਰਤਨ ਕਰਨ ਦਾ ਆਦਰਸ਼ ਹੈ। ਕੀਰਤਨਕਾਰ ਨੇ ਹਉਮੈ ਦਾ ਪ੍ਰਗਟਾਵਾ ਨਹੀਂ ਕਰਨਾ ਸਗੋਂ ਉਸ ਨੇ ਨਿਮਰਤਾ ਸਹਿਤ ਕੀਰਤਨ ਦੀ ਪੇਸ਼ਕਾਰੀ ਕਰਨੀ ਹੈ। ਇਸ ਸਬੰਧੀ ਗੁਰੂ ਫੁਰਮਾਨ ਹਨ :

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੮)

ਕੀਰਤਨਕਾਰ ਦੇ ਮਨ ਵਿੱਚ ਸ਼ੁਕਰਾਨੇ ਦਾ ਭਾਵ ਹੁੰਦਾ ਹੈ ਪਰਮ ਪਿਤਾ ਦੀ ਉਸਤਤੀ ਵਡਿਆਈ ਅਤੇ ਜਸ ਗਾਇਨ ਵਿੱਚ ਉਹ ਹਉ ਰਹਿਤ ਆਪੇ ਤੋਂ ਮੁਕਤ ਹੋ ਕੇ ਸਮਰਪਣ ਦੇ ਨਾਲ ਕੀਰਤਨ ਕਰਦਾ ਹੈ।

ਸਹਜੈ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮)

ਕੀਰਤਨ ਵਿਚ ਇਹ ਸਹਿਜ ਕੀਰਤਨੀਏ ਦੇ ਗੁਰਬਾਣੀ ਤੇ ਗੁਰ ਮਰਿਯਾਦਾ ਅਨੁਸਾਰ ਜੀਵਨ ਅਤੇ ਆਪਣੀ ਕਲਾ ਦੇ ਰਿਆਜ਼ ਦੁਆਰਾ ਸੰਭਵ ਹੋ ਸਕਦਾ ਹੈ। ਜਿਵੇਂ ਅਧਿਆਤਮਕ ਤੇ ਕਲਾਤਮਕ ਗੁਣ ਆਪਸ ਵਿੱਚ ਮਿਲਣਗੇ ਕੀਰਤਨੇ ਦੀ ਅਵਸਥਾ ਗੁਰਮਤਿ ਦੇ ਅਨੁਕੂਲ ਹੁੰਦੀ ਜਾਵੇਗੀ ਤਾਂ ਹੀ ਉਹ ਗੁਰ ਸ਼ਬਦ ਨੂੰ ਆਪਣੇ ਮਨ ਵਿੱਚ ਵਸਾਕੇ ਸਰਬ ਲੋਕਾਈ ਤਕ ਇਸਦੇ ਗੁਰ ਸੰਦੇਸ਼ ਨੂੰ ਸੰਚਾਰਿਤ ਕਰ ਸਕੇਗਾ। ਉਕਤ ਭਾਵਨਾ ਨਾਲ ਕੀਤਾ ਗਿਆ ਕੀਰਤਨ ਦੀ ਗੁਰ ਸ਼ਬਦ ਕੀਰਤਨ ਦੀ ਮਰਿਆਦਾ ਦਾ ਅਨੁਸਾਰੀ ਹੈ।

**ਗੁਰ ਸ਼ਬਦ ਕੀਰਤਨ ਚੌਕੀਆਂ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਰਦੇਸ਼ਿਤ ਅਤੇ ਨਿਰਧਾਰਤ ਗੁਰਮਤਿ ਸੰਗੀਤ ਦੀ ਇਸ ਮੌਲਿਕ ਪਰੰਪਰਾ ਦੀ ਮਰਿਆਦਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਨੇ ਆਪੋ ਆਪਣੇ ਸਮੇਂ ਕਿਰਿਆਤਮਕ ਅਤੇ ਜੀਵੰਤ ਰੂਪ ਵਿੱਚ ਸਥਾਪਤ ਅਤੇ ਵਿਕਸਿਤ ਕੀਤਾ ਹੈ ਜਿਸ ਅਧੀਨ ਗੁਰੂ ਕਾਲ ਅਤੇ ਗੁਰੂ ਕਾਲ ਤੋਂ ਬਾਅਦ ਵੱਖ-ਵੱਖ ਕੀਰਤਨ ਚੌਕੀਆਂ ਪ੍ਰਚਾਰ ਵਿੱਚ ਰਹੀਆਂ ਹਨ। ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਵਿਖੇ ਕੀਰਤਨ ਚੌਕੀਆਂ ਅਨੁਸਾਰ ਕੀਰਤਨ ਕਰਨ ਦੀ ਗੁਰਮਤਿ ਸੰਗੀਤ ਦੀ ਵਿਸ਼ੇਸ਼ ਮਰਿਆਦਾ ਹੈ। ਜਿਵੇਂ ਕਿ : ਤਿੰਨ ਪਹਿਰੇ ਦੀ ਚੌਕੀ, ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਪਹਿਲੀ ਚੌਕੀ, ਅਨੰਦ ਦੀ ਚੌਕੀ, ਚਰਨ ਕਮਲ ਦੀ ਚੌਕੀ, ਸੋਦਰੁ ਤੋਂ ਪਹਿਲੀ ਚੌਕੀ, ਆਰਤੀ ਦੀ ਚੌਕੀ ਕਲਿਆਣ ਦੀ ਚੌਕੀ, ਕਾਨੜੇ ਦੀ ਜਾਂ ਕੀਰਤਨ ਸੋਹਿਲੇ ਦੀ ਚੌਕੀ ਆਦਿ। ਰਾਗ ਅਤੇ ਸਮੇਂ ਅਨੁਸਾਰ ਨਿਰਧਾਰਤ ਇਨ੍ਹਾਂ ਕੀਰਤਨ ਚੌਕੀਆਂ ਤੋਂ ਇਲਾਵਾ ਸਿੱਖੀ ਜੀਵਨ ਦੇ ਵੱਖ-ਵੱਖ ਅਵਸਰਾਂ, ਤਿਉਹਾਰਾਂ ਤੇ ਸਮਾਰੋਹਾਂ ਉਤੇ ਵੀ ਉਸ ਸਮੇਂ ਦੇ ਭਾਵਾਂ ਅਨੁਸਾਰ ਕੀਰਤਨ ਕਰਨ ਦੀ ਵਿਸ਼ੇਸ਼ ਪਰੰਪਰਾ ਹੈ। ਭਿੰਨ ਭਿੰਨ ਮੌਸਮਾਂ ਅਤੇ ਰੁੱਤਾਂ ਅਨੁਸਾਰ ਰਾਗਾਂ ਦਾ ਵਿਸ਼ੇਸ਼ ਗਾਇਨ ਵਿਸ਼ੇਸ਼ ਕੀਰਤਨ ਚੌਕੀਆਂ ਦੀ ਮਰਿਯਾਦਾ

ਨੂੰ ਸਿਰਜਦਾ ਹੈ। ਕੀਰਤਨ ਚੌਕੀ ਦੇ ਚਾਰ ਚਰਣ ਸ਼ਾਨ, ਮੰਗਲਾਚਰਣ, ਸ਼ਬਦ ਗਾਇਨ (ਧਰੁਪਦ ਤੇ ਖਿਆਲ ਅੰਗ) ਤੇ ਪਉੜੀ ਲਾਉਣਾ ਮੰਨੇ ਜਾਂਦੇ ਹਨ। ਭਾਵੇਂ ਅੱਜ ਕਲ੍ਹ ਇਹ ਪਰੰਪਰਾ ਅਲੋਪ ਹੋ ਰਹੀ ਹੈ ਪਰੰਤੂ ਇਹ ਵਿਧੀ ਗੁਰਮਤਿ ਸੰਗੀਤ ਦਾ ਅਨਮੋਲ ਮੌਲਿਕ ਸਰਮਾਇਆ ਹੈ।

**ਗੁਰ ਸ਼ਬਦ ਕੀਰਤਨ ਸਾਜ਼ :** ਗੁਰੂ ਸਾਹਿਬਾਨ ਨੇ ਸ਼ਬਦ ਕੀਰਤਨ ਦੀ ਉਕਤ ਮਰਿਆਦਾ ਸਿਰਜਦਿਆਂ ਜਿਥੇ ਵੱਖ-ਵੱਖ ਕੀਰਤਨ ਚੌਕੀਆਂ ਦੀ ਪਰੰਪਰਾ ਦਾ ਕਿਰਿਆਤਮਕ ਰੂਪ ਵਿੱਚ ਪ੍ਰਚਲਨ ਕੀਤਾ ਉਥੇ ਨਾਲ ਹੀ ਕੀਰਤਨ ਕਰਨ ਲਈ ਵਿਸ਼ੇਸ਼ ਸਾਜ਼ਾਂ ਦੀ ਚੋਣ ਵੀ ਕੀਤੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਈ ਮਰਦਾਨਾ ਦੁਆਰਾ ਰਬਾਬ ਦਾ ਵਾਦਨ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੇ ਸਮੇਂ ਸਰੰਦਾ ਸਾਜ਼, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਸਾਰੰਦਾ ਤੇ ਇਸਰਾਜ, ਉਪਰਾਂਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤਾਊਸ ਅਤੇ ਵਾਰ ਗਾਇਨ ਲਈ ਢੱਡ ਸਾਰੰਗੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਮੇਂ ਮਿਰਦੰਗ ਸਾਜ਼ਾਂ ਦਾ ਪ੍ਰਯੋਗ ਪ੍ਰਤੱਖ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਾਨਪੁਰੇ ਦਾ ਪ੍ਰਯੋਗ ਹੋਣਾ ਵਿਸ਼ੇਸ਼ ਹੈ ਜਿਸ ਤੋਂ ਸਿੱਖ ਗੁਰੂ ਸਾਹਿਬਾਨਾਂ ਦੇ ਸਮੇਂ ਦੌਰਾਨ ਵਿਸ਼ੇਸ਼ ਰੂਪ ਵਿੱਚ ਸ਼ਬਦ ਕੀਰਤਨ ਪ੍ਰਸਤੁਤੀ ਲਈ ਵਿਸ਼ੇਸ਼ ਸਾਜ਼ਾਂ ਦਾ ਪ੍ਰਯੋਗ ਪ੍ਰਤੱਖ ਹੈ। ਗੁਰਮਤਿ ਸੰਗੀਤ ਵਿੱਚ ਪ੍ਰਚਲਿਤ ਕੀਰਤਨ ਸਾਜ਼ਾਂ ਦਾ ਪ੍ਰਯੋਗ ਵੀ ਮੌਲਿਕ ਰੂਪ ਵਿੱਚ ਕੀਤਾ ਗਿਆ। ਇਨ੍ਹਾਂ ਤੰਤੀ ਸਾਜ਼ਾਂ ਦਾ ਪ੍ਰਯੋਗ ਸੁਰਾਂ ਦੀ ਸ਼ੁੱਧਤਾ ਰਾਗ ਦੇ ਸ਼ੁੱਧ ਸਰੂਪ ਦੀ ਸਥਾਪਨਾ ਅਤੇ ਗੁਰ-ਸ਼ਬਦ ਕੀਰਤਨ ਦੀ ਮਰਿਆਦਾਗਤ ਸ਼ੁੱਧਤਾ ਅਤੇ ਉਚਤਾ ਨੂੰ ਕਾਇਮ ਰੱਖਣ 'ਚ ਵਿਸ਼ੇਸ਼ ਸਹਾਈ ਹੁੰਦਾ ਹੈ।

**ਗੁਰ ਸ਼ਬਦ ਕੀਰਤਨ ਕੇਂਦਰ ਤੇ ਟਕਸਾਲਾਂ :** ਗੁਰੂ ਸ਼ਬਦ ਕੀਰਤਨ ਦੀ ਇਸ ਮਹਾਨ ਮੌਲਿਕ ਪਰੰਪਰਾ ਦੇ ਵਿਕਾਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵੱਖ-ਵੱਖ ਗੁਰੂ ਸਾਹਿਬਾਨ ਅਤੇ ਸਿੱਖ ਸੰਗਤਾਂ ਦੁਆਰਾ ਕਈ ਸਥਾਨ ਕੀਰਤਨ ਦੇ ਵਿਸ਼ੇਸ਼ ਕੇਂਦਰਾਂ ਵਜੋਂ ਪ੍ਰਗਟ ਹੋਏ ਜਿਥੇ ਕਈ ਕੀਰਤਨਕਾਰਾਂ ਨੇ ਇਸ ਪਰੰਪਰਾ ਨੂੰ ਵਿਵਹਾਰਕ ਰੂਪ ਵਿੱਚ ਵਿਕਸਿਤ ਕੀਤਾ।

ਸਿੱਖ ਇਤਿਹਾਸ ਤੋਂ ਪਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਿਆਦਾ ਨੂੰ ਵਿਸ਼ੇਸ਼ ਰੂਪ ਵਿੱਚ ਦ੍ਰਿੜ੍ਹਾਇਆ। ਇਤਿਹਾਸਕ ਹਵਾਲਿਆਂ ਤੋਂ ਪਰਤੱਖ ਹੈ ਕਿ ਕਰਤਾਰਪੁਰ ਵਿਖੇ ਸਵੇਰ ਸ਼ਾਮ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਸੀ ਅਤੇ ਇਸੇ ਸਥਾਨ ਤੇ ਤੀਸਰੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨੂੰ ਇਥੇ ਟਿਕਾ ਕੇ ਇਕੱਲੇ ਉਦਾਸੀ ਤੇ ਗਏ ਤਾਂ ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਰਾਗਮਈ ਕੀਰਤਨ ਕਰਦੇ ਰਹੇ। ਭਾਈ ਮਰਦਾਨਾ ਦੇ ਦੇਹਾਂਤ ਉਪਰੰਤ ਉਨ੍ਹਾਂ ਦਾ ਪੁੱਤਰ ਸਜਾਦਾ ਗੁਰ ਦਰਬਾਰ ਵਿੱਚ ਕੀਰਤਨ ਕਰਿਆ ਕਰਦਾ ਸੀ। ਇਸ ਤਰ੍ਹਾਂ ਕਰਤਾਰਪੁਰ ਗੁਰਮਤਿ ਸੰਗੀਤ ਦੇ ਪਰਥਮ ਕੇਂਦਰ ਵਜੋਂ ਪਰਗਟ ਹੁੰਦਾ ਹੈ।

ਕਰਤਾਰਪੁਰ ਤੋਂ ਇਲਾਵਾ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਦੀ

ਸਥਾਪਨਾ ਕੀਤੀ ਅਤੇ ਕਰਤਾਰਪੁਰੀ ਪਰੰਪਰਾ ਦਾ ਪਰਚਲਨ ਜਾਰੀ ਰੱਖਿਆ । ਭਾਈ ਸਜਾਦਾ ਤੋਂ ਇਲਾਵਾ ਭਾਈ ਸਾਦੂ ਬਾਦੂ, ਗੁਰ ਦਰਬਾਰ ਦੇ ਪਰਸਿੱਧ ਰਬਾਬੀ ਕੀਰਤਨੀਏ ਸਨ । ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦੇ ਵਿਸ਼ੇਸ਼ ਪਰਚਾਰ ਕੇਂਦਰ ਵਜੋਂ ਸਥਾਪਤ ਕੀਤਾ। ੨੨ ਮੰਜੀਆਂ ਦੀ ਸਥਾਪਨਾ ਦੁਆਰਾ ਜਿਥੇ ਬਾਕੀ ਸਿੱਖ ਪਰੰਪਰਾਵਾਂ ਤੇ ਮਰਿਆਦਾ ਦਾ ਪਰਚਲਨ ਵੱਖ-ਵੱਖ ਇਲਾਕਿਆਂ ਵਿੱਚ ਹੋਇਆ ਉਥੇ ਸ਼ਬਦ ਕੀਰਤਨ ਦੁਆਰਾ ਗੁਰਮਤਿ ਸੰਗੀਤ ਵੀ ਸਿੱਖ ਸੰਗਤਾਂ ਵਿੱਚ ਪਰਚੱਲਤ ਹੋਇਆ । ਭਾਈ ਦੀਪਾ, ਭਾਈ ਪਾਂਧਾ, ਭਾਈ ਬੂਲਾ ਵਰਗੇ ਕੀਰਤਨੀਏ ਆਪਦੇ ਪ੍ਰਸਿੱਧ ਕੀਰਤਨਕਾਰ ਸਨ । ਗੁਰੂ ਅਮਰਦਾਸ ਜੀ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੇ ਪ੍ਰਸਿੱਧ ਕੀਰਤਨੀਏ ਸੱਤਾ ਤੇ ਬਲਵੰਡ ਸਨ। ਇਥੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ, ਸ਼ਾਮ ਨੂੰ ਸੋਦਰੁ ਅਤੇ ਰਾਤ ਨੂੰ ਆਰਤੀ ਗਾਇਨ ਦੀ ਪਰੰਪਰਾ ਪਰਚਾਰ ਵਿੱਚ ਰਹੀ । ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸ਼ਬਦ ਕੀਰਤਨ ਦੀ ਗੁਰਮਤਿ ਸੰਗੀਤ ਪਰੰਪਰਾ ਸਥਾਪਤ ਰੂਪ ਵਿੱਚ ਵਿਕਸਿਤ ਹੋ ਚੁੱਕੀ ਸੀ ਜਿਸ ਅਧੀਨ ਨਵੇਂ ਨਵੇਂ ਰਾਗਾਂ ਤੇ ਗੁਰਮਤਿ ਸੰਗੀਤ ਵਿੱਚ ਪੜਤਾਲ ਵਰਗੀ ਗਾਇਨ ਸ਼ੈਲੀ ਦਾ ਪ੍ਰਚਲਨ ਹੋਇਆ ਜੋ ਸੰਗੀਤ ਜਗਤ ਦੇ ਕਿਸੇ ਹੋਰ ਪਰੰਪਰਾ ਵਿੱਚ ਉਪਲੱਬਧ ਨਹੀਂ ।

ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਸਥਾਪਤ ਰੂਪ ਵਿੱਚ ਵਿਕਸਤ ਕਰਨ ਦਾ ਬੀੜਾ ਚੁੱਕਿਆ । ਇਸ ਸਮੇਂ ਤਕ ਅੰਮ੍ਰਿਤਸਰ ਸਾਹਿਬ ਵਿਖੇ ਚਹੁੰ ਵਰਨਾਂ ਲਈ ਹਰਿਮੰਦਰ ਸਾਹਿਬ ਦੀ ਸਥਾਪਨਾ ਹੋ ਚੁੱਕੀ ਸੀ ਜਿਸ ਵਿੱਚ ਸ਼ਬਦ ਕੀਰਤਨ ਦਾ ਧੁਨੀ ਦਾ ਅਖੰਡ ਪਰਵਾਹ ਵੱਖ-ਵੱਖ ਕੀਰਤਨ ਚੌਕੀਆਂ ਦੁਆਰਾ ਜਾਰੀ ਸੀ । ਗੁਰੂ ਅਰਜਨ ਦੇਵ ਜੀ ਦੇ ਇਸ ਕੇਂਦਰ ਵਿਖੇ ਹੀ ਜਿਥੇ ਰਬਾਬੀ ਕੀਰਤਨ ਪਰੰਪਰਾ ਪਛਾਣਯੋਗ ਰੂਪ ਵਿੱਚ ਸਾਹਮਣੇ ਆਏ ਉਥੇ ਸਧਾਰਨ ਸਿੱਖ ਸੰਗਤਾਂ ਨੂੰ ਵੀ ਕੀਰਤਨ ਕਰਨ ਲਈ ਉਤਸ਼ਾਹਤ ਕੀਤਾ ਜੋ ਸੱਤੇ ਅਤੇ ਬਲਵੰਡ ਦੀ ਗੁਰੂ ਘਰ ਨਾਲ ਰੁਸਣ ਦੀ ਗਾਥਾ ਤੋਂ ਪਰਤੱਖ ਹੈ । ਇਸ ਸਮੇਂ ਰਬਾਬੀਆਂ ਤੋਂ ਇਲਾਵਾ ਰਾਗੀ ਕੀਰਤਨੀਆਂ ਦੀ ਪਰੰਪਰਾ ਦਾ ਆਰੰਭ ਵੀ ਹੋਇਆ । ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਸਮੇਂ ਕੀਰਤਨ ਦੇ ਇਸ ਮਹਾਨ ਸਥਾਨ ਵਿਖੇ ਕੀਰਤਨ ਪਰੰਪਰਾ ਦੇ ਨਾਲ ਨਾਲ ਢਾਡੀ ਵਾਰ ਗਾਇਨ ਪਰੰਪਰਾ ਅਤੇ ਵਾਰੀਆਂ ਦੇ ਕੀਰਤਨ ਦਾ ਪਰਵਾਹ ਚਲਾਇਆ । ਗੁਰੂ ਹਰਿ ਰਾਏ ਜੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਇਸ ਪਰੰਪਰਾ ਨੂੰ ਅਗਾਂਹ ਤੋਰਿਆ । ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਸਿੱਖ ਕੀਰਤਨ ਮਰਿਆਦਤ ਰੂਪ ਨੂੰ ਵਿਵਹਾਰਕ ਪਰੰਪਰਾ ਦਾ ਅਨਿੱਖੜ ਅੰਗ ਬਣਾਇਆ । ਭਾਈ ਸੱਦੂ ਅਤੇ ਮੱਦੂ, ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਦੇ ਇਸ ਮਹਾਨ ਸਿੱਖੀ ਕੇਂਦਰ (ਗੁਰੂ ਕੀ ਨਗਰੀ) ਦੇ ਪ੍ਰਮੁੱਖ ਕੀਰਤਨੀਏ ਸਨ ।

ਗੁਰੂ ਸਾਹਿਬਾਨ ਦੇ ਕਾਲ ਤੋਂ ਹੀ ਗੁਰਮਤਿ ਸੰਗੀਤ ਦੇ ਪ੍ਰਚਾਰ ਪਸਾਰ ਦੇ ਅੰਤਰਗਤ ਸਿਖਲਾਈ ਦੀਆਂ ਕੁਝ ਵਿਧੀਆਂ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ ।

ਇਕ ਪਰੰਪਰਾ ਅਨੁਸਾਰ ਰਬਾਬੀ ਕੀਰਤਨੀਏ ਸੀਨਾ-ਬ-ਬੀਨਾ ਕਸਬੀ ਨਿਪੁੰਨਤਾ ਸਹਿਤ ਸਿਖਲਾਈ ਨੂੰ ਅਗਾਂਹ ਤੋਰਦੇ ਰਹੇ ਜਿਸ ਅਧੀਨ ਵੱਖ ਵੱਖ ਰਬਾਬੀ ਅਤੇ ਉਨ੍ਹਾਂ ਦੇ ਵੰਸ਼ਜ ਸੰਗੀਤ ਕਲਾ ਕੌਸ਼ਲ ਦੁਆਰਾ ਗੁਰਮਤਿ ਸੰਗੀਤ ਦੀ ਪ੍ਰਸਤੁਤੀ ਕਰਦੇ ਰਹੇ । ਇਹ ਪਰੰਪਰਾ ਮੁਗਲ ਦਰਬਾਰ ਦੀ ਸੰਗੀਤ ਪਰੰਪਰਾ ਵਜੋਂ ਵੀ ਪ੍ਰਗਟ ਹੁੰਦੀ ਹੈ । ਸੰਗੀਤ ਜਗਤ ਵਿੱਚ ਗੁਰੂ ਘਰ ਦੇ ਇਨ੍ਹਾਂ ਰਬਾਬੀ ਸੰਗੀਤਕਾਰਾਂ ਦੀ ਪਛਾਣ 'ਬਾਬੇ ਕੇ' ਦੇ ਨਾਲ ਹੁੰਦੀ ਰਹੀ । ਦੂਸਰੇ ਪਾਸੇ ਮੁਗਲ ਦਰਬਾਰ ਦੇ ਸੰਗੀਤਕਾਰਾਂ ਨੂੰ 'ਬਾਬਰ ਕੇ' ਆਖਿਆ ਜਾਂਦਾ ਰਿਹਾ । ਗੁਰੂ ਨਾਨਕ ਦੇ ਸੰਗੀਤ ਦੁਆਰਾ ਵਰੋਸਾਏ 'ਬਾਬੇ ਕੇ' ਸੰਗੀਤਕਾਰ ਸਮਕਾਲੀ ਸਮਾਜ ਵਿੱਚ ਵਿਸ਼ੇਸ਼ ਸਨਮਾਨਯੋਗ ਸਥਾਨ ਰੱਖਦੇ ਸਨ ਕਿਉਂਕਿ ਉਹ ਇਕ ਵਡੇਰੀ ਅਧਿਆਤਮਕ ਸੰਗੀਤ ਪਰੰਪਰਾ ਨਾਲ ਜੁੜੇ ਹੋਏ ਸਨ । ਰਬਾਬੀ ਕੀਰਤਨਕਾਰਾਂ ਦੀ ਇਹ ਪਰੰਪਰਾ ਗੁਰੂ ਸਾਹਿਬਾਨ ਤੋਂ ਬਾਅਦ ਹੁਣ ਤਕ ਪ੍ਰਚੱਲਤ ਹੈ । ਇਨ੍ਹਾਂ ਦੇ ਗਾਇਨ ਦਾ ਵਸ਼ਿਸ਼ਟ ਅੰਦਾਜ਼ ਅਤੇ ਬਾਣੀ ਉਤੇ ਮੁਹਾਰਤ ਇਨ੍ਹਾਂ ਦੀ ਸ਼ੈਲੀ ਨੂੰ ਵਖਰਿਆਉਣ ਵਿੱਚ ਕਾਮਯਾਬ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਸਧਾਰਨ ਸਿੱਖ ਸੰਗਤਾਂ ਦੁਆਰਾ ਕੀਰਤਨ ਦੀ ਚਲਾਈ ਪਰੰਪਰਾ ਵਿੱਚੋਂ ਅਨੇਕ ਕੀਰਤਨੀਏ ਪ੍ਰਸਿੱਧ ਹੋਏ । ਜਿਨ੍ਹਾਂ ਰਬਾਬੀ ਕੀਰਤਨੀਆਂ ਦੀ ਵਡੇਰੀ ਪਰੰਪਰਾ ਦੀ ਤੁਲਨਾ ਵਿੱਚ ਪਛਾਨਣਯੋਗ ਸਥਾਨ ਬਣਾਉਣ ਲਈ ਜਿਥੇ ਗੁਰੂ ਸਾਹਿਬ ਦੇ ਸਮੇਂ ਤੋਂ ਲੈ ਕੇ ਇਹ ਕੀਰਤਨੀਏ ਨਿਤਾਪ੍ਰਤੀ ਦੇ ਕੀਰਤਨ ਅਭਿਆਸ ਅਤੇ ਵਿਸ਼ਿਸ਼ਟ ਵਿਅਕਤੀ ਤੋਂ ਸਿਖਲਾਈ ਲੈ ਕੇ ਆਪਣੀ ਵਿਦਿਆ ਦਾ ਗਿਆਨ ਸੰਚਾਰਿਤ ਕਰਦੇ ਰਹੇ ਉਥੇ ਇਹ ਕੀਰਤਨੀਏ ਪੂਰਨ ਗੁਰ-ਮਰਿਆਦਾ ਦੇ ਧਾਰਣੀ ਅਤੇ ਗੁਰਮਤਿ ਸੰਗੀਤ ਦੀ ਸਿਧਾਂਤਕਤਾ ਦੇ ਨਾਲ ਵਿਵਹਾਰਕ ਤੌਰ ਤੇ ਵੀ ਜੁੜੇ ਹੋਏ ਸਨ । ਇਨ੍ਹਾਂ ਵਿੱਚੋਂ ਗੁਰੂ ਕਾਲ ਦੇ ਹੋਰ ਪ੍ਰਸਿੱਧ ਕੀਰਤਨੀਆਂ ਵਿੱਚੋਂ ਪ੍ਰਸਿੱਧ ਭਾਈ ਦੀਪਾ, ਬੁਲਾ, ਨਾਰਾਇਣ ਦਾਸ, ਪਾਂਧਾ ਉਗਰਸੈਨ ਨਗੌਰੀ ਮਤ, ਭਾਈ ਰਾਮੂ, ਝਾਜੂ, ਮੁਕੰਦ ਕੇਦਾਰਾ ਆਦਿ ਪ੍ਰਮੁੱਖ ਸਨ । ਗੁਰਮਤਿ ਸੰਗੀਤ ਦੀ ਸਿਖਲਾਈ ਦੀ ਇਸ ਪਰੰਪਰਾ ਵਿੱਚ ਜਿਥੇ ਰਬਾਬੀਆਂ ਦੀ ਘਰਾਣੇਦਾਰ ਪਰੰਪਰਾ ਹੈ ਉਥੇ ਨਿਸ਼ਕਾਮ ਕੀਰਤਨੀਆਂ ਦੀ ਟਕਸਾਲੀ ਪਰੰਪਰਾ ਵੀ ਮੌਜੂਦ ਹੈ । ਵਰਤਮਾਨ ਸਮੇਂ ਵਿੱਚ ਪ੍ਰਚੱਲਤ ਪੁਰਾਤਨ ਟਕਸਾਲਾਂ ਦੇ ਭਾਵੇਂ ਪੂਰਨ ਇਤਿਹਾਸਕ ਸਰੋਤ ਉਪਲਬਧ ਨਹੀਂ ਹਨ ਪਰੰਤੂ ਵੱਖ-ਵਖ ਸਥਾਨਾਂ ਉਤੇ ਇਨ੍ਹਾਂ ਦਾ ਪ੍ਰਚਲਨ ਇਸ ਤੱਥ ਦਾ ਸ਼ਾਖਸੀ ਹੈ ਕਿ ਇਸ ਟਕਸਾਲੀ ਕੀਰਤਨ ਪਰੰਪਰਾ ਦੇ ਬੀਜ ਗੁਰੂ ਕਾਲ ਦੇ ਕੁਲ ਗੁਰਮਤਿ ਸੰਗੀਤ ਪਰੰਪਰਾ ਵਿਚ ਹੀ ਵਿਦਮਾਨ ਹਨ । ਗੁਰਮਤਿ ਸੰਗੀਤ ਦੀਆਂ ਵਰਤਮਾਨ ਸਮੇਂ ਤਕ ਕੁਝ ਪ੍ਰਸਿੱਧ ਕੀਰਤਨ ਟਕਸਾਲਾਂ ਤੇ ਸੰਸਥਾਵਾਂ ਗੁਰ ਸ਼ਬਦ ਕੀਰਤਨ ਦੇ ਪ੍ਰਚਾਰ ਪ੍ਰਸਾਰ ਲਈ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ ।

ਦਮਦਮਾ ਸਾਹਿਬ ਦੀ ਟਕਸਾਲ, ਬੁੱਢਾ ਜੋੜ ਟਕਸਾਲ, ਮਸਤੂਆਣਾ ਟਕਸਾਲ, ਸੇਵਾ ਪੰਥੀ ਟਕਸਾਲ, ਦਮਦਮੀ ਟਕਸਾਲ, ਦੋਧਰਪੁਰ ਦੀ ਟਕਸਾਲ, ਸਿੰਘਾਂ ਵਾਲਾ ਟਕਸਾਲ, ਹਰਗਨਾ ਦੀ ਟਕਸਾਲ, ਤਰਨਤਾਰਨ ਦੀ ਟਕਸਾਲ, ਡੁਮੇਲੀ ਦੀ ਟਕਸਾਲ, ਕਲੇਰਾਂ ਵਾਲਾ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਸਿੱਖ ਮਿਸ਼ਨਰੀ ਕਾਲਜ, ਦਮਦਮਾ ਸਾਹਿਬ, ਗੁਰਮਤਿ

ਵਿਦਿਆਲਾ ਰਕਾਬਗੰਜ, ਦਿੱਲੀ, ਸੈਂਟਰਲ ਯਤੀਮਖਾਨਾ ਅੰਮ੍ਰਿਤਸਰ, ਸੂਰਮਾ ਆਸ਼ਰਮ, ਅੰਮ੍ਰਿਤਸਰ, ਜਵੱਦੀ ਟਕਸਾਲ, ਲੁਧਿਆਣਾ, ਗੁਰਮਤਿ ਕਾਲਜ, ਨਵੀਂ ਦਿੱਲੀ, ਅੰਮ੍ਰਿਤ ਕੀਰਤਨ ਟਰਸਟ, ਚੰਡੀਗੜ੍ਹ, ਗੁਰਮਤਿ ਸੰਗੀਤ ਸੁਸਾਇਟੀ ਪਟਿਆਲਾ, ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ, ਗੁਰਮਤਿ ਸੰਗੀਤ ਅਕਾਦਮੀ, ਅੰਮ੍ਰਿਤਸਰ, ਸ੍ਰੀ ਗੁਰੂ ਗਿਆਨ ਪ੍ਰਕਾਸ਼ ਫਾਊਂਡੇਸ਼ਨ, ਨਵੀਂ ਦਿੱਲੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਗੁਰਮਤਿ ਮਿਸ਼ਨਰੀ ਸੰਸਥਾਵਾਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਆਦਿ ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੋਂ ਇਲਾਵਾ ਦੇਸ-ਵਿਦੇਸ਼ ਦੀਆਂ ਅਨੇਕ ਸਿੰਘ ਸਭਾਵਾਂ, ਸੰਸਥਾਵਾਂ ਗੁਰਮਤਿ ਵਿਦਿਆਲੇ ਗੁਰ ਸ਼ਬਦ ਕੀਰਤਨ ਦੇ ਪ੍ਰਚਾਰ ਪ੍ਰਸਾਰ ਦੀ ਸੇਵਾ ਵਿੱਚ ਜੁਟੀਆਂ ਹੋਈਆਂ ਹਨ ।

ਵਰਤਮਾਨ ਸਮੇਂ ਸਦੀਆਂ ਤੋਂ ਸਿੱਖ ਗੁਰੂ ਸਾਹਿਬਾਨਾਂ ਦੁਆਰਾ ਸਥਾਪਤ ਤੇ ਸਿੱਖ ਪੰਥ ਦੁਆਰਾ ਵਿਕਸਤ ਗੁਰੂ ਸ਼ਬਦ ਕੀਰਤਨ ਦੀ ਇਹ ਮਰਿਆਦਤ ਸੰਗੀਤ ਪਰੰਪਰਾ ਨੇ ਗੁਰਮਤਿ ਸੰਗੀਤ ਦੇ ਰੂਪ ਵਿੱਚ ਸੁਤੰਤਰ ਤੇ ਮੌਲਿਕ ਪਹਿਚਾਣ ਬਣਾਈ ਹੈ । ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤ ਵਿਗਿਆਨ ਨੂੰ ਅਸੀਂ ਸਿੱਖ ਸੰਗੀਤ ਵਿਗਿਆਨ **Sikh Musicology** ਵਜੋਂ ਜਾਣ ਸਕਦੇ ਹਾਂ । ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਰਦੇਸ਼ਤ ਤੇ ਨਿਰਧਾਰਤ ਗੁਰਮਤਿ ਸੰਗੀਤ ਪਰੰਪਰਾ ਦੇ ਮੌਲਿਕ ਵਿਧਾਨ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਮਰਿਆਦਤ ਪਰੰਪਰਾ ਅਨੁਸਾਰ ਨਿਰਧਾਰਤ ਰਾਗਾਂ ਵਿੱਚ ਸ਼ਬਦ ਕੀਰਤਨ ਕੀਤਾ ਜਾਵੇ । ਇਸੇ ਮਨੋਰਥ ਦੀ ਪੂਰਤੀ ਲਈ ਸਿੱਖੀ ਦੀਆਂ ਮਹਾਨ ਪਰੰਪਰਾਵਾਂ ਵਿੱਚੋਂ ਪ੍ਰਮੁੱਖ ਤੇ ਕੇਂਦਰੀ ਗੁਰ ਸ਼ਬਦ ਦੀ ਇਸ ਪਰੰਪਰਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁੱਖ ਰਾਗਾਂ ਅਤੇ ੩੧ ਰਾਗ ਪ੍ਰਕਾਰਾਂ ਦੇ ਪ੍ਰਯੋਗ ਦੇ ਅਧੀਨ ਸ਼ਬਦ ਕੀਰਤਨ ਰੂਪ ਵਿੱਚ ਸਮਝਣ ਤੇ ਜਾਨਣ ਲਈ ਇਹ ਸ਼ਬਦ ਕੀਰਤਨ ਰਚਨਾਵਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਦੀਆਂ ਸੁਰ ਲਿਪੀਆਂ ਇਸ ਪੁਸਤਕ ਵਿੱਚ ਅੰਕਿਤ ਕੀਤੀਆਂ ਜਾ ਰਹੀਆਂ ਹਨ । ਇਹ ਸ਼ਬਦ ਕੀਰਤਨ ਰਚਨਾਵਾਂ ਪੁਸਤਕ ਵਿੱਚ ਖਾਮੋਸ਼ ਸੁਰ ਲਿਪੀਆਂ ਹੀ ਨਹੀਂ ਸਗੋਂ ਗੁਰ ਕ੍ਰਿਪਾ ਦੁਆਰਾ ਭਾਰਤ ਦੀ ਪ੍ਰਮੁੱਖ ਰਿਕਾਰਡਿੰਗ ਕੰਪਨੀ ਐਚ. ਐਮ. ਵੀ. ਦੁਆਰਾ ਦਸ ਆਡਿਓ ਕੈਸਟਾਂ ਅਤੇ ੬ ਸੀਡੀਜ਼ ਦੇ ਅਧੀਨ ਕੀਰਤਨ ਰੂਪ ਵਿੱਚ ਇਨ੍ਹਾਂ ਨੂੰ ਰਿਕਾਰਡ ਵੀ ਕੀਤਾ ਹੈ (ਵੇਖੋ ਅੰਤਿਕਾ-੧) ਇਸ ਸ਼ਬਦ ਕੀਰਤਨ ਵਿੱਚ ਵੱਖ-ਵੱਖ ਤੰਤੀ ਸਾਜ਼ਾਂ ਦਾ ਵਾਦਨ ਅਤੇ ਰਾਗ ਗਾਇਨ ਰੂਪ, ਰਹਾਉ, ਅੰਕ ਆਦਿ ਵਰਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਰਦੇਸ਼ਿਤ ਤੇ ਮਰਿਆਦਤ ਫਰਮਾਨਾਂ ਦਾ ਪਾਲਣ ਇਸ ਕਾਰਜ ਦੀ ਵਿਸ਼ੇਸ਼ਤਾ ਹੈ । ਇਸ ਪੁਸਤਕ ਵਿੱਚ ਅੰਕਿਤ ਸ਼ਬਦ ਸੁਰਲਿਪੀਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਂ ਵਿੱਚੋਂ ਕਠਿਨ ਤੇ ਸਮਝਣ ਯੋਗ ਸ਼ਬਦਾਂ ਦੇ ਅਰਥ ਵੀ ਆਪ ਸਭ ਦੇ ਸਨਮੁਖ ਹਨ ।

# ੧. ਸਿਰੀ

ਸਿਰੀ ਰਾਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗੀਤ ਪ੍ਰਬੰਧ ਅਧੀਨ ਰਾਗਾਤਮਕ ਬਾਣੀ ਦੇ ਨਿਰਧਾਰਣ ਹਿਤ ਪ੍ਰਥਮ ਸਥਾਨ ਦਿੱਤਾ ਗਿਆ ਹੈ। ਇਸ ਰਾਗ ਵਿਚ ਮਹਲਾ ੧, ੨, ੩, ੪, ੫, ਭਗਤ ਕਬੀਰ ਜੀ, ਭਗਤ ਤ੍ਰਿਲੋਚਨ ਜੀ, ਭਗਤ ਬੇਣੀ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਸਿਰੀ ਰਾਗ ਦੇ ਮਹੱਤਵ ਨੂੰ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਪ੍ਰਗਟਾਇਆ ਹੈ:

*ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

ਭਾਈ ਗੁਰਦਾਸ ਜੀ ਨੇ ਸਿਰੀ ਰਾਗ ਦੀ ਉਚਤਾ ਨੂੰ ਆਪਣੀ ਬਾਣੀ ਵਿਚ ਇਉਂ ਬਿਆਨਿਆ ਹੈ :

**ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ ।**

(ਕਬਿੱਤ ਸਵੈਯੇ, ੩੭੬, ਭਾਈ ਗੁਰਦਾਸ)

ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਆਰੋਹ ਵਿਚ ਗੰਧਾਰ ਧੈਵਤ ਵਰਜਿਤ ਹੈ। ਇਸ ਰਾਗ ਦੀ ਸੁੰਦਰਤਾ ਰੇ ਪ ਅਤੇ ਪ ਰੇ ਸੁਰ ਸੰਗਤੀਆਂ ਉੱਤੇ ਨਿਰਭਰ ਹੈ। ਸ਼ਾਸਤਰੀ ਦ੍ਰਿਸ਼ਟੀਕੋਣ ਅਨੁਸਾਰ ਪੂਰਵਾਂਗ ਵਿਚ ਰਿਸ਼ਭ ਉਪਰ ਕ੍ਰਮਵਾਰ ਗੰਧਾਰ ਅਤੇ ਸ਼ੜਜ ਦੀ ਕਣ ਛੋਹ ਇਸ ਰਾਗ ਦੀ ਨਿੱਜੀ ਵਿਸ਼ੇਸ਼ਤਾ ਹੈ (ਗਰੇ ਸਰੇ)। ਇਹ ਰਾਗ ਗੰਭੀਰ ਪ੍ਰਕ੍ਰਿਤੀ ਦਾ ਧਾਰਣੀ ਹੋਣ ਕਰਕੇ ਭਗਤੀ ਭਾਵ ਵਾਲੀਆਂ ਗੰਭੀਰ ਰਚਨਾਵਾਂ ਲਈ ਬਹੁਤ ਢੁਕਵਾਂ ਸਮਝਿਆ ਜਾਂਦਾ ਹੈ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਪੂਰਵੀ, ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼** ਅਤੇ **ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ, ਮੇਂ ਪ, ਨੀ ਸਂ।

**ਅਵਰੋਹ** : ਸਂ ਨੀ ਧੁ ਪ, ਮੇਂ ਗ ਰੇ, ਸ।

**ਮੁੱਖ ਅੰਗ** : ਸ, ਸਰੇ, ਗਰੇ, ਪ, ਪ ਮੇਂ ਗ ਰੇ, ਰੇ, ਰੇ, ਸ।

**ਸੁਰ ਵਿਸਥਾਰ** : ੧. ਸ, ਸ ਸਰੇ ਗਰੇ, ਸ, ਗ ਰੇ ਮੇਂ ਗ ਰੇ, ਸ, ਸ ਰੇ ਰੇ ਧੁ, ਮੇਂ ਪ ਮੇਂ ਧੁ ਮੇਂ ਗ ਰੇ, ਗ ਰੇ ਨੀ ਰੇ ਸ।

੨. ਸ, ਰੇ ਗ ਰੇ, ਰੇ ਰੇ ਮੇਂ ਪ, ਮੇਂ ਪ ਨੀ ਧੁ ਰੇਂ ਮੇਂ ਪਂ, ਮੇਂ ਗਂ ਰੇਂ ਸਂ, ਰੇਂ ਨੀ ਧੁ ਪ, ਮੇਂ ਪ ਮੇਂ ਧੁ ਪ, ਪ ਮੇਂ ਧੁ ਮੇਂ ਗ ਰੇ, ਨੀ ਰੇ ਸਾ।

## ੧ੴ ਸਤਿਗੁਰ ਪ੍ਰਸਾਦਿ ॥

## ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ[੧] ਅਗਰਿ ਚੰਦਨਿ[੨] ਲੀਪਿ[੩] ਆਵੈ ਚਾਉ ॥
ਮਤੁ[੪] ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥੧॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ[੫] ਲਾਲ ਜੜਾਉ ॥
ਮੋਹਣੀ[੬] ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥
ਸਿਧੁ[੭] ਹੋਵਾ ਸਿਧਿ[੮] ਲਾਈ ਰਿਧਿ[੯] ਆਖਾ ਆਉ ॥
ਗੁਪਤੁ[੧੦] ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥
ਸੁਲਤਾਨੁ ਹੋਵਾ ਮੇਲਿ[੧੧] ਲਸਕਰ ਤਖਤਿ ਰਾਖਾ ਪਾਉ[੧੨] ॥
ਹੁਕਮੁ[੧੩] ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ[੧੪] ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪)*

---

੧. ਕੇਸਰ ੨. ਇਕ ਕਿਸਮ ਦੀ ਖ਼ੁਸ਼ਬੂਦਾਰ ਲੱਕੜੀ (ਊਦ) ਨਾਲ ।
੩. ਇਨ੍ਹਾਂ ਖ਼ੁਸ਼ਬੂਦਾਰ ਚੀਜ਼ਾਂ ਨਾਲ ਲਿੰਬ ਕੇ ਇਉਂ ਬਣਾਇਆ ਹੋਵੇ ਕਿ ਦੇਖ-ਦੇਖ ਕੇ ਮਨ ਪਿਆ ਖ਼ੁਸ਼ ਹੋਵੇ । ੪. ਮਤਾਂ ਐਸੇ ਮਕਾਨਾਂ ਨੂੰ ਵੇਖ ਕੇ ਮੈਂ ਭੁਲੇਖਾ ਖਾ ਜਾਵਾਂ, ਤੇ ਤੇਰਾ ਨਾਮ ਵਿਸਰ ਜਾਵੇ ਅਤੇ ਮੁੜ ਕੇ ਚਿੱਤ ਵਿੱਚ ਹੀ ਨਾ ਆ ਸਕੇ ।
੫. ਪਲੰਘ ਨਾਲ ਲਾਲ ਜੜੇ ਹੋਏ ਹੋਣ । ੬. ਸੁੰਦਰ ਇਸਤਰੀ ਹੋਵੇ ਜਿਸਦੇ ਮੂੰਹ ਉਤੇ ਜਵਾਹਰਾਤ ਸੁਹਾਉਂਦੇ ਹੋਣ, ਤੇ ਉਹ ਪਿਆਰ ਵਿੱਚ ਹਾਵ ਭਾਵ ਕਰਦੀ ਹੋਵੇ । ਰੰਗਿ = ਪਿਆਰ ਜਾਂ ਖ਼ੁਸ਼ੀ ਵਿੱਚ । ਪੁਸਾਉ = ਪਸਾਰਾ, ਹਾਵ ਭਾਵ ।
੭. ਕਰਾਮਾਤਾਂ ਕਰਨ ਵਾਲਾ । ੮. ਸਿਧੀਆਂ (ਜਾਂ ਕਰਾਮਾਤੀ ਸ਼ਕਤੀਆਂ) ਲਾਵਾਂ, ਜਿਵੇਂ ਬਾਜ਼ਾਰ ਲਾਈਦਾ ਹੈ, ਭਾਵ ਦਿਖਾਵਾ ਕਰਾਂ । ੯. ਰਿਧੀਆਂ(=ਧਨ ਸੰਪਦਾ ਪੈਦਾ ਕਰਨ ਦੀਆਂ ਤਾਕਤਾਂ) ਨੂੰ ਆਖਾਂ ਕਿ ਮੇਰੇ ਪਾਸ ਆਉ, ਅਰਥਾਤ ਮੇਰੇ ਵੱਸ ਵਿੱਚ ਹੋਣ । ੧੦. ਮੈਂ (ਕਰਾਮਾਤੀ ਤਾਕਤਾਂ ਨਾਲ) ਨਜ਼ਰੋਂ ਓਹਲੇ ਜਾਂ ਜ਼ਾਹਰ ਹੋ ਬੈਠਾਂ, ਅਤੇ ਲੋਕ ਮੇਰੇ ਉਤੇ ਸ਼ਰਧਾ ਰੱਖਣ । ੧੧. ਇਕੱਠੇ ਕਰ ਕੇ । ੧੨. ਪੈਰ ।
੧੩. ਲੋਕਾਂ ਉਤੇ ਹੁਕਮ ਕਰਨ ਅਤੇ ਮਾਮਲਾ ਉਗਰਾਹੁਣ ਦੀ ਤਾਕਤ । ਹਾਸਲੁ — ਮਹਸੂਲ, ਮਾਮਲਾ । ੧੪. ਪਉਣ, ਵਤ, ਵਿਅਰਥ ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੪।

**ਰਾਗ ਸਿਰੀ** | **ਮਹਲਾ ੧** | **ਤਿੰਨ ਤਾਲ**

| × | 2 | 0 | 3 |
|---|---|---|---|
| **ਸਥਾਈ** | ਸਰੇ ਨ਼ੀਸ ਪ ਪ | ਮੰ ਧ ਮੰ ਮੰ | ਗ ਰੇ - ਸ |
| | ਹऽ ਰਿऽ ਥਿ ਹੁ | ਜੀ ऽ ਉ ਜ | ਲਿ ਬ ऽ ਲਿ |
| [ਗ]ਰੇ - - [ਸ]ਰੇ | - - - - | ਸ ਨ਼ੀ ਧ ਪ਼ | ਮ਼ੰ ਪ਼ ਨ਼ੀ ਸ |
| ਜਾ ऽ ऽ ਉ | ऽ ऽ ऽ ऽ | ਮੈ ऽ ਆ ਪ | ਣਾ ऽ ਗੁ ਰੁ |
| - ਸ - ਨ਼ੀ | ਰੇ ਰੇ ਸ - | - ਸ ਪ ਪ | ਮੰ ਧ ਮੰ ਗ |
| - ਪੂ ऽ ਛਿ | ਦੇ ਖਿ ਆ ऽ | ऽ ਅ ਵ ਰੁ | ਨਾ ऽ ਹੀ ऽ |
| [ਗ]ਰੇ - [ਸ]ਰੇ - | | | |
| ਥਾ ऽ ਉ ऽ | | | |
| **ਅੰਤਰਾ** | | - ਮੰ ਮੰ ਪ | ਨੀ - ਸਂ ਸਂ |
| | | ऽ ਮੋ ਤੀ ਤ | ਮੰ ऽ ਦ ਰ |
| - ਸਂ - ਨ਼ੀ | ਰੇਂ- - ਸਂ - | - ਰੇਂਰੇਂ ਰੇਂ | [ਸ]ਨੀ - [ਸ]ਰੇਂ - |
| ऽ ਊ ऽ ਸ | ਰਹਿ ऽ ऽ ऽ | ऽ ਰਤ ਨੀ ਤ | ਹੋ ऽ ਹਿ ऽ |
| - ਰੇਂ ਗਂ ਰੇਂ | ਨੀ ਰੇਂ ਸਂ - | - ਮੰਮੰ ਪ ਪ | ਨੀ - ਸਂ - |
| ऽ ਜ ੜਾ ऽ | ਉ ऽ ऽ ऽ | ऽ ਕਸ ਤੂ ਰਿ | ਕੁੰ ऽ ਗੂ ऽ |
| - ਸਂ ਸਂ ਨੀ | ਰੇਂ - ਸਂ ਸਂ | - ਰੇਂ - ਰੇਂ | [ਸ]ਨੀ - [ਸ]ਰੇਂ - |
| ऽ ਅ ਗ ਰਿ | ਚੰ ऽ ਦ ਨਿ | - ਲੀ - ਪਿ | ਆ ऽ ਵੈ ऽ |
| - ਰੇਂ ਗਂ ਰੇਂ | ਨੀ ਰੇਂ ਸਂ - | ਸਂ ਨੀ ਧ ਪ | ਪ - ਮੰ ਗ |
| ऽ ਚਾ ऽ ऽ | ਉ ऽ ऽ ऽ | ਮ ਤੁ ਦੇ ਖਿ | ਭੂ ऽ ਲਾ ऽ |
| - ਰੇ ਗ ਰੇ | ਸ - ਸਰੇ ਨ਼ੀਸ | - ਪ ਪ ਪ | ਮੰ ਧ ਮੰ ਗ |
| ऽ ਵੀ ऽ ਸ | ਰੈ ऽ ਤੇऽ ਰਾऽ | ऽ ਚਿ ਤਿ ਨ | ਆ ऽ ਵੈ ऽ |
| [ਗ]ਰੇ - - [ਸ]ਰੇ | | | |
| ਨਾ ऽ ऽ ਉ | * | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨. ਮਾਝ

ਪੰਜਾਬੀ ਲੋਕ ਸੰਗੀਤ ਤੋਂ ਵਿਕਸਿਤ ਰਾਗ ਮਾਝ, ਅਪ੍ਰਚਲਿਤ ਤੇ ਜਟਿਲ ਹੁੰਦਿਆ ਹੋਇਆ ਵੀ ਗਾਇਨ ਹਿਤ ਰੰਜਕ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਦੇ ਦੋਵੇਂ ਰੂਪ ਅਤੇ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਖਮਾਜ, ਜਾਤੀ ਔੜਵ-ਵਕਰ-ਸੰਪੂਰਣ ਅਤੇ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

ਆਰੋਹ : ਸ ਰੇ, ਮ ਪ, ਨੀ ਸਂ।

ਅਵਰੋਹ : ਸਂ ਨੁੀ ਧ ਪ, ਧ ਮ ਗ ਮ, ਰੇ ਪ ਗੁ ਰੇ ਗੁ ਸ ਰੇ ਨ਼ੀ ਸ।

ਮੁੱਖ ਅੰਗ : ਪ, ਧ ਮ ਗ ਮ, ਰੇ ਪ, ਮ ਗੁ ਰੇ, ਗੁ ਸ ਰੇ ਨ਼ੀ ਸ।

ਸੁਰ ਵਿਸਥਾਰ : ੧. ਸ ਰੇ ਨ਼ੀ ਨ਼ੀ ਸ, ਨੁ਼ੀ ਧ਼ ਪ਼ ਪ਼ ਨ਼ੀ ਸ, ਰੇ ਮ ਪ, ਧ ਮ
ਗੁ ਰੇ, ਪ ਮ ਗੁ ਰੇ, ਰੇ, ਪ ਧ ਮ ਗੁ ਰੇ, ਮ ਗ ਮ, ਰੇ
ਪ ਮ ਗੁ ਰੇ, ਗੁ ਰੇ ਨ਼ੀ ਸ।

੨. ਪ ਪ ਧ ਪ, ਮ ਗੁ ਰੇ, ਰੇ ਮ ਪ, ਧ ਮ ਪ ਨੀ ਸਂ, ਗੁਂ
ਰੇਂ, ਮਂ ਗੁਂ ਰੇਂ, ਗੁਂ ਸਂ ਰੇਂ ਨੀ ਸਂ, ਰੇਂ ਨੁੀ ਧ ਪ, ਮ ਪ
ਸਂ ਨੁੀ ਧ ਪ, ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨ਼ੀ ਸ।

## ਮਾਝ ਮਹਲਾ ੫ ਚਉਪਦੇ ਘਰੁ ੧ ॥

ਮੇਰਾ ਮਨੁ ਲੋਚੈ[1] ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ[2]॥
ਤ੍ਰਿਖਾ[3] ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ[4]॥
ਚਿਰੁ ਹੋਆ ਦੇਖੇ ਸਾਰਿੰਗਪਾਣੀ[5]॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ[6] ਜੀਉ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੧॥ਰਹਾਉ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ[7]॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ[8] ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ[9] ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ[10] ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥੧॥੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬)*

---

੧. ਤਾਂਘਦਾ ਹੈ।
੨. ਵਿਰਲਾਪ ਕਰਦਾ ਹੈ, ਵਿਲ੍ਹਕਦਾ ਹੈ, ਚਾਤ੍ਰਿਕ ਵਾਂਗ।
੩. ਤੇਹ।
੪. ਤੇਰੀ ਬਾਣੀ ਅਸਲੀ ਗਿਆਨ ਦੀ ਧੁਨੀ ਵਾਲੀ ਹੈ, ਭਾਵ ਅਸਲੀ ਗਿਆਨ ਦੀ ਪਰਾਪਤੀ ਕਰਵਾਂਦੀ ਹੈ।
੫. (ਪ੍ਰਿਥੀ ਹੈ ਜਿਸ ਦੇ ਹੱਥ ਵਿੱਚ) ਵਾਹਿਗੁਰੂ।
੬. (ਮੁਰ ਰਾਖਸ਼ ਨੂੰ ਮਾਰਨ ਵਾਲਾ, ਕ੍ਰਿਸ਼ਨ) ਵਾਹਿਗੁਰੂ।
੭. ਇਕ ਘੜੀ ਨਹੀਂ ਸਉ ਮਿਲਦੇ, ਤਾਂ ਮੇਰੇ ਭਾਣੇ ਕਲਜੁਗ ਆ ਜਾਦਾ ਸੀ।
੮. ਮੈਨੂੰ ਰਾਤ ਨਹੀ ਬੀਤਦੀ।
੯. ਨਾ ਨਾਸ ਹੋਣ ਵਾਲ਼ਾ ।
੧੦. ਇਕ ਪਲ ਦਾ ਤੀਹਵਾਂ ਹਿੱਸਾ, ਬਹੁਤ ਥੋੜ੍ਹਾ ਸਮਾਂ

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੯੬।

## ਰਾਗ ਮਾਝ — ਮਹਲਾ ੫ — ਦੀਪਚੰਦੀ ਤਾਲ

| × | 2 | 0 | 3 |
|---|---|---|---|
| ***ਸਥਾਈ*** | ਰੇਮ ਪਧ ਮ ਪ | ਮਗ ਮ - | ਗੁ - ਰੇ - |
| | ਹਉ ऽ ਘੋऽ ऽ | ਲੀऽ ऽ ऽ | ਜੀ ऽ ਉ ऽ |
| ਪ - - | ਪ - ਪ - | ਪ- ਧ - | ਮ ਪ ਮਗ ਮ |
| ਘੰ ऽ ऽ | ਲਿ ऽ ਘੁ ऽ | ਮਾऽ ऽ ऽ | ਈ ऽ ऽऽ ऽ |
| ਗੁ ਰੇ - | ਰੇਰੇ ਮਮ ਪ ਪ | ਨੀ - - | ਸਂ - - - |
| ऽ ऽ ऽ | ਗੁਰ ਦਰ ਸ ਨ | ਸੰ ऽ ऽ | ਤ ऽ ऽ ऽ |
| - - ਸਂ | ਸਂ ਨੀ ਧ ਪ | ਮਪ ਧ - | ਮ ਪ ਮਗ ਮ |
| ऽ ऽ ਪਿ | ਆ ऽ ਰੇ ऽ | ਜੀ ऽ ऽ | ਉ ऽ ऽ ऽ |
| ਗੁ ਰੇ - | | | |
| ऽ ऽ ऽ | | | |
| ***ਅੰਤਰਾ*** | ਰੇ ਮ ਪ ਪ | ਨੀ ਨੀ - | - - - - |
| | ਮੇ ਰਾ ਮ ਨੁ | ਲੋ ਚੈ ऽ | ऽ ऽ ऽ ऽ |
| - ਨੀ ਨੀ | ਸਂ ਸਂ ਸਂ ਸਂ | ਰੇਂ - ਸਂਨੀ | ਸਂ - - - |
| ऽ ਗੁ ਰ | ਦ ਰ ਸ ਨ | ਤਾ ऽ ऽ | ਈ ऽ ऽ ऽ |
| - - - | ਰੇਂ ਰੇਂ ਰੇਂ ਗੁਂ | ਰੇਂ - - | - - - - |
| ऽ ऽ ऽ | ਬਿ ਲ ਪ ਕ | ਰੇ ऽ ऽ | ऽ ऽ ऽ ऽ |
| - - ਰੇਂ | ਗੁਂ ਰੇਂ ਗੁ ਸਂ | ਰੇਂ- - ਨੀ | ਸਂ - - - |
| ऽ ऽ ਚਾ | ਤ੍ਰਿ ਕ ਕੀ ऽ | ਨਿਆ ऽ ऽ | ਈ ऽ ऽ ऽ |
| - - - | ਸਂ ਸਂ - ਰੇਂ | ਸਂਨੀ ਨੀ - | ਧ - ਪ - |
| ऽ ऽ ऽ | ਤ੍ਰਿ ਖਾ ऽ ਨ | ਉ ਤ ऽ | ਰੈ ऽ ऽ ऽ |
| - - - | ਮਪ ਧ ਮ ਪ | ਮਗ ਮ - | ਗੁ - ਰੇ - |
| ऽ ऽ ऽ | ਸਾਂ ऽ ਤਿ ਨ | ਆऽ ऽ ऽ | ਵੈ ऽ ऽ ऽ |
| - - - | ਸਂਸਂ ਸਂਸਂ ਸਂ ਰੇਂ | ਨੀ - - | ਧ - ਪ - |
| ऽ ऽ ऽ | ਬਿਨੁ ਦਰ ਸ ਨ | ਸੰ ऽ ऽ | ਤ ऽ ऽ ऽ |
| - - ਪ | ਪ ਧ ਮ ਪ | ਮਗ ਮ - | ਗੁ - ਰੇ - |
| ऽ ऽ ਪਿ | ਆ ऽ ਰੇऽ ऽ | ਜੀऽ ऽ ऽ | ਉ ऽ ऽ ऽ |
| - - - | | | |
| ऽ ऽ ऽ | * | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩. ਗਉੜੀ

ਰਾਗ ਗਉੜੀ ਇਕ ਪ੍ਰਾਚੀਨ ਅਤੇ ਪ੍ਰਸਿੱਧ ਰਾਗ ਹੈ। ਗੁਰਮਤਿ ਸੰਗੀਤ ਵਿਚ ਇਹ ਇਕ ਮਹੱਤਵਪੂਰਣ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫, ੯ ਅਤੇ ਭਗਤ ਕਬੀਰ ਜੀ ਦੀ ਬਾਣੀ ਅੰਕਿਤ ਹੈ। ਰਾਗ ਗਉੜੀ ਬਾਰੇ ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ:

***ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥***

***(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੧)***

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਇਕ ਅਜਿਹਾ ਰਾਗ ਹੈ, ਜਿਸ ਦੇ ਸਭ ਤੋਂ ਜ਼ਿਆਦਾ ਪ੍ਰਕਾਰ ਦਰਜ ਹਨ :

| | | |
|---|---|---|
| ੧. ਗਉੜੀ ਗੁਆਰੇਰੀ | ੨. ਗਉੜੀ ਦੱਖਣੀ | ੩. ਗਉੜੀ ਬੈਰਾਗਣਿ |
| ੪. ਗਉੜੀ ਚੇਤੀ | ੫. ਗਉੜੀ ਦੀਪਕੀ | ੬. ਗਉੜੀ ਪੂਰਬੀ ਦੀਪਕੀ |
| ੭. ਗਉੜੀ ਪੂਰਬੀ | ੮. ਗਉੜੀ ਮਾਝ | ੯. ਗਉੜੀ ਮਾਲਵਾ |
| ੧੦. ਗਉੜੀ ਮਾਲਾ | ੧੧. ਗਉੜੀ ਸੋਰਠਿ | |

ਗੁਰਮਤਿ ਸੰਗੀਤ ਤੋਂ ਇਲਾਵਾ ਭਾਰਤੀ ਸੰਗੀਤ ਵਿਚ ਵੀ ਗਉੜੀ ਰਾਗ ਪੁਰਾਤਨ ਅਤੇ ਮਹੱਤਵਪੂਰਨ ਰਾਗ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਇਸ ਨੂੰ ਕਈ ਨਾਵਾਂ ਨਾਲ ਲਿਖਿਆ ਗਿਆ ਹੈ, ਜਿਵੇਂ ਗੋਰੀ, ਗੌੜੀ, ਗਵਰੀ, ਗਉਰੀ ਆਦਿ।

ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਕੋਮਲ ਲਗਦੇ ਹਨ। ਇਸ ਵਿਚ ਬਾਕੀ ਸੁਰ ਸ਼ੁੱਧ ਅਤੇ ਆਰੋਹ ਵਿਚ ਗੰਧਾਰ, ਧੈਵਤ ਨੂੰ ਵਰਜਿਤ ਕੀਤਾ ਜਾਂਦਾ ਹੈ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਭੈਰਵ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ, ਰੇ॒ ਗ ਰੇ॒, ਮ ਪ, ਨੀ ਸਂ।

**ਅਵਰੋਹ** : ਸਂ ਨੀ ਧ॒ ਮ ਪ, ਧ॒ ਪ ਮ ਗ, ਰੇ॒ ਗ ਰੇ॒, ਸ ਨ਼ੀ, ਸ।

**ਮੁੱਖ ਅੰਗ** : ਮ ਧ॒ ਪ, ਧ॒ ਮ ਪ ਮ ਗ ਰੇ॒, ਗ ਰੇ॒ ਸ ਨ਼ੀ, ਸ।

**ਸੁਰ ਵਿਸਥਾਰ** : ੧. ਸ, ਨ਼ੀ ਧ਼॒ ਨ਼ੀ, ਧ਼॒ ਪ਼, ਪ਼ ਨ਼ੀ ਸ, ਰੇ॒ ਮ ਗ ਰੇ॒,
ਰੇ॒ ਮ ਗ ਰੇ॒, ਰੇ॒ ਮ ਪ, ਧ॒ ਪ, ਧ॒ ਮ ਪ ਮ ਗ,
ਰੇ॒ ਗ ਰੇ॒, ਸ ਨ਼ੀ, ਸ।

੨. ਸ, ਰੇ॒ ਗ ਰੇ॒, ਮ ਪ, ਧ॒ ਪ ਧ॒ ਮ ਪ ਨੀ, ਧ॒ ਪ,
ਮ ਪ ਨੀ ਸਂ, ਰੇ॒ਂ ਗ ਰੇ॒ਂ, ਸਂ ਨੀ, ਮ ਪ ਨੀ ਧ॒ ਪ,
ਪ, ਮ ਧ॒ ਪ ਮ ਗ ਰੇ॒ ਗ, ਰੇ॒ ਗ ਰੇ॒, ਗ ਰੇ॒ ਸ
ਨ਼ੀ, ਨ਼ੀ ਰੇ॒ ਸ।

## ਗਉੜੀ ਮਹਲਾ ੯ ॥

ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ[1] ਕਾਹੇ ਗਵਾਵਉ॥੧॥ ਰਹਾਉ॥
ਪਤਿਤ[2] ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥
ਗਜ ਕੋ ਤ੍ਰਾਸੁ[3] ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥
ਤਜਿ[4] ਅਭਿਮਾਨ ਮੋਹ ਮਾਇਆ ਫੁਨਿ[5] ਭਜਨ ਰਾਮ ਚਿਤੁ ਲਾਵਉ॥
ਨਾਨਕ ਕਹਤ ਮੁਕਤਿ[6] ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੯)*

---

੧ ਵਿਅਰਥ, ਫ਼ਜ਼ੂਲ।
੨. ਡਿੱਗਿਆਂ ਨੂੰ ਪਵਿੱਤਰ ਕਰਨ ਵਾਲਾ ਤੇ ਦੀਨਾਂ ਦਾ ਬੰਧੂ ਹਰੀ ਹੈ।
੩. ਡਰ।
੪. ਹੰਕਾਰ ਅਤੇ ਮਾਇਆ ਦਾ ਮੋਹ ਛਡੋ, ਅਤੇ ਰਾਮ ਦੇ ਸਿਮਰਨ ਵਿੱਚ ਦਿਲ ਲਾਓ।
੫. ਫੇਰ, ਅਤੇ।
੬. ਮੁਕਤੀ ਦਾ ਰਾਹ ਇਹ ਹੈ।

* (ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੨੧੯

## ਰਾਗ ਗਉੜੀ ਮਹਲਾ ੯ ਤਿੰਨ ਤਾਲ

| × | 2 | 0 | 3 |
|---|---|---|---|
| **ਸਥਾਈ** | ਸਂਨੀ ਨੀਧੁ ਮ ਪ | - ਧੁ ਪਧੁ -ਮ | ਪ ਗ ਰੇ ਗ |
| | ਸਾਃ ਃਃ ਧੋਃ ਃ | ਃ ਗੋ ਃਬਿੰ ਃਦ | ਕੇ ਃ ਗੁ ਨ |
| ਰੇ - ਸ- - | - ਰੇ ॱਨੀ ਸਰੇ | ਮ ਮ ਪ - | - ਪਧ ਮਪ ਨੀ |
| ਗਾ ਃ ਵਉ ਃ | ਃ ਮਾ ਃਨ ਃਸ | ਜ ਨ ਮੁ ਃ | ਃ ਅਮੋ ਃਲ ਃਕੁ |
| ਨੀ - ਸਂ- - | - ਸਂਰੇਂ -ਸਂ -ਰੇਂ | ਨੀ - ਸਂ ਸਂ | ਧੁ - ਮ- ਪ |
| ਪਾ ਃ ਇਓਃ | ਃ ਖਿਰ ਃਥਾ ਃਃ | ਕਾ ਃ ਹੇ ਗ | ਵਾ ਃ ਵਉ ਃ |
| - - - - | | | |
| ਃ ਃ ਃ ਃ | | | |
| **ਅੰਤਰਾ** | - ਧੁਪ -ਧੁ -ਮ | ਪ ਗ ਮ - | - ਪਧੁ ਪਮ ਪ |
| | ਃ ਪਤਿ ਃਤ ਃਪੁ | ਨੀ ਃ ਤ ਃ | ਃ ਦੀਃ ਃਃ ਨ |
| ਨੀ ਨੀ ਸਂ ਸਂ | - ਰੇਂਰੇਂ -ਰੇਂ -ਰੇਂ | ਰੇਂ - - - | ਸਂ ਸਂਰੇਂ -ਗਂ -ਰੇਂ |
| ਬਂ ਧ ਹ ਰਿ | ਃ ਸਰ ਃਨਿ ਃਤਾ | ਹਿ ਃ ਃ ਃ | ਃ ਤੁਮ ਃਆ ਃਃ |
| ਸਂ- - - - | - ਧੁਪ -ਧੁ -ਮ | ਪ ਗ ਮ - | - ਪਧੁ ਪਮ ਪ- |
| ਵਉ ਃ ਃ ਃ | ਃ ਗਜ ਃਕੋ ਃਃ | ਤ੍ਰਾ ਃ ਸੁ ਃ | ਃ ਮਿਟਿ ਓ ਜਿਹ |
| ਨੀ ਨੀ ਸਂ ਸਂ | - - ਰੇਂਰੇਂ ਰੇਂ | ਰੇਂ - - - | ਸਂਰੇਂ ਸਂਰੇਂ -ਗਂ -ਰੇਂ |
| ਸਿ ਮ ਰ ਤ | ਃ ਃ ਤੁਮ ਕਾ | ਹੇ ਃ ਃ ਃ | ਬਿਃ ਸਃ ਃਰਾ ਃਃ |
| ਸਂਸਂ - - - | - ਸਂਰੇਂ ਸਂ ਰੇਂ | ਸਂਰੇਂ ਨੀ - ਸਂ | ਧੁ ਮ ਪਪ - |
| ਵਉ ਃ ਃ ਃ | ਃ ਤੁਮ ਃਕਾ ਃਃ | ਹੇਃ ਃ ਬਿ ਸ | ਰਾ ਃ ਵਉ ਃ |
| - - - - | | | |
| ਃ ਃ ਃ ਃ | * | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪. ਗਉੜੀ ਗੁਆਰੇਰੀ

ਰਾਗ ਗਉੜੀ ਗੁਆਰੇਰੀ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਗਉੜੀ ਦੇ ਪ੍ਰਕਾਰ ਵਜੋਂ ਦਰਜ ਹੈ। ਇਸ ਰਾਗ ਅਧੀਨ ਮਹਲਾ ੧, ੩, ੪, ੫ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਭਾਰਤੀ ਸੰਗੀਤ ਦੀਆਂ ਦੋਵੇਂ ਪੱਧਤੀਆਂ ਦੇ ਸੰਗੀਤ ਗ੍ਰੰਥਾਂ ਵਿਚ ਰਾਗ ਦਾ ਉਲੇਖ ਨਹੀਂ ਮਿਲਦਾ। ਇਸ ਰਾਗ ਦਾ ਪ੍ਰਚਲਨ ਕੇਵਲ ਗੁਰਮਤਿ ਸੰਗੀਤ ਵਿਚ ਹੀ ਮਿਲਦਾ ਹੈ ਜਿਸਦਾ ਸੁਰਾਤਮਕ ਸਰੂਪ ਅਤਿ ਰੰਜਕ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁਧ, ਆਰੋਹ ਵਿਚ ਰਿਸ਼ਭ ਪੰਚਮ ਅਤੇ ਅਵਰੋਹ ਵਿਚ ਕੇਵਲ ਪੰਚਮ ਵਰਜਿਤ ਹੈ। ਇਸ ਦਾ ਵਾਦੀ **ਗੰਧਾਰ, ਸੰਵਾਦੀ ਧੈਵਤ, ਸਮਾਂ ਰਾਤ ਦਾ ਪਹਿਲਾ ਪਹਿਰ,** ਅਤੇ **ਜਾਤੀ ਔੜਵ-ਸ਼ਾੜਵ** ਹੈ।

**ਆਰੋਹ** : ਸ ਗ ਮ॑ ਧ, ਨੀ ਸਂ।

**ਅਵਰੋਹ** : ਸਂ ਨੀ ਧ, ਮ॑ ਗ ਰੇ̱ ਸ, ਰੇ̱ ਗ ਰੇ̱ ਸ ਨ਼ੀ।

**ਮੁੱਖ ਅੰਗ** : ਸਂ ਨੀ ਧ, ਮ॑ ਧ ਮ॑ ਗ ਰੇ̱ ਸ, ਰੇ̱ ਗ ਰੇ̱ ਸ ਨ਼ੀ।

**ਸੁਰ ਵਿਸਥਾਰ** :

੧. ਸ, ਨ਼ੀ ਸ, ਸ ਨ਼ੀ ਧ਼, ਨ਼ੀ ਸ, ਸ ਗ, ਮ॑ ਗ ਰੇ̱ ਗ ਰੇ̱ ਸ ਨ਼ੀ ਸ।

੨. ਸ, ਗ, ਗ ਮ॑ ਧ, ਮ॑ ਧ ਮ॑ ਗ, ਮ॑ ਧ ਨੀ ਸਂ, ਨੀ ਸਂ ਰੇ̱ਂ, ਸਂ ਨੀ, ਸਂ ਨੀ ਧ, ਮ॑ ਗ, ਮ॑ ਗ ਰੇ̱ ਸ, ਰੇ̱ ਗ ਰੇ̱ ਸ ਨ਼ੀ, ਸ।

੩. ਗ, ਮ॑ ਗ ਮ॑ ਧ, ਨੀ ਸਂ, ਸਂ ਸਂ ਗਂ ਮ॑ਂ ਗਂ ਰੇ̱ਂ ਸਂ, ਰੇ̱ਂ ਗਂ ਰੇ̱ਂ ਸਂ ਨੀ, ਸਂ, ਸਂ ਨੀ ਧ, ਮ॑ ਗ ਮ॑ ਧ, ਧ ਮ॑ ਗ, ਮ॑ ਗ ਰੇ̱ ਗ ਰੇ̱ ਸ ਨ਼ੀ ਸ।

# ਗਉੜੀ ਗੁਆਰੇਰੀ ਮਹਲਾ ੪ ॥

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ[੧] ਪ੍ਰੀਤਿ ਭਈ ਜਲਿ ਨਾਇ[੨]॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥
ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥
ਜਿਨ ਮਿਲਿਆ ਦੁਖ ਜਾਹਿ ਹਮਾਰੇ॥੧॥ ਰਹਾਉ॥
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ[੩] ਪ੍ਰੀਤਿ ਜਾ ਪਿਰੁ ਘਰਿ ਆਵੈ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥
ਸਾਰਿੰਗ[੪] ਪ੍ਰੀਤਿ ਬਸੈ[੫] ਜਲ ਧਾਰਾ॥
ਨਰਪਤਿ[੬] ਪ੍ਰੀਤਿ ਮਾਇਆ ਦੇਖਿ ਪਸਾਰਾ॥
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥੩॥
*ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥*
*ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ[੭]॥*
*ਜਨ ਨਾਨਕ ਪ੍ਰੀਤਿ[੮] ਸਾਧ ਪਗ ਚਾਟੇ ॥੪॥੩॥੪੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੪)*

---

੧. ਮੱਛੀ ਨੂੰ।
੨. ਨਹਾਉਣ ਨਾਲ। ਜਲ ਵਿੱਚ ਨਹਾਉਣ ਨਾਲ ਪ੍ਰੀਤੀ ਹੈ।
੩. ਇਸਤਰੀ ਨੂੰ।
੪. ਪਪੀਹਾ। ਦੇਖੋ ਪੰਨਾ ੬੫, ਫੁੱਟ ਨੋਟ*।
੫. (ਸ੍ਵਾਂਤੀ ਨਛੱਤਰ ਵਿੱਚ) ਲਗਾਤਾਰ ਮੀਹ ਵਸੇ।
੬. ਰਾਜੇ ਨੂੰ।
੭. ਗਲੇ ਲੱਗ ਕੇ।
੮. ਮਹਾਂ ਪੁਰਸ਼ਾਂ ਦੇ ਪੈਰ ਚੁੰਮਣ ਨਾਲ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੬੩

## ਰਾਗ ਗਉੜੀ ਗੁਆਰੇਰੀ ਮਹਲਾ ੪ ਝਪ ਤਾਲ (ਮੱਧ ਲੈਅ)

| × | | 2 | | | 0 | | 3 | | |
|---|---|---|---|---|---|---|---|---|---|
| ***ਸਥਾਈ*** | | | | | | | | | |
| ਧਮੰ | ਗਰੇ | ਸਸ | - | ਨ਼ੀਧ਼ | ਨ਼ੀ,ਰੇਰੇ | ਗਮੰ | ਸਂਨੀ-ਧ | ਮੰਗ-ਗ | -- |
| ਤੇऽ | ਹਰਿ | ਜਨ | ऽ | ਹਰਿ | ਮੇਲਹੁ | ਹਮ | ਪਿਆ | ਰੇऽ | ऽ |
| ਗਗ | ਮੰਧ | ਧ | -ਮੰ | -ਧ | ਨੀ | ਸਂਸਂ | ਸਨੀ | ਧਮੰ | ਗਗ |
| ਜਿਨ | ਮਿਲਿ | ਆ | ऽਦੁ | ऽਖ | ਜਾ | ਹਿ,ਹ | ਮਾऽ | ऽऽ | ਰੇऽ |
| ***ਅੰਤਰਾ*** | | | | | | | | | |
| ਗ | ਮੰਧ | ਧ | -ਮੰ | -ਧ | ਨੀਸਂ | ਸਂਸਂ | ਰੇਂ | -ਸਂ | - |
| ਮਾ | ਤਾऽ | ਪ੍ਰੀ | ऽਤਿ | ऽਕ | ਰੇऽ | ਪੁਤੁ | ਖਾ | ऽਇ | ऽ |
| ਧ | ਨੀਸਂ | ਗਂ | ਗਂ | -ਗਂ | ਮੰਗਂ | ਰੇਂਸਂ | ਸਂ | -ਸਂ | - |
| ਮੀ | ਨੇऽ | ਪ੍ਰੀ | ਤਿ | ऽਭ | ਈऽ | ਜਲਿ | ਨਾ | ऽਇ | ऽ |
| ਸਂਸਂ | ਸਂਸਂ | ਸਂ | ਸਂਨੀ | ਧਧ | ਮੰਧ | ਮੰਗ | ਰੇ | -ਸ | - |
| ਸਤਿ | ਗੁਰ | ਪ੍ਰੀ | ਤਿऽ | ਗੁਰ | ਸਿਖ | ਮੁਖਿ | ਪਾ | ऽਇ | ऽ * |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫. ਗਉੜੀ ਦੱਖਣੀ

ਰਾਗ ਗਉੜੀ ਦੱਖਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਦਖਣੀ ਸੰਗੀਤ ਦੇ ਰਾਗ ਪ੍ਰਕਾਰਾਂ ਵਿਚੋਂ ਪ੍ਰਥਮ ਹੈ ਜੋ ਦੱਖਣੀ ਸੰਗੀਤ ਦੇ ਮੇਲ ਮਾਯਾਮਾਲਵ ਗੌੜ ਅਨੁਸਾਰ ਸਰੂਪਿਤ ਕੀਤਾ ਜਾਂਦਾ ਹੈ। ਅਜੋਕੀ ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਦੇ ਗਾਇਨ ਵਾਦਨ ਵਿਚ ਕਾਫੀ ਅੰਤਰ ਹੈ। ਦੋਵੇਂ ਸੰਗੀਤ ਪੱਧਤੀਆਂ ਨੂੰ ਭਲੀ ਭਾਂਤ ਜਾਨਣ ਵਾਲੇ ਸੰਗੀਤ ਵਿਦਵਾਨ ਬਹੁਤ ਹੀ ਘੱਟ ਹਨ ਜਿਸ ਕਰਕੇ ਇਨ੍ਹਾਂ ਦੱਖਣੀ ਰਾਗਾਂ ਸਬੰਧੀ ਪੂਰਨ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਜਗਤ ਉਦਾਰ ਲਈ ਚਾਰ ਉਦਾਸੀਆਂ ਦੇ ਧਾਰਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਸ ਰਾਗ ਦਾ ਪ੍ਰਯੋਗ ਆਪਣੀ ਬਾਣੀ ਲਈ ਕੀਤਾ ਹੈ।ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ,ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ੍, ਮ ਪ, ਨੀ ਸਂ

**ਅਵਰੋਹ** : ਸਂ ਨੀ ਧ੍ਹ ਪ, ਮ ਗ ਰੇ੍, ਸ

**ਮੁੱਖ ਅੰਗ** : ਸ ਰੇ੍ ਮ ਪ, ਧ੍ਹ ਮ ਪ ਗ ਰੇ੍, ਸ

**ਸੁਰ ਵਿਸਥਾਰ** :

੧. ਸ, ਸ ਨ਼ੀ ਧ੍ਹ਼, ਪ਼, ਮ਼ ਪ਼, ਨ਼ੀ ਸ, ਨ਼ੀ ਸ ਰੇ੍ ਸ, ਸ ਰੇ੍ ਰੇ੍ ਮ ਪ, ਧ੍ਹ ਮ ਪ ਗ ਰੇ੍, ਸ।

੨. ਸ, ਰੇ੍ ਮ ਪ, ਧ੍ਹ ਮ ਪ, ਧ੍ਹ ਪ, ਰੇ੍ ਮ ਪ, ਮ ਪ ਨੀ ਸਂ, ਸਂ ਨੀ ਧ੍ਹ ਪ, ਮ ਪ ਨੀ ਧ੍ਹ ਪ, ਧ੍ਹ ਮ ਪ, ਮ ਗ ਰੇ੍ ਸ।

੩. ਪ, ਧ੍ਹ ਮ ਪ, ਨੀ ਸਂ, ਸਂ ਰੇਂ੍ ਸਂ, ਰੇਂ੍ ਮਂ ਪਂ, ਮਂ ਪਂ ਗਂ ਰੇਂ੍, ਸਂ ਨੀ ਸ ਰੇਂ੍ ਸਂ, ਨੀ ਧ੍ਹ ਪ, ਧ੍ਹ ਮ ਪ, ਰੇ੍ ਮ ਪ, ਨੀ ਧ੍ਹ ਪ, ਧ੍ਹ ਮ ਪ ਮ ਗ ਰੇ੍, ਸ।

# ਗਉੜੀ ਮਹਲਾ ੧ ਦਖਣੀ

ਸੁਣਿ ਸੁਣਿ ਬੂਝੈ ਮਾਨੈ ਨਾਉ ॥
ਤਾ ਕੈ ਸਦ ਬਲਿਹਾਰੈ ਜਾਉ ॥
ਆਪਿ ਭੁਲਾਏ ਠਉਰ[1] ਨ ਠਾਉ ॥
ਤੂੰ ਸਮਝਾਵਹਿ ਮੇਲਿ ਮਿਲਾਉ ॥੧॥
ਨਾਮੁ ਮਿਲੈ ਚਲੈ ਮੈ ਨਾਲਿ ॥
ਬਿਨੁ ਨਾਵੈ ਬਾਧੀ ਸਭ ਕਾਲਿ[2]॥੧॥ ਰਹਾਉ ॥
ਖੇਤੀ[3] ਵਣਜੁ ਨਾਵੈ ਕੀ ਓਟ ॥
ਪਾਪੁ ਪੁੰਨੁ ਬੀਜ ਕੀ ਪੋਟ[4]॥
ਕਾਮੁ ਕ੍ਰੋਧੁ ਜੀਅ[5] ਮਹਿ ਚੋਟ ॥
ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥
ਸਾਚੇ ਗੁਰ ਕੀ ਸਾਚੀ ਸੀਖ[6] ॥
ਤਨੁ ਮਨੁ ਸੀਤਲੁ[7] ਸਾਚੁ ਪਰੀਖ[8] ॥
ਜਲ ਪੁਰਾਇਨਿ[9] ਰਸ ਕਮਲ ਪਰੀਖ ॥
ਸਬਦਿ ਰਤੇ[10] ਮੀਠੇ ਰਸ ਈਖ ॥੩॥
ਹੁਕਮਿ ਸੰਜੋਗੀ ਗੜਿ[11] ਦਸ ਦੁਆਰ ॥
ਪੰਚ ਵਸਹਿ ਮਿਲਿ ਜੋਤਿ ਅਪਾਰ ॥
ਆਪਿ[12] ਤੁਲੈ ਆਪੇ ਵਣਜਾਰ ॥
ਨਾਨਕ ਨਾਮਿ ਸਵਾਰਣਹਾਰ ॥੪॥੫॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੨)*

---

੧. ਥਾਂ।
੨. ਕਾਲੇ ਨੇ, ਮੌਤ ਨੇ।
੩. ਅਸਲੀ ਖੇਤੀ ਤੇ ਵਣਜ ਨਾਮ ਦੀ ਓਟ ਹੈ।
੪. ਪੋਟਲੀ। ਮਨੁੱਖ ਪਾਪ ਪੁੰਨ ਰੂਪ ਬੀਜ ਦੀ ਪੋਟਲੀ ਹੈ।
੫. ਅੰਤਸ਼ਕਰਣ ਵਿੱਚ।
੬. ਸਿੱਖਿਆ।
੭. ਠੰਢਾ।
੮. ਪਰਖ।
੯. ਚੌਪੱਤੀ। ਜਲ ਉਪਰ ਚੌਪੱਤੀ ਅਤੇ ਰਸ (ਪਾਣੀ) ਅੰਦਰ ਕਮਲ ਵਾਂਗ ਨਿਰਲੇਪ ਹੋਣਾ ਉਸ ਦੀ ਪਰਖ ਹੈ।
੧੦. ਕਮਾਦ ਦੇ ਰਸ ਵਾਂਗ ਮਿੱਠੇ।
੧੧. (ਸਰੀਰ ਰੂਪ) ਕਿਲ੍ਹੇ ਵਿੱਚ। ਉਸ ਦੇ ਹੁਕਮ ਵਿੱਚ ਸੰਜੋਗਾਂ ਨਾਲ ਸਰੀਰ ਵਿੱਚ ਦਸ ਦੁਆਰੇ ਹੋਏ। ਪੰਜ ਤੱਤ ਇਕੱਠੇ (ਜੀਵਾਤਮਾ) ਅਪਾਰ ਜੋਤ ਨਾਲ ਮਿਲ ਕੇ ਵਸਦੇ ਹਨ।
੧੨. ਆਪ ਹਰੀ ਵਣਜਾਰਾ ਹੈ ਤੇ ਆਪ ਹੀ ਸੌਦਾ ਹੋ ਕੇ ਤੁਲ ਰਿਹਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੫੨

**ਰਾਗ ਗਉੜੀ ਦੱਖਣੀ** — **ਬੀਰ ਤਾਲ**

| × | 2 | 3 | 0 | 4 | 0 |
|---|---|---|---|---|---|
| ***ਸਥਾਈ*** | | | | | |
| ਪਧ॒ ਪਮ ਪ ਪ | ਪ ਗ ਰੇ॒ | ਸ - - | ਸ ਰੇ॒ ਮ ਪ | ਧ॒ - ਮ | ਪ - -- |
| ਨਾਾ ऽऽ ਮੁ ਮਿ | ਲੈ ऽ ऽ | ऽ ऽ ऽ | ਚ ਲੈ ऽ ਮੈ | ਨਾ ऽ ऽ | ਲਿ ऽ ऽऽ |
| ਧ॒ ਮ ਪ ਨੀ | ਸਂ - - | - - - | ਸਂ ਸਂ ਸਂਰੇ॒ਂ ਨੀਸਂ | ਧ॒ - - | ਪ - - |
| ਬਿ ਨੁ ਨਾ ऽ | ਵੈ ऽ ऽ | ऽ ऽ ऽ | ਬਾ ਧੀ ਸऽ ਭऽ | ਕਾ ऽ ऽ | ਲਿ ऽ ऽ |
| ਧ॒ ਮ ਪ ਨੀ | ਸਂ - - | - - - | ਸਂ ਨੀ ਧ॒ ਪ | ਮ ਗ - | ਰੇ॒ - - |
| ਬਿ ਨੁ ਨਾ ऽ | ਵੈ ऽ ऽ | ऽ ऽ ऽ | ਬਾ ਧੀ ਸ ਭ | ਕਾ ऽ ऽ | ਲਿ ऽ ऽ |
| ***ਅੰਤਰਾ*** | | | | | |
| ਸਂ ਨੀ ਧ॒ ਪ | ਮ ਪ ਨੀ | ਸਂ - - | ਸਂ - ਸਂ ਨੀ | ਰੇ॒ਂ - - | ਸਂ - - |
| ਸੁ ਣਿ ਸੁ ਣਿ | ਬੂ ऽ ਝੈ | ऽ ऽ ऽ | ਮਾ ऽ ਨੈ ऽ | ਨਾ ऽ ऽ | ੳ ऽ ऽ |
| ਸ ਰੇ॒ਂ ਮ ਗ | ਰੇ॒ਂਰੇ॒ਂ ਸ | - ਸਂ ਸਂ | ਸ - ਸ - | ਧ॒ - ਮ | ਪ - - |
| ਤਾ ऽ ਕੈ ऽ | ਸ ਦ ऽ | ऽ ਬ ਲਿ | ਹਾ ऽ ਰੈ ऽ | ਜਾ ऽ ऽ | ੳ ऽ ऽ |
| ਸਂ ਨੀ ਧ॒ ਪ | ਮ ਪ ਨੀ | ਸਂ - - | ਸਂਸਂ- - ਸਂ ਨੀ | ਰੇ॒ - - | ਸਂ - - |
| ਆ ऽ ਪਿ ਭੂ | ਲਾ ऽ ਏ | ऽ ऽ ऽ | ਠਉ ऽ ਰ ਨ | ਠਾ ऽ ऽ | ੳ ऽ ऽ |
| ਸਂ ਰੇ॒ਂ ਮ ਗ | ਰੇ॒ਂ ਰੇ॒ਂ ਸਂ | - -- | ਸਂ - ਸਂਰੇ॒ਂ ਨੀਸਂ | ਧ॒ - ਮ | ਪ - - |
| ਤੂੰ ऽ ਸ ਮ | ਝਾ ऽ ਵਹਿ | ऽ ऽ ऽ | ਮੇ ऽ -ਲਿ ਮਿ- | ਲਾ ऽ ऽ | ੳ ऽ ऽ |
| ਧ॒ ਮ ਪ ਨੀ | ਸ - ਸ | - -- | ਸ ਨੀ ਧ॒ ਪ | ਗ - - | ਰੇ॒ - - |
| ਤੂੰ ऽ ਸ ਮ | ਝਾ ऽ ਵਹਿ | ऽ ऽ ऽ | ਮੇ ऽ ਲਿ ਮਿ | ਲਾ ऽ ऽ | ੳ ऽ ऽ * |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੬. ਗਉੜੀ ਚੇਤੀ

ਰਾਗ ਗਉੜੀ ਚੇਤੀ ਇਕ ਅਪ੍ਰਚਲਿਤ ਰਾਗ ਪ੍ਰਕਾਰ ਹੈ ਜਿਸ ਅਧੀਨ ਮਹਲਾ ੧, ੫, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਉਚਾਰੀ। ਭਾਰਤੀ ਸੰਗੀਤ ਦੇ ਕੁਝ ਗ੍ਰੰਥਾਂ ਵਿਚ ਇਸ ਦਾ ਜ਼ਿਕਰ **ਗਉੜੀ ਚੈਤੀ** ਜਾਂ **ਚੈਤੀ ਗਉੜੀ** ਵਜੋਂ ਵੀ ਕੀਤਾ ਗਿਆ ਹੈ। ਰਾਗ ਗਉੜੀ ਚੇਤੀ, *ਸਿਰੀ* ਅਤੇ *ਗਉੜੀ* ਰਾਗਾਂ ਦਾ ਅਨੂਠਾ ਸੁਮੇਲ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਗੰਧਾਰ ਵਰਜਿਤ ਹੈ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਰਾਤ ਦਾ ਪਹਿਲਾ ਪਹਿਰ** ਅਤੇ **ਜਾਤੀ ਸ਼ਾੜਵ-ਸੰਪੂਰਣ** ਹੈ।

**ਆਰੋਹ** : ਸ ਰੇ̱ ਮ̍ ਪ, ਮ̍ ਧੁ̱ ਨੀ ਸ̇।

**ਅਵਰੋਹ** : ਸ̇ ਨੀ ਧੁ̱ ਪ ਧੁ̱ ਮ, ਪ ਮ̍ ਧੁ̱ ਮ̍ ਗ ਰੇ̱ ਗ ਰੇ̱ ਸ।

**ਮੁੱਖ ਅੰਗ** : ਨੀ ਧੁ̱ ਪ ਧੁ̱ ਮ, ਮ̍ ਧੁ̱ ਮ̍ ਗ ਰੇ̱ ਗ ਰੇ̱ ਸ।

**ਸੁਰ ਵਿਸਥਾਰ** :

੧. ਸ ਰੇ̱ ਨੀ̣ ਸ, ਰੇ̱ ਨੀ̣ ਸ, ਨੀ̣ ਧੁ̱̣, ਪ̣, ਧੁ̱̣ ਮ̣ ਪ̣ ਮ̣̍, ਮ̣̍ ਧੁ̱̣ ਨੀ̣ ਸ, ਸ ਰੇ̱ ਗ, ਰੇ̱ ਮ̍ ਪ, ਪ ਮ̍ ਧੁ̱ ਪ, ਧੁ̱ ਮ ਪ ਗ, ਰੇ̱ ਗ ਰੇ̱ ਸ।

੨. ਸ ਰੇ̱ ਪ ਮ̍ ਧੁ̱ ਪ, ਪ ਨੀ ਧੁ̱ ਪ, ਮ̍ ਧੁ̱ ਪ, ਮ̍ ਧੁ̱ ਨੀ ਸ̇, ਨੀ ਸ̇ ਨੀ ਧੁ̱ ਪ, ਧੁ̱ ਮ ਪ ਗ, ਮ̍ ਧੁ̱ ਮ̍ ਗ ਰੇ̱ ਗ ਰੇ̱ ਸ ।

੩. ਪ ਮ̍ ਧੁ̱ ਪ, ਧੁ̱ ਨੀ ਧੁ̱ ਪ, ਮ̍ ਧੁ̱ ਨੀ ਸ̇, ਨੀ ਰੇ̱̇ ਸ̇ ਨੀ ਰੇ̱̇ ਗ̇, ਰੇ̱̇ ਗ̇ ਰੇ̱̇ ਸ̇, ਰੇ̇ ਮ̍ ਗ̇ ਰੇ̱̇ ਸ̇ ਨੀ, ਨੀ ਸ̇ ਨੀ ਧੁ̱ ਪ, ਧੁ̱ ਮ ਪ ਗ, ਮ̍ ਧੁ̱ ਮ̍ ਗ ਰੇ̱ ਸ।

# ਗਉੜੀ ਚੇਤੀ ਮਹਲਾ ੧ ॥

ਕਤ[੧] ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥
ਅਗਨਿ[੨] ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥
ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥
ਕਹੇ ਨ ਜਾਨੀ ਅਉਗਣ ਮੇਰੇ॥੧॥ ਰਹਾਉ॥
ਕੇਤੇ ਰੁਖ ਬਿਰਖ ਹਮ ਚੀਨੇ[੩] ਕੇਤੇ ਪਸੂ ਉਪਾਏ॥
ਕੇਤੇ ਨਾਗ[੪] ਕੁਲੀ ਮਹਿ ਆਏ ਕੇਤੇ ਪੰਖ[੫] ਉਡਾਏ॥੨॥
ਹਟ ਪਟਣ[੬] ਬਿਜ[੭] ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥
ਤਟ [੮]ਤੀਰਥ ਹਮ ਨਵ ਖੰਡ[੯] ਦੇਖੇ ਹਟ ਪਟਣ ਬਾਜਾਰਾ॥
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ[੧੦]॥੪॥
ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥
ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ[੧੧] ਵਗੈ ਕਾਤੀ[੧੨]॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥੬॥੫॥੧੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੬)*

---

੧. ਕਦੋਂ ਦੀ ?
੨. ਮਾਤਾ ਦੇ ਪੇਟ ਦੀ ਅਗਨੀ ਤੇ ਪਿਤਾ ਦੇ ਵੀਰਜ ਰੂਪ ਜਲ ਦੇ (ਬਿੰਬ) ਬੁਲਬੁਲੇ ਤੋਂ ਪੈਦਾ ਹੋਏ ਹਾਂ।
੩. ਸਮਝੇ, ਵੇਖੇ, ਭਾਵ ਇਹ ਸਾਰੇ ਜਨਮ ਅਸਾਂ ਧਾਰੇ।
੪. ਸੱਪਾਂ ਦੀ ਕੁਲ ਵਿੱਚ।
੫. ਭਾਵ ਪੰਛੀ ਬਣੇ।
੬. ਸ਼ਹਿਰ।
੭. ਪੱਕੇ।
੮. ਦਰਿਆਵਾਂ ਦੇ ਕੰਢੇ ਜਿਥੇ ਯਾਤਰੂ ਲੋਕ ਜਾਂਦੇ ਹਨ।
੯. ਨੌ ਖੰਡ ਪ੍ਰਿਥਵੀ, ਸਾਰਾ ਸੰਸਾਰ।
੧੦. ਸੌਦਾਗਰ। ਕਈ ਜਨਮਾਂ ਵਿੱਚ ਧੱਕੇ ਖਾਂਦਾ ਆਇਆ ਇਹ ਸੌਦਾਗਰ, ਉਸ ਦੀ ਬੇਅੰਤਤਾ ਦਾ ਅੰਦਾਜ਼ਾ ਲਾਣਾ ਚਾਹੁੰਦਾ ਹੈ।
੧੧. ਅੰਦਰ।
੧੨. ਛੁਰੀ। ਦਿਲ ਵਿੱਚ ਛੁਰੀ ਫਿਰਦੀ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੫੬

## ਗਉੜੀ ਚੇਤੀ     ਮਹਲਾ ੧     ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਸਥਾਈ | | | | | | | | | | | |
| ਸਂ | ਨੀ | ਧੁ | ਪ | - | - | ਧੁ | ਮ | ਪ | - | - | - |
| ਮੇ | ਽ | ਰੇ | ਽ | ਽ | ਽ | ਸਾ | ਹਿ | ਬਾ | ਽ | ਽ | ਽ |
| ਮਂ | - | ਮਂ- | ਧੁ | ਮਂ | ਗ | ਰੁ | - | - | - | - | - |
| ਽ | ਽ | ਕਉ | ਽ | ਨੁ | ਜਾ | ਨੈ | ਽ | ਽ | ਽ | ਽ | ਽ |
| - | - | ਗ | ਰੁ | ਰੁ | - | ਸ | - | - | - | - | - |
| ਽ | ਽ | ਗੁ | ਣ | ਤੇ | ਽ | ਰੇ | ਽ | ਽ | ਽ | ਽ | ਽ |
| - | - | ਮਂ | ਮਂ | ਧੁ | ਧੁ | ਨੀ | - | ਸਂ | - | - | - |
| ਽ | ਽ | ਕ | ਹੇ | ਽ | ਨ | ਜਾ | ਽ | ਨੀ | ਽ | ਽ | ਽ |
| - | - | ਸਂ- | - | ਸਂਰੁਂ | ਨੀਸਂ | ਧੁ | - | ਪ | - | - | - |
| ਽ | ਽ | ਅਉ | ਽ | ਗਾ਽ | ਣ਽ | ਮੇ | ਽ | ਰੇ | ਽ | ਽ | ਽ |
| ਅੰਤਰਾ | | ਮਂ | ਮਂ | ਧੁ | - | ਨੀ | - | ਸਂ | - | - | - |
| | | ਕ | ਤ | ਕੀ | ਽ | ਮਾ | ਽ | ਈ | ਽ | ਽ | ਽ |
| - | - | ਸਂ | ਸਂ | ਸਂ | ਨੀ | ਰੁਂ | - | - | ਸਂ | - | - |
| ਽ | ਽ | ਬਾ | ਪੁ | ਕ | ਤ | ਕੇ | ਽ | ਽ | ਰਾ | ਽ | ਽ |
| - | - | - | ਰੁਂ | ਰੁਂ | ਰੁਂ | ਰੁਂ- | - | - | - | - | - |
| ਽ | ਽ | ਽ | ਕਿ | ਦੂ | ਥਾ | ਵਹੁ | ਽ | ਽ | ਽ | ਽ | ਽ |
| - | - | ਰੁਂ | ਗਂ | ਰੁਂ | - | ਸਂ | - | - | - | - | - |
| ਽ | ਽ | ਹ | ਮ | ਆ | ਽ | ਏ | ਽ | ਽ | ਽ | ਽ | ਽ |
| - | - | - | ਮਂ | ਧੁ | ਧੁ | ਨੀ | ਨੀ | ਸਂ | ਸਂ | - | - |
| ਽ | ਽ | ਽ | ਅ | ਗ | ਨਿ | ਬਿੰ | ਬ | ਜ | ਲ | ਽ | ਽ |
| - | - | ਸਂ | - | ਸਂ | ਨੀ | ਰੁਂ | ਰੁਂ | - | ਸਂ | - | - |
| ਽ | ਽ | ਭੀ | ਽ | ਤ | ਰਿ | ਨਿ | ਪ | ਽ | ਜੇ | ਽ | ਽ |
| - | - | ਰੁਂ | - | ਰੁਂ | - | ਰੇਂ | - | - | ਰੁਂ | - | - |
| ਽ | ਽ | ਕਾ | ਽ | ਹੇ | ਽ | ਕੰ | ਽ | ਽ | ਮਿ | ਽ | ਽ |
| - | - | ਰੁਂ | ਰੁਂ | ਗਂ | - | ਰੁਂ | - | - | ਸਂ | - | - |
| ਽ | ਽ | ਉ | ਽ | ਪਾ | ਽ | ਏ | ਽ | ਽ | ਽ | ਽ | ਽ |
| - | - | ਸਂ | ਨੀ | ਧੁ | ਪ | ਧੁ | ਮ | ਪ | - | - | - |
| ਽ | ਽ | ਕਾ | ਽ | ਹੇ | ਽ | ਕੰ | ਽ | ਮਿ | ਽ | ਽ | ਽ |
| ਮ | - | ਮਂ | ਧੁ | ਮਂ | ਧੁ | ਮਂ | ਗ | ਰੁ | ਗ | ਰੁ | ਸ |
| ਽ | ਽ | ਉ | ਽ | ਪਾ | ਽ | ਏ | ਽ | ਽ | ਽ | ਽ | ਽ * |

* ਸਬਦ ਦੇ ਅੰਕਾ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ ।

# ੭. ਗਉੜੀ ਬੈਰਾਗਣਿ

ਰਾਗ ਗਉੜੀ ਬੈਰਾਗਣਿ, ਗਉੜੀ ਰਾਗ ਦਾ ਇਕ ਪੁਰਾਤਨ ਪ੍ਰਕਾਰ ਹੈ ਪਰੰਤੂ ਇਸਦੇ ਸਰੂਪ ਸਬੰਧੀ ਸੰਗੀਤ ਦੇ ਪੁਰਾਤਨ ਤੇ ਆਧੁਨਿਕ ਗ੍ਰੰਥਾਂ ਵਿਚ ਬਹੁਤ ਘੱਟ ਜਾਣਕਾਰੀ ਉਪਲੱਬਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਦਾ ਵਿਲੱਖਣ ਸਰੂਪ ਭੈਰਵ ਅੰਗ ਤੋਂ ਸਰੂਪਿਤ ਕੀਤਾ ਜਾਂਦਾ ਹੈ। ਗਉੜੀ ਬੈਰਾਗਣਿ ਰਾਗ ਵਿਚ ਰਿਸ਼ਭ ਧੈਵਤ ਕੋਮਲ ਦੋਵੇਂ ਨਿਸ਼ਾਦ ਅਤੇ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਰਾਗ ਵਿਚ ਗੰਧਾਰ ਅਤੇ ਪੰਚਮ ਪੂਰੀ ਤਰ੍ਹਾਂ ਵਰਜਿਤ ਹਨ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਧੈਵਤ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਔੜਵ** ਹੈ।

**ਆਰੋਹ** : ਸ ਰੁੇ ਮ ਧੁ ਨੀ ਸ।

**ਅਵਰੋਹ** : ਸਂ ਨੀ ਸਂ, ਨੁੀ ਧੁ ਮ ਰੁੇ ਸ, ਨ਼ੁੀ ਸ ਰੁੇ ਸ।

**ਮੁੱਖ ਅੰਗ** : ਸਂ ਰੁੇਂ ਨੀ ਸਂ ਨੀ, ਸਂ ਨੁੀ ਧੁ ਮ ਰੁੇ ਰੁੇ ਸ।

**ਸੁਰ ਵਿਸਥਾਰ** :

੧. ਸ ਰੁੇ, ਸ, ਨ਼ੀ ਸ ਨ਼ੁੀ, ਧ਼ੁ ਨ਼ੀ ਸ ਨ਼ੀ, ਰੁੇ ਸ, ਸ ਰੁੇ, ਮ ਧੁ ਮ ਰੁੇ ਰੁੇ, ਸ ਰੁੇ ਸ ਨ਼ੀ, ਸ।

੨. ਸ ਰੁੇ ਰੁੇ ਮ ਰੁੇ, ਰੁੇ ਮ ਧੁ ਮ ਰੁੇ, ਮ ਧੁ ਨੁੀ ਧੁ ਮ ਰੁੇ, ਮ ਧੁ, ਨੀ ਨੀ ਸਂ, ਸਂ ਨੀ ਸਂ, ਸਂ ਨੀ ਧੁ, ਮ ਧੁ ਮ ਰੇ, ਸ ਨ਼ੀ ਨ਼ੀ ਸ।

੩. ਮ ਧੁ ਨੀ ਨੀ ਸਂ, ਸਂ ਰੁੇਂ ਨੀ ਸਂ ਨੀ, ਸਂ ਰੁੇਂ ਰੁੇਂ, ਮਂ ਰੁੇਂ ਨੀ ਨੀ ਸਂ, ਸਂ ਨੀ ਨੀ ਸਂ, ਨੁੀ ਧੁ ਮ, ਧੁ ਨੁੀ ਧੁ, ਮ ਰੁੇ ਰੁੇ, ਸ ਰੁੇ ਨ਼ੀ ਸ, ਨ਼ੀ ਨ਼ੀ ਸ।

# ਗਉੜੀ ਬੈਰਾਗਣਿ ਮਹਲਾ ੧ ॥

ਰੈਣਿ[1] ਗਵਾਈ ਸੋਇ ਕੈ ਦਿਵਸੁ[2] ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥
ਨਾਮੁ ਨ ਜਾਨਿਆ ਰਾਮ ਕਾ॥
ਮੂੜੇ ਫਿਰਿ ਪਾਛੈ ਪਛੁਤਾਹਿ ਰੇ॥੧॥ ਰਹਾਉ॥
ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ॥
ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ[3]॥੨॥
ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ[4] ਹੋਇ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥
ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥
ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੬)*

---

੧. ਰਾਤ।
੨. ਦਿਨ।
੩. ਅਨੰਤ, ਬਿਨਸਨਹਾਰ ਧਨ ਧਰਤੀ ਵਿੱਚ ਦੱਬਦਾ ਹੈ, ਪਰ ਉਸ ਬੇਅੰਤ ਹਰੀ ਦੀ ਇੱਛਾ ਨਹੀਂ ਹੁੰਦੀ। ਜੋ ਮਾਇਆ ਦੀ ਇੱਛਾ ਧਾਰ ਕੇ ਗਏ ਹਨ, ਓਹ ਉਸ ਹਰੀ ਨੂੰ ਗਵਾ ਕੇ ਆਏ ਹਨ।
੪. ਭਾਗਾਂ ਵਾਲਾ, ਸ਼ਾਹੂਕਾਰ। ਆਪਣੇ ਲਿਆਂ ਜੇ ਮਿਲ ਜਾਂਦਾ ਹੋਵੇ ਤਾਂ ਸਾਰੇ ਲੋਕ ਧਨੀ ਹੋ ਜਾਣ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੫੬

## ਗਉੜੀ ਬੈਰਾਗਣਿ ਮਹਲਾ ੧ ਤਿੰਨ ਤਾਲ

| × | 2 | 0 | 3 |
|---|---|---|---|
| **ਸਥਾਈ** | | ਸ | ਰੇ̱ ਮ ਧ̱ ਨੀ |
| | | ਨਾ | ऽ ਮੁ ऽ ਨ |
| ਸਂ - ਸਂ ਸਂ | ਸਂ ਨ਼ੀ ਧ̱ ਮ | ਰੇ̱ - ਸ ਸਰੇ̱ | ਨ਼ੀਸ ਨ਼ੀਧ̱ ਧ̱ਂ - |
| ਜਾ ऽ ਨਿ ਆ | ਰਾ ऽ ऽ ਮ | ਕਾ ऽ ऽ ਮੂऽ | ਝੇऽ ਫਿਰਿ ਪਾ ऽ |
| ਸ - - - | ਸਰੇ̱ ਮ ਧ̱ ਮ | ਰੇ̱ - ਸ | |
| ਛੈ ऽ ऽ ऽ | ਪਛੁ ਤਾ ऽ ਹਿ | ਰੇ ऽ ऽ | |
| **ਅੰਤਰਾ** | | ਮ | ਧ̱ ਨੀ - ਨੀ |
| | | ਰੈ | ऽ ਣਿ ऽ ਗ |
| ਸਂ - ਸਂ - | - ਸਂ - ਸਂ | ਰੇ̱ਂ - ਸਂ ਸਂ | ਰੇ̱ਂ ਮਂ - ਮਂ |
| ਵਾ ऽ ਈ ऽ | ऽ ਸੋ ऽ ਇ | ਕੈ ऽ ऽ ਦਿ | ਵ ਸੁ - ਗ |
| ਰੇ̱ਂ - ਸਂ - | ਰੇ̱ਂਸਂ ਨੀਸਂ - - | ਨ਼ੀ ਧ̱ ਮ ਮ | ਧ̱ ਨੀ - -- |
| ਵਾ ऽ ਇਆ | ऽ ਖਾऽ ऽऽ ऽ | ऽ ਇ ऽ ऽ | ਹੀ ऽ ਰੇ ऽऽ |
| ਸਂ - ਸਂ - | - ਸਂ ਸਂ ਰੇ̱ਂ | (ਗ)ਨ਼ੀ - ਸਂ ਸਂ- | ਰੇ̱ਂ ਮਂ - - |
| ਜੈ ऽ ਸਾ ऽ | ऽ ਜ ਨ ਮੁ | ਹੈ ऽ ऽ ਕਉ | ऽ ਡੀ ऽ ऽ |
| ਰੇ̱ਂ ਰੇ̱ਂ ਸਂ - | ਰੇ̱ਂਸਂ ਨੀਸਂ - - | ਨ਼ੀ ਧ̱ ਮ ਮ- | ਧ̱ ਨੀ - - |
| ਬ ਦ ਲੇ ऽ | ਜਾऽ ऽऽ ऽ ऽ | ਇ ऽ ऽ ਕਉ | ऽ ਡੀ ऽ ऽ |
| ਸਂ ਸਂ ਸਂ - | ਸਂ ਨ਼ੀ ਧ̱ ਮ | ਰੇ̱ - ਸ | |
| ਬ ਦ ਲੇ ऽ | ਜਾ ऽ ऽ ऽ | ਇ ऽ ऽ * | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੮. ਗਉੜੀ ਪੂਰਬੀ ਦੀਪਕੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦੀ ਵਿਗਿਆਨਕ ਤੌਰ ਤੇ ਪਛਾਣ ਲਈ ਇਸਦਾ ਵਰਗੀਕਰਣ ਸ਼ੁੱਧ, ਛਾਇਆਲਾਗ ਅਤੇ ਸੰਕੀਰਣ ਜਾਤੀਆਂ ਅਨੁਸਾਰ ਕੀਤਾ ਜਾਂਦਾ ਹੈ। ਗਉੜੀ, ਪੂਰਬੀ ਅਤੇ ਦੀਪਕੀ ਨਾਮਕ ਤਿੰਨ ਰਾਗਾਂ ਦਾ ਸਮਿਸ਼ਰਣ ਰਾਗ ਗਉੜੀ ਪੂਰਬੀ ਦੀਪਕੀ, ਸ੍ਰੀ ਗੁਰੂ ਗ੍ਰੰਥ ਵਿਚ ਦਰਜ ਰਾਗਾਂ ਵਿਚੋਂ ਇੱਕ ਸੰਕੀਰਣ ਰਾਗ ਜਾਤੀ ਦੀ ਵਿਲੱਖਣ ਮਿਸਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵ੍ਹਿੱਚ ਇਸ ਰਾਗ ਅਧੀਨ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਉਚਾਰੀ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਦੋਵੇਂ ਮਧਿਅਮ ਦੋਵੇਂ ਧੈਵਤ ਅਤੇ ਬਾਕੀ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਸ ਰੇ ਗ ਰੇ, ਮੇਂ ਪ ਧੁ ਪ, ਮੇਂ ਧੁ ਨੀ ਸਂ।

**ਅਵਰੋਹ** : ਸਂ ਨੀ ਧ ਸਂ ਨੀ ਧ ਪ, ਮੇਂ ਗ - ਮੇਂ ਗ - ਮ ਗ ਸ, ਰੇ ਗ ਰੇ ਸ ਨ਼ੀ ਸ।

**ਮੁੱਖ ਅੰਗ** : ਮੇਂ ਧੁ ਪ, ਨੀ ਧ ਪ ਮੇਂ ਗ - ਸ, ਰੇ ਗ ਰੇ ਸ ਨ਼ੀ, ਸ।

**ਸੁਰ ਵਿਸਥਾਰ** :

੧. ਸ ਨ਼ੀ ਰੇ ਸ, ਨ਼ੀ ਧ਼ ਪ਼ ਮ਼ੇਂ ਧੁ ਨ਼ੀ ਸ, ਸ ਨ਼ੀ, ਰੇ ਸ, ਰੇ ਗ ਰੇ ਸ, ਰੇ ਗ ਮੇਂ ਪ, ਮੇਂ ਧੁ ਪ, ਧ ਪ ਮੇਂ ਗ - ਮ ਗ, ਮੇਂ ਗ ਸ, ਰੇ ਗ ਰੇ ਸ ਨ਼ੀ, ਸ।

੨. ਸ, ਰੇ ਗ ਰੇ, ਮੇਂ ਪ ਧੁ ਪ, ਮੇਂ ਧੁ ਨੀ ਸਂ, ਨੀ ਧ ਸਂ ਨੀ, ਰੇਂ ਸਂ, ਨੀ ਧ ਪ, ਮੇਂ ਧੁ ਪ, ਧ ਪ ਮੇਂ ਗ - ਮ ਗ, ਮੇਂ ਗ ਸ, ਰੇ ਗ ਰੇ ਸ ਨ਼ੀ, ਸ।

੩. ਪ, ਮੇਂ ਪ ਧੁ ਪ, ਮੇਂ ਧੁ ਨੀ ਸਂ, ਨੀ ਰੇਂ ਸਂ, ਸਂ ਰੇਂ ਨੀ ਸਂ ਨੀ, ਰੇਂ ਗਂ ਰੇਂ ਸਂ, ਸਂ ਨੀ ਧ ਸਂ ਨੀ, ਰੇਂ ਸਂ, ਨੀ ਧੁ ਪ, ਮੇਂ ਗ - ਮ ਗ, ਮੇਂ ਗ ਸ, ਰੇ ਗ ਰੇ ਸ।

# ਗਉੜੀ ਪੂਰਬੀ ਦੀਪਕੀ ਮਹਲਾ ੧

## ੧ੴ ਸਤਿਗੁਰ ਪ੍ਰਸਾਦਿ ॥

ਜੈ ਘਰਿ[੧] ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥੧॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ ਰਹਾਉ॥
ਨਿਤ ਨਿਤ ਜੀਅੜੇ ਸਮਾਲੀਅਨਿ[੨] ਦੇਖੈਗਾ[੩] ਦੇਵਣਹਾਰੁ॥
ਤੇਰੇ ਦਾਨੈ[੪] ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ[੫]॥੨॥
ਸੰਬਤਿ[੬] ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥
ਘਰਿ ਘਰਿ ਏਹੋ ਪਾਹੁਚਾ[੭] ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ[੮] ਆਵੰਨਿ॥੪॥੧॥੨੦॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੭)*

---

੧. ਜਿਸ ਘਰ ਵਿੱਚ, ਅਰਥਾਤ ਮਨ ਦੀ ਜਿਸ ਹਾਲਤ ਵਿੱਚ ਵਾਹਿਗੁਰੂ ਦੀ ਸਿਫ਼ਤ ਆਖੀ ਜਾ ਸਕੇ ਅਤੇ ਉਸ ਦਾ ਵਿਚਾਰ ਹੋ ਸਕੇ, ਉਸ ਹਾਲਤ ਵਿੱਚ ਹੋ ਕੇ ਕਰਤਾਰ ਨੂੰ ਯਾਦ ਕਰੋ ਤੇ ਉਸ ਦੇ ਜਸ ਗਾਵੋ।

੨. ਸੰਭਾਲੇ ਜਾਂਦੇ ਹਨ। (ਜੀਵ)

੩. ਖ਼ਬਰ ਸਾਰ ਲਵੇਗਾ।

੪. ਦਾਨ ਦੀ। ਦੇਖੋ ਭਾ: ਗੁਰਦਾਸ ੮ (੫)।

੫. ੩੦ ਗਿਣਤੀ, ਲੇਖਾ।

੬. ਮੌਤ ਨਾਲ ਸਾਡੇ ਵਿਆਹ ਦਾ ਸੰਮਤ ਤੇ ਦਿਹਾੜਾ ਮਿਥਿਆ ਹੋਇਆ ਹੈ। ਹੇ ਸੱਜਣੋ! ਸਾਰੇ ਰੱਲ ਕੇ ਤੇਲ ਚੋਵੋ, ਅਤੇ ਅਸੀਸਾਂ ਦੇਵੋ ਕਿ ਮੇਰਾ ਆਪਣੇ ਪਤੀ ਨਾਲ ਮੇਲ ਹੋਵੇ। (ਲਾੜੀ ਦੇ ਆਪਣੇ ਨਵੇਂ ਘਰ ਪ੍ਰਵੇਸ਼ ਕਰਨ ਸਮੇਂ ਮਿੱਤਰ ਸੰਬੰਧੀ ਬੂਹੇ ਤੇ ਤੇਲ ਚੋਂਦੇ ਅਤੇ ਸੁਹਾਗ ਦੇ ਗੀਤ ਗਾਂਦੇ ਹਨ।)

੭. ਵਿਆਹ ਦਾ ਸੱਦਾ। (ਨਿੱਤ ਨਿੱਤ ਜੋ ਮੌਤ ਦੇ ਸੱਦੇ ਲੋਕਾਂ ਨੂੰ ਪੈਂਦੇ ਹਨ, ਭਾਵ ਸਾਡੇ ਆਸ ਪਾਸ ਜੋ ਮੌਤਾਂ ਹੋ ਰਹੀਆਂ ਹਨ, ਇਹ ਮਾਨੋ ਜਿਉਂਦਿਆਂ ਨੂੰ ਘਰ-ਘਰ ਸੱਦੇ ਮਿਲ ਰਹੇ ਹਨ ਕਿ ਉਹ ਦਿਨ ਤੁਹਾਡੇ ਲਈ ਵੀ ਆ ਰਹੇ ਹਨ। ਆਓ! ਉਸ ਸੱਦਾ ਦੇਣ ਵਾਲੇ ਵਾਹਿਗੁਰੂ ਨੂੰ ਯਾਦ ਕਰੀਏ।)

੮. ਦਿਨ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੫੭

## ਰਾਗ ਗਉੜੀ ਪੂਰਬੀ ਦੀਪਕੀ ਮਹਲਾ ੧ ਸੂਲਫ਼ਾਖ ਤਾਲ

| × | | 0 | | 2 | | 3 | | 0 | |
|---|---|---|---|---|---|---|---|---|---|
| *ਸਥਾਈ* | | | | | | | | ਮੰ | ਧੁ |
| | | | | | | | | ਤ੍ਰ | ਮ |
| ਪ | - | ਪ- | - | ਮੰ | ਗ | ਮ | ਗ | ਮੰ | ਧੁ |
| ਗਾ | ऽ | ਵਹੁ | ऽ | ऽ | ऽ | ऽ | ऽ | ਤ੍ਰ | ਮ |
| ਪ | - | ਪ- | - | ਮੰ | ਗ | - | - | ਸਰ੍ਹੇ | ਨ਼ੀਸ |
| ਗਾ | ऽ | ਵਹੁ | ऽ | ਮੇ | ਰੇ | ऽ | ऽ | ਨਿऽ | ਰऽ |
| ਨ਼ੀ- | - | ਨ਼ੀ | ਪ | ਮੰ | - | ਮੰ | ਗ | - | - |
| ਭਉ | ऽ | ਕਾ | ऽ | ਸੋ | ऽ | ਹਿ | ਲਾ | ऽ | ऽ |
| ਮੰ- | - | ਗ | ਗ | ਮੰਧੁ | ਨੀਸਂ | - | ਸਂ | - | - |
| ਹਉ | ऽ | ਵਾ | ਰੀ | ਜਾऽ | ऽऽ | ऽ | ਉ | ऽ | ऽ |
| ਨੀ | ਧ | ਸਂ | ਸਂ | ਨੀ | -ਧ | ਾਪ | - | - | - |
| ਜਿ | ਤੁ | ਸੋ | ਹਿ | ਲੈ | ऽऽ | ऽ | ऽ | ऽ | ऽ |
| ਪ | ਮੰ | ਗ | ਮ | ਗ | - | ਗ | - | - | - |
| ਸ | ਦਾ | ਸੁ | ਖੁ | ਹੋ | ऽ | ਇ | ऽ | ऽ | ऽ |
| ਸ | ਰ੍ਹੇ | ਗ | ਰ੍ਹੇ | ਗ | ਰ੍ਹੇ | ਸ | - | | |
| ਸ | ਦਾ | ਸੁ | ਖੁ | ਹੋ | ऽ | ਇ | - | | |
| *ਅੰਤਰਾ* | | | | | | | | | |
| ਮੰ | - | ਧੁ | ਧੁ | ਮੰਧੁ | ਨੀਸਂ | ਸਂ | ਸਂ | - | - |
| ਜੈ | ऽ | ਘ | ਰਿ | ਕੀऽ | ऽऽ | ਰ | ਤਿ | ऽ | ऽ |
| - | ਸਂ | - | ਨੀ | ਰ੍ਹੇਂ | - | ਸਂ | - | - | - |
| ऽ | ਆ | ऽ | ਖੀ | ਐ | ऽ | ऽ | ऽ | ऽ | ऽ |
| - | ਰ੍ਹੇਂਰ੍ਹੇਂ | ਰ੍ਹੇਂ | ਰ੍ਹੇਂ | ਸਂਨੀ | - | ਸਂਰ੍ਹੇਂ | - | - | - |
| ऽ | ਕਰ | ਤੇ | ਕਾ | ਹੋ | ऽ | ਇ | ऽ | ऽ | ऽ |
| - | ਰ੍ਹੇਂ | ਗਂ | ਰ੍ਹੇਂ | ਮੰ | ਗਂ | ਰ੍ਹੇਂ | ਸਂ | - | - |
| ऽ | ਬੀ | ਚਾ | ऽ | ਰੁ | ऽ | ऽ | ऽ | ऽ | ऽ |
| ਨੀ | ਧ | ਸਂ | ਸਂ | ਨੀ | -ਧ | ਪ- | - | - | - |
| ਤਿ | ਤੁ | ਘ | ਰਿ | ਗਾ | ऽऽ | ਵਹੁ | ऽ | ऽ | ऽ |
| ਪ | ਮੰ | ਗ | ਮ | ਗ | - | - | - | - | - |
| ਸਂ | ऽ | ऽ | ਹਿ | ਲਾ | ऽ | ऽ | ऽ | ऽ | ऽ |
| ਸ | ਰ੍ਹੇ | ਗ- | ਰ੍ਹੇ | ਮੰ | ਮੰ | ਪ | ਪ | - | - |
| ਸਿ | ਵ | ਰਹੁ | ऽ | ਸਿ | ਰ | ਜ | ਣ | ऽ | ऽ |
| ਨੀ | -ਧੁ | ਪ | - | ਮੰ | ਗ | ਮ | ਗ | | |
| ਹਾ | ऽऽ | ऽ | ऽ | ਰੇ | ऽ | ऽ | ऽ * | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੯. ਗਉੜੀ ਪੂਰਬੀ

ਰਾਗ ਗਉੜੀ ਪੂਰਬੀ, ਗਉੜੀ ਅਤੇ ਪੂਰਬੀ ਰਾਗਾਂ ਦਾ ਮਧੁਰ ਸੁਮੇਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੪, ੫ ਭਗਤ ਕਬੀਰ ਜੀ ਅਤੇ ਭਗਤ **ਰਵਿਦਾਸ** ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿੱਚ ਰਿਸ਼ਭ ਧੈਵਤ ਕੋਮਲ ਅਤੇ ਮਧਿਅਮ ਦੇ ਦੋਵੇਂ ਰੂਪ ਪ੍ਰਾਪਤੀ ਕੀਤੇ ਜਾਂਦੇ ਹਨ। ਇਸ ਰਾਗ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਸ, ਰੇ੍ ਗ ਰੇ੍, ਗ ਮੰ ਪ ਧ੍ਹ ਪ, ਨੀ ਸਂ।

**ਅਵਰੋਹ** : ਸਂ ਨੀ ਧ੍ਹ ਪ, ਮੰ ਗ - ਮ ਗ, ਮੰ ਗ ਰੇ੍, ਨ਼ੀ ਰੇ੍ ਸ।

**ਮੁੱਖ ਅੰਗ** : ਪ ਮੰ ਗ - ਮ ਗੁ, ਮੰ ਗ ਰੇ੍ ਸ, ਨ਼ੀ ਧ੍ਹ ਸ ਨ਼ੀ, ਰੇ੍ ਸ।

**ਸੁਰ ਵਿਸਥਾਰ** :

੧. ਸ, ਨ਼ੀ ਧ੍ਹ ਸ ਨ਼ੀ ਰੇ੍ ਸ, ਰੇ੍ਸ ਨ਼ੀ ਸ ਨ਼ੀ ਧ੍ਹ, ਨ਼ੀ, ਰੇ੍ ਨ਼ੀ ਧ੍ਹ ਪ਼, ਮ਼ੰ ਪ਼, ਮ਼ੰ ਧ੍ਹ ਨ਼ੀ, ਨ਼ੀ ਰੇ੍ ਸ।

੨. ਸ ਰੇ੍ ਗ ਰੇ੍, ਗ ਮੰ ਗ ਰੇ੍, ਗ ਮੰ ਪ, ਮੰ ਗ - ਮ ਗੁ ਮੰ ਗ ਰੇ੍, ਨ਼ੀ ਰੇ੍ ਸ।

੩. ਗ ਮੰ ਪ ਧ੍ਹ ਪ, ਮੰ ਪ ਧ੍ਹ ਪ, ਨੀ ਸਂ, ਸਂ ਰੇਂ੍ ਨੀ ਸਂ, ਨ਼ੀ ਰੇਂ੍ ਗਂ ਰੇਂ੍, ਸਂ, ਸਂ ਨੀ ਧ੍ਹ ਪ, ਮੰ ਗ - ਮ ਗ - ਮੰ ਗ ਰੇ੍, ਸ, ਨ਼ੀ ਧ੍ਹ ਸ, ਨ਼ੀ, ਰੇ੍ ਸ।

## ਰਾਗੁ ਗਉੜੀ ਪੂਰਬੀ ਮਹਲਾ ੫ ॥

## ੧ੴ ਸਤਿਗੁਰ ਪ੍ਰਸਾਦਿ ॥

ਕਵਨ[੧] ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥੧॥ ਰਹਾਉ॥

ਰੂਪ ਹੀਨ[੨] ਬੁਧਿ ਬਲ ਹੀਨੀ ਮੋਹਿ ਪਰਦੇਸਨਿ[੩] ਦੂਰ ਤੇ ਆਈ॥੧॥

ਨਾਹਿਨ[੪] ਦਰਬੁ[੫] ਨ ਜੋਬਨ[੬] ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ[੭]॥੨॥

ਖੋਜਤ ਖੋਜਤ ਭਈ ਬੈਰਾਗਨਿ[੮] ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ[੯]॥੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ[੧੦] ਬੁਝਾਈ॥੪॥੧॥੧੧੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੦੪)*

---

੧. ਹੇ ਮੇਰੀ ਮਾਂ ! ਮੈਂ ਕਿਹੜੇ ਗੁਣਾਂ ਕਰਕੇ ਆਪਣੇ ਪ੍ਰਾਣਾਂ ਦੇ ਮਾਲਕ ਨੂੰ ਮਿਲਾਂ ?

੨. ਖ਼ਾਲੀ।

੩. ਇਸ ਸੰਸਾਰ ਵਿੱਚ ਜੀਵ ਰੂਪ ਇਸਤਰੀ ਪਰਦੇਸਨ ਹੈ।

੪. ਨਾਹੀ ਹੈ।

੫. ਧਨ।

੬. ਜਵਾਨੀ ਦੀ ਮਤੀ ਹੋਈ, ਮਸਤ।

੭. ਆਪਣੇ ਵਿਚ ਸਮਾਈ ਕਰੋ।

੮. ਵੈਰਾਗ ਵਾਲੀ।

੯. ਤਿਹਾਈ।

੧੦. ਸੜਨ (ਵਿਛੋੜੇ ਦੀ)।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੨੦੪

## ਰਾਗ ਗਉੜੀ ਪੂਰਬੀ ਮਹਲਾ ੫ ਚਾਰ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਸ | ਨ਼ੀ | ਧੁ | ਪ | - | ਪ | ਮੰ | ਗ | ਮ | ਗ | - | ਗ |
| ਕ | ਵ | ਨ | ਗੁ | ऽ | ਨ | ਪ੍ਰਾ | ऽ | ਨ | ਪ | - | ਤਿ |
| ਮੰ | ਗ- | ਰੇ | ਸ | ਨ਼ੀ | ਰੇ | ਗ | ਮੰ | ਪ | ਮੰ | ਪ | - |
| ਮਿ | ਲਉ | ਮੇ | ऽ | ਰੀ | ਮਾ | ऽ | ऽ | ਈ | ऽ | ऽ | ऽ |
| ਮੰਪ | ਧੁਪ | ਮੰਪ | ਨੀ | - | ਨੀ | ਸਂਸਂ | ਸਂ | ਸਂ | ਰੇਂ | - | ਸਂ |
| ਰੂऽ | ऽऽ | ਪऽ | ਹੀ | ऽ | ਨ | ਬੁਧਿ | ਬ | ਲ | ਹੀ | ऽ | ਨੀ |
| ਸਂ | ਰੇਂ | ਗਂ | ਰੇਂ | ਸਂ | - | ਨੀ | ਧੁ | ਸਂ | ਨੀ | - | - |
| ਮੋ | ਹਿ | ਪ | ਰ | ਦੇ | ऽ | ਸ | ऽ | ਨਿ | ऽ | ऽ | ऽ |
| ਸਂ | - | ਨੀ | ਧੁ | ਪ | - | ਮੰ | ਗ | ਮ | ਗ | - | - |
| ਦੂ | ऽ | ਰ | ऽ | ਤੇ | ऽ | ਆ | ऽ | ਈ | ऽ | ऽ | ऽ |
| **ਅੰਤਰਾ** | | | | | | | | | | | |
| ਮੰਪ | ਧੁਪ | ਮੰਪ | ਨੀਨੀ | ਨੀ | ਨੀ | ਸਂ | ਸਂ | ਸਂ | ਰੇਂ | - | ਸਂ |
| ਨਾऽ | ਹਿऽ | ਨऽ | ਦਰ | ਬੁ | ਨ | ਜੋ | ਬ | ਨ | ਮਾ | ऽ | ਤੀ |
| ਸਂ | ਰੇਂ | ਗਂ | ਰੇਂ | ਸਂ | - | ਨੀ | ਧੁ | ਸਂ | ਨੀ | - | - |
| ਮੋ | ऽ | ਹਿ | ਅ | ਨਾ | ऽ | ਥ | ऽ | ਕੀ | ऽ | ऽ | ऽ |
| ਸਂਰੇਂ | ਨੀਸਂ | ਨੀ | ਧੁ | ਪ | - | ਮੰ | ਗ | ਮ | ਗ | - | - |
| ਕऽ | ਰऽ | ਹੁ | ਸ | ਮਾ | ऽ | ਈ | ऽ | ऽ | ऽ | ऽ | ऽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੦. ਗਉੜੀ ਦੀਪਕੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਅਧੀਨ ਅੰਕਿਤ ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਉਚਾਰੀ ਹੈ ਜੋ *ਸੋਹਿਲਾ : ਰਾਗ ਗਉੜੀ ਦੀਪਕੀ ਮਹਲਾ ੧* ਦੇ ਸਿਰਲੇਖ ਨਾਲ ਪੰਨਾ ੧੨ ਉੱਤੇ ਦਰਜ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ, ਗਉੜੀ ਅਤੇ ਦੀਪਕੀ ਰਾਗ ਦੇ ਸੁਰਾਂ ਦਾ ਮਿਸ਼ਰਣ ਹੈ। ਇਸ ਤਰ੍ਹਾਂ ਰਾਗਾਂਗ ਪੱਧਤੀ ਦੇ ਪ੍ਰਸੰਗ ਵਿਚ ਇਸ ਰਾਗ ਦੇ ਸਰੂਪ ਦਾ ਵਿਸ਼ਲੇਸ਼ਣ ਇਸੇ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ ਜਿਸ ਅਧੀਨ ਇਸ ਰਾਗ ਦਾ ਆਰੰਭ ਦੀਪਕ (ਨ਼ੀ ਸ ਗ ਮ ਪ) ਅੰਗ ਅਤੇ ਪੂਰਬੀ ਅੰਗ (ਨ਼ੀ ਰੇ̱ ਗ ਮ ਪ) ਤੋਂ ਕੀਤਾ ਜਾਂਦਾ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਆਰੋਹ ਵਿਚ ਰਿਸ਼ਭ ਵਰਜਿਤ ਹੈ। ਇਸ ਦਾ **ਵਾਦੀ ਸ਼ੜਜ, ਸੰਵਾਦੀ ਪੰਚਮ, ਸਮਾਂ ਰਾਤ ਦਾ ਪਹਿਲਾ ਪਹਿਰ** ਅਤੇ **ਜਾਤੀ ਸ਼ਾੜਵ-ਸੰਪੂਰਣ** ਹੈ।

**ਆਰੋਹ** : ਸ ਗ ਮ॑ ਪ, ਮ॑ ਧ ਨੀ ਸਂ ਰੇ̱ਂ ਸਂ।

**ਅਵਰੋਹ** : ਸਂ ਨੀ ਧ ਪ, ਧ ਪ ਮ॑ ਗ ਸ, ਰੇ̱ ਗ ਰੇ̱ ਸ ਨ਼ੀ ਸ।

**ਮੁੱਖ ਅੰਗ** : ਧ ਪ ਮ॑ ਗ ਸ, ਰੇ̱ ਗ ਰੇ̱ ਸ ਨ਼ੀ ਸ।

**ਸੁਰ ਵਿਸਥਾਰ** :

੧. ਸ ਨ਼ੀ ਸ ਰੇ̱ ਸ ਨ਼ੀ, ਧ਼ ਨ਼ੀ, ਸ ਰੇ̱ ਸ, ਸ ਗ ਮ॑ ਪ, ਧ ਪ ਮ॑ ਗ, ਮ॑ ਗ ਸ, ਰੇ̱ ਗ ਰੇ̱ ਸ ਨ਼ੀ ਸ।

੨. ਸ ਗ ਮ॑ ਪ, ਮ॑ ਧ ਨੀ ਧ ਪ, ਸਂ ਨੀ ਧ ਪ, ਧ ਪ ਮ॑ ਗ, ਸ ਗ ਮ॑ ਪ, ਪ ਮ॑ ਗ ਸ, ਰੇ̱ ਗ ਰੇ̱ ਸ।

੩. ਪ ਮ॑ ਪ,ਮ॑ ਧ ਨੀ ਸਂ, ਨੀ ਸਂ ਰੇ̱ਂ ਸਂ ਨੀ, ਸਂ ਗਂ ਮ॑ਂ ਗਂ ਸਂ, ਸਂ ਨੀ ਧ ਪ, ਨੀ ਧ ਪ ਮ॑ ਗ, ਸ ਗ ਮ॑ ਪ, ਧ ਪ ਮ॑ ਗ ਸ, ਰੇ̱ ਗ ਰੇ̱ ਸ ਨ਼ੀ ਸ।

# ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

## ੧ੴ ਸਤਿਗੁਰ ਪ੍ਰਸਾਦਿ ॥

ਜੈ[੧] ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ ਰਹਾਉ॥
ਨਿਤ ਨਿਤ ਜੀਅੜੇ ਸਮਾਲੀਅਨਿ[੨] ਦੇਖੈਗਾ[੩] ਦੇਵਣਹਾਰੁ॥
ਤੇਰੇ ਦਾਨੈ[੪] ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ[੫]॥੨॥
ਸੰਬਤਿ[੬] ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥
ਘਰਿ ਘਰਿ ਏਹੋ ਪਾਹੁਚਾ[੭] ਸਦੜੇ ਨਿਤ ਪਵੰਨਿ॥
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ[੮] ਆਵੰਨਿ॥੪॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨)*

---

੧. ਜਿਸ ਘਰ ਵਿਚ, ਅਰਥਾਤ ਮਨ ਦੀ ਜਿਸ ਹਾਲਤ ਵਿਚ ਵਾਹਿਗੁਰੂ ਦੀ ਸਿਫ਼ਤ ਆਖੀ ਜਾ ਸਕੇ ਅਤੇ ਉਸ ਦਾ ਵਿਚਾਰ ਹੋ ਸਕੇ, ਉਸ ਹਾਲਤ ਵਿਚ ਹੋ ਕੇ ਕਰਤਾਰ ਨੂੰ ਯਾਦ ਕਰੋ ਤੇ ਉਸ ਦਾ ਜਸ ਗਾਵੋ।

੨. ਸੰਭਾਲੇ ਜਾਂਦੇ ਹਨ (ਜੀਵ)।

੩. ਖ਼ਬਰ ਸਾਰ ਲਵੇਗਾ।

੪. ਦਾਨ ਦੀ। ਦੇਖੋ ਭਾ. ਗੁਰਦਾਸ ੪ (੫)।

੫. ਗਿਣਤੀ, ਲੇਖਾ।

੬. ਮੌਤ ਨਾਲ ਸਾਡੇ ਵਿਆਹ ਦਾ ਸੰਮਤ ਤੇ ਦਿਹਾੜਾ ਮਿਥਿਆ ਹੋਇਆ ਹੈ। ਹੇ ਸਜਣੋ ! ਸਾਰੇ ਰੱਲ ਕੇ ਤੇਲ ਚੋਵੋ, ਅਤੇ ਅਸੀਸਾਂ ਦੇਵੋ ਕਿ ਮੇਰਾ ਆਪਣੇ ਪਤੀ ਨਾਲ ਮੇਲ ਹੋਵੇ। (ਲਾੜੀ ਦੇ ਆਪਣੇ ਨਵੇਂ ਘਰ ਪ੍ਰਵੇਸ਼ ਕਰਨ ਸਮੇਂ ਮਿੱਤਰ ਸਰਬੰਧੀ ਬੂਹੇ ਤੇ ਤੇਲ ਚੋਂਦੇ ਅਤੇ ਸੁਹਾਗ ਦੇ ਗੀਤ ਗਾਂਦ ਹਨ।)

੭. ਵਿਆਹ ਦਾ ਸੱਦਾ। (ਨਿੱਤ ਨਿੱਤ ਜੋ ਮੌਤ ਦੇ ਸੱਦੇ ਲੋਕਾਂ ਨੂੰ ਪੈਂਦੇ ਹਨ, ਭਾਵ ਸਾਡੇ ਆਸ ਪਾਸ ਜੋ ਮੌਤਾਂ ਹੋ ਰਹੀਆਂ ਹਨ, ਇਹ ਮਾਨੋ ਜੀਉਂਦਿਆਂ ਨੂੰ ਘਰ ਘਰ ਸੱਦੇ ਮਿਲ ਰਹੇ ਹਨ, ਕਿ ਉਹ ਦਿਨ ਤੁਹਾਡੇ ਲਈ ਵੀ ਆ ਰਹੇ ਹਨ। ਆਓ ! ਉਸ ਸੱਦਾ ਦੇਣ ਵਾਲੇ ਵਾਹਿਗੁਰੂ ਨੂੰ ਯਾਦ ਕਰੀਏ।)

੮. ਦਿਨ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੨

## ਰਾਗ ਗਉੜੀ ਦੀਪਕੀ    ਮਹਲਾ ੧    ਚਾਰਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| ਗ | ਮੰ | ਪ | - | ਪ- | - | ਮੰ | ਧ | ਨੀ | - | - | - |
| ਤੁ | ਮ | ਗਾ | ऽ | ਵਹੁ | ऽ | ਮੇ | ऽ | ਰੇ | ऽ | ऽ | ऽ |
| ਸਂ | ਸਂ | ਨੀ- | - | ਧ | - | ਪ | - | ਮੰ | ਗ | - | - |
| ਨਿ | ਰ | ਭਉ | ऽ | ਕਾ | ऽ | ਸੋ | ऽ | ਹਿ | ਲਾ | ऽ | ऽ |
| ਸ- | ਰੇ | ਗ | ਰੇ | ਸ | ਨੀ | ਸ | - | - | - | - | - |
| ਹਉ | ऽ | ਵਾ | ऽ | ਰੀ | ऽ | ऽ | ऽ | ऽ | ऽ | ऽ | ऽ |
| - | - | ਗ | ਗ | ਮੰ | ਮੰ | ਪ | - | - | - | - | - |
| ऽ | ऽ | ਜਿ | ਤੁ | ਸੋ | ਹਿ | ਲੈ | ऽ | ऽ | ऽ | ऽ | ऽ |
| - | - | ਮੰ | ਮੰ | ਧ | ਧ | ਨੀ | - | - | - | - | - |
| ऽ | ऽ | ਸ | ਦਾ | ਸੁ | ਖੁ | ਹੋ | ऽ | ऽ | ऽ | ऽ | ऽ |
| ਧ | - | ਪ | - | ਮੰ | - | ਗ | - | - | - | - | - |
| ऽ | ऽ | ऽ | ऽ | ऽ | ऽ | ਇ | ऽ | ऽ | ऽ | ऽ | ऽ |
| ***ਅੰਤਰਾ*** | | | | | | | | | | | |
| - | - | ਮੰ | ਗ | ਮੰ | ਧ | ਨੀ | - | ਸਂ | ਸਂ | - | - |
| ऽ | ऽ | ਜੈ | ऽ | ਘ | ਰਿ | ਕੀ | ऽ | ਰ | ਤਿ | ऽ | ऽ |
| - | - | - | ਸਂ | - | ਨੀ | ਰੇਂ | - | - | ਸਂ | - | - |
| ऽ | ऽ | ऽ | ਆ | ऽ | ਖੀ | ਐ | ऽ | ऽ | ऽ | ऽ | ऽ |
| - | ਸਂਸਂ | ਸਂ | ਗਂ | ਮੰ | ਗਂ | ਰੇਂ | - | ਸਂ | - | - | ਸਂ |
| ऽ | ਕਰ | ਤੇ | ऽ | ਕਾ | ऽ | ਹੋ | ऽ | ਇ | ऽ | ऽ | ਥੀ |
| ਨੀ | - | ਧ | - | ਪ | - | ਮੰ | - | ਗ | - | - | - |
| ਚਾ | ऽ | ऽ | ऽ | ऽ | ऽ | ਰੋ | ऽ | ऽ | ऽ | ऽ | ऽ |
| - | - | ਮੰ | ਗ | ਮੰ | ਧ | ਨੀ | - | ਸਂ- | - | - | - |
| ऽ | ऽ | ਤਿ | ਤੁ | ਘ | ਰਿ | ਗਾ | ऽ | ਵਹੁ | ऽ | ऽ | ऽ |
| - | - | - | ਸਂ | - | ਨੀ | ਰੇਂ | - | ਸਂ | - | - | - |
| ऽ | ऽ | ऽ | ਸੋ | ऽ | ਹਿ | ਲਾ | ऽ | ऽ | ऽ | ऽ | ऽ |
| - | - | ਸਂ | ਗਂ | ਮੰ- | ਗਂ | ਰੇਂ | ਰੇਂ | ਸਂ | ਸਂ | - | - |
| ऽ | ऽ | ਸਿ | ਵ | ਰਿਹੁ | ऽ | ਸਿ | ਰ | ਜ | ਣ | ऽ | ऽ |
| - | - | ਨੀ | - | ਧ | - | ਮੰ | - | ਗ | - | - | - |
| ऽ | ऽ | ਹਾ | ऽ | ऽ | ऽ | 5 | ऽ | ਰੇ | ऽ | ऽ | ऽ |
| - | - | ਸਂ | ਸਂ | ਨੀ- | - | ਧ | ਧ | ਪ | - | ਮੰ | - |
| ऽ | ऽ | ਸਿ | ਵ | ਰਿਹੁ | ऽ | ਸਿ | ਰ | ਜ | ਣ | ऽ | ऽ |
| ਗ | - | ਸ | ਗ | ਮੰ | ਗ | ਸ | - | - | - | - | - |
| ऽ | ऽ | ਹਾ | ऽ | ऽ | ऽ | ਰੋ | ऽ | ऽ | ऽ | ऽ | ऽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੧. ਗਉੜੀ ਮਾਝ

ਰਾਗ ਗਉੜੀ ਮਾਝ ਨੂੰ ਸੰਗੀਤ ਜਗਤ ਲਈ ਗੁਰਮਤਿ ਸੰਗੀਤ ਦੀ ਅਨੂਪਮ ਦੇਣ ਆਖਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਇਸ ਰਾਗ ਦਾ ਵਰਣਨ ਭਾਰਤੀ ਸੰਗੀਤ ਦੇ ਕਿਸੇ ਗ੍ਰੰਥ ਵਿਚ ਵੀ ਉਪਲਬਧ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਦਰਜ ਹੈ। ਇਸ ਰਾਗ ਦੇ ਪੰਜ ਵੱਖ ਵੱਖ ਸਰੂਪ ਗੁਰਮਤਿ ਸੰਗੀਤ ਦੇ ਪਰੰਪਰਾਗਤ ਕੀਰਤਨੀਆਂ ਅਤੇ ਕੁਝ ਸੰਗੀਤ ਵਿਦਵਾਨਾਂ ਕੋਲ ਸੁਰੱਖਿਅਤ ਮਿਲਦੇ ਹਨ ਪਰੰਤੂ ਸਰਬ ਪ੍ਰਵਾਨਿਤ ਮੱਤ ਅਨੁਸਾਰ ਇੱਥੇ ਇਸ ਰਾਗ ਦਾ ਨਿਮਨਲਿਖਤ ਸਰੂਪ ਅੰਕਿਤ ਕੀਤਾ ਜਾ ਰਿਹਾ ਹੈ।

ਇਹ ਰਾਗ ਗਉੜੀ ਅਤੇ ਮਾਝ ਰਾਗਾਂ ਦੀਆਂ ਸੁਰਾਵਲੀਆਂ ਤੋਂ ਉਪਜਿਆ ਰਾਗ ਹੈ। ਜਟਿਲ ਸਰੂਪ ਵਾਲੇ ਇਸ ਰਾਗ ਵਿਚ ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਭਾਵ ਕੁੱਲ ਬਾਰਾਂ ਦੇ ਬਾਰਾਂ ਸੁਰ ਹੀ ਪ੍ਰਯੋਗ ਕੀਤੇ ਜਾਂਦੇ ਹਨ। ਗਾਇਨ ਹਿਤ ਇਸ ਰਾਗ ਨੂੰ ਅਤਿ ਕਠਨਿ ਰਾਗ ਮੰਨਿਆ ਜਾਂਦਾ ਹੈ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਸ਼ਾਮ ਅਤੇ ਜਾਤੀ ਸੰਪੂਰਣ** ਹੈ।

**ਆਰੋਹ** : ਸ ਰੇ̱ ਗ ਰੇ̱, ਮ̍ ਪ ਧ ਪ, ਨੀ ਸਂ।

**ਅਵਰੋਹ** : ਸਂ ਨੀ̱ ਧ ਪ, ਧ ਮ ਗ ਮ, ਰੇ ਪ ਗ̱, ਰੇ ਗ̱ ਸ ਰੇ ਨ਼ੀ ਸ।

**ਮੁੱਖ ਅੰਗ** : ਰੇ̱ ਗ ਮ̍ ਪ, ਧ̱ ਪ ਮ̍ ਗ, ਨੀ̱ ਧ ਪ ਮ ਗ ਮ, ਰੇ ਪ ਗ̱ ਰੇ ਸ ਰੇ ਨ਼ੀ ਸ।

**ਸੁਰ ਵਿਸਥਾਰ** :

੧. ਸ, ਰੇ̱ ਗਰੇ̱, ਸ ਨ਼ੀ ਸ ਨ਼ੀ ਧ਼ ਪ਼, ਮ਼̍ ਪ਼ ਧ਼̱ ਪ਼, ਨ਼ੀ ਸ, ਰੇ̱ ਗ ਰੇ̱ ਗ ਮ̍ ਪ, ਮ̍ ਪ ਧ̱ ਪ, ਧ, ਮ ਗ ਰੇ, ਪ ਗ̱ ਰੇ ਗ̱ ਸ ਰੇ ਨ਼ੀ ਸ।

੨. ਸ, ਨ਼ੀ ਸ ਰੇ̱ ਸ, ਰੇ̱ ਗ ਰੇ̱, ਮ̍ ਪ ਧ̱ ਪ, ਨੀ̱ ਧ ਪ, ਨੀ ਸਂ, ਸਂ ਨੀ̱ ਧ ਪ, ਮ̍ ਧ̱ ਪ, ਰੇ̱ ਗ ਮ̍ ਪ, ਧ ਮ ਗ ਮ, ਰੇ ਪ, ਗ̱ ਰੇ ਗ̱ ਸ ਰੇ ਨ਼ੀ ਸ।

੩. ਪ ਮ̍ ਪ ਧ̱ ਪ, ਨੀ ਸਂ, ਰੇ̱ਂ ਗਂ ਰੇ̱ਂ, ਸਂ, ਨੀ ਸਂ ਰੇ̱ਂ ਸਂ, ਸਂ ਨੀ̱ ਧ ਪ਼, ਮ̍ ਪ ਧ̱ ਪ ਨੀ ਸਂ, ਸਂ ਨੀ̱ ਧ, ਪ, ਧ ਮ ਗ ਮ, ਰੇ ਪ ਗ̱ ਰੇ ਗ̱ ਸ ਰੇ ਨ਼ੀ ਸ।

# ਗਉੜੀ ਮਹਲਾ ੫ ਮਾਂਝ ॥

ਦੁਖ[1] ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥
ਜਿਤੁ[2] ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ॥
ਜਮ[3] ਕੰਕਰੁ ਨੇੜਿ ਨ ਆਵਈ ਰਸਨਾ[4] ਹਰਿ ਗੁਣ ਗਾਉ॥੧॥
ਸੇਵਾ ਸੁਰਤਿ ਨ ਜਾਣੀਆ[5] ਨਾ ਜਾਪੈ ਆਰਾਧਿ॥
ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ[6] ਅਗਾਧਿ[7]॥੨॥
ਭਏ ਕ੍ਰਿਪਾਲ ਗੁਸਾਈਆ[8] ਨਠੇ ਸੋਗ ਸੰਤਾਪ[9]॥
ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥੩॥
ਗੁਰੁ ਨਾਰਾਇਣੁ ਦਯੁ[10] ਗੁਰੁ ਗੁਰੁ ਸਚਾ ਸਿਰਜਣਹਾਰੁ ॥
ਗੁਰਿ[11] ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ॥੪॥੨॥੧੭੦॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੮)*

---

੧. ਦੁੱਖਾਂ ਦੇ ਨਾਸ ਕਰਨ ਵਾਲਾ।
੨. ਜਿਸ ਸਰੀਰ ਵਿੱਚ।
੩. (ਕਿੰਕਰ=ਦਾਸ, ਸੇਵਕ) ਜਮ-ਦੂਤ।
੪. ਜੀਭ ਦੁਆਰਾ।
੫. ਹਰੀ ਨੂੰ ਅਰਾਧ (ਸਿਮਰ) ਨਹੀਂ ਜਾਤਾ।
੬. ਜਿਸ ਤਕ ਪਹੁੰਚ ਨਾ ਸਕੀਏ।
੭. ਅਥਾਹ।
੮. ਮਾਲਕ।
੯. ਦੁੱਖ।
੧੦. ਦਈਵ, ਪੂਜਯ ਦੇਵ।
੧੧. ਗੁਰੂ ਦੇ ਤੁਠਨ ਨਾਲ, ਕਿਰਪਾਲੂ ਹੋਣ ਨਾਲ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੨੧੮

## ਰਾਗ ਗਉੜੀ ਮਾਝ ਮਹਲਾ ੫ ਤਿੰਨ ਤਾਲ

| × | 2 | 0 | 3 |
|---|---|---|---|
| **ਸਥਾਈ** | | | |
| | ਸ ਰੇ̤ | ਗ ਰੇ̤ ਮੰ ਪ | ਧੁ ਪਮੰ ਪ - |
| | ਦੂ ਖ | ਭੰ ऽ ਜ ਨੁ | ਤੇ ऽऽ ਰਾ ऽ |
| - ਮੰਪ ਨੀਸਂ ਨੀ | ਸਂ - ਸਂ ਰੇਂ | ਨੀ - ਧ ਪ | ਮਗ ਮ ਗੁ ਰੇ |
| ऽ ਨਾऽ ऽऽ ਮੁ | ਜੀ ऽ ਦੂ ਖ | ਭੰ ऽ ਜ ਨੁ | ਤੇऽ ऽ ਰਾ ऽ |
| ਪ ਗੁਰੇ ਗੁ ਸ | ਰੇ ਸ - - | - ਸ - ਰੇ | ਨ਼ੀ ਨ਼ੀ ਧ਼ ਪ਼ |
| ऽ ਨਾऽ ऽ ऽ | ਮੁ ऽ ऽ ऽ | ऽ ਆ ऽ ਠ | ਪ ਹ ਰ ऽ |
| ਪ਼ਧ਼ ਮ਼ਪ਼ ਨ਼ੀ ਨ਼ੀ | ਸ - - - | ਸ ਰੇ̤ ਗ ਰੇ̤ | ਮੰ ਮੰ ਪ ਪ |
| ਆ ਰਾ ऽ ਧੀ | ਐ ऽ ऽ ऽ | ਪੂ ऽ ਰ ਨ | ਸ ਤਿ ਗੁ ਰ |
| ਮੰਪ ਨੀਸਂ ਸਰਿਂ ਨ਼ੀਧ | ਪਮ ਗਮ ਰੇ̤ਗ ਸਰੇ̤ | | |
| ਗਿਆ ऽऽ ऽऽ ऽऽ | ਨੁऽ ऽऽ ऽऽ ਦੂਖ | | |
| **ਅੰਤਰਾ** | | ਮੰ ਮੰ ਪ ਪ | ਧੁ ਪਮੰ ਪ - |
| | | ਜਿ ਤੁ ਘ ਟਿ | ਵ ऽऽ ਸੈ ऽ |
| - ਮੰਪ ਨੀਸਂ ਨੀ | ਸਂ- ਸਂ - - | ਗੁਂ - ਗੁਂ ਗੁਂ | ਰੇਂ - ਗੁਂ ਰੇਂਸਂ |
| - ਪਾऽ ऽऽ ਰ | ਬ੍ਰਹ ਮੁ ऽ ऽ | ਸੋ ऽ ਈ ਸੁ | ਹਾ ऽ ਵਾ ऽऽ |
| - ਰੇਂ ਸਂ ਨੀ | ਸਂ - - - | - ਮੰਮੰ ਪ ਪਪ | ਧੁ ਪਮੰ ਪ - |
| ऽ ਥਾ ऽ ऽ | ਉ ऽ ऽ ऽ | ऽ ਜਮ ਕੰ ਕਰੁ | ਨੇ ऽ ੜਿ ऽ |
| - ਮੰਪ ਨੀਸਂ ਨੀ | ਸਂ - - - | - ਗੁਂਗੁਂ ਗੁਂ | - ਰੇਂ ਰੇਂ ਗੁ ਰੇਂਸਂ |
| ऽ ਨऽ ਆऽ ਵ | ਈ ऽ ऽ ऽ | ऽ ਰਸ ਨਾ ऽ | ਹ ਰਿ ਗੁ ਣऽ |
| ਰੇਂ - ਸਂ ਨੀ | ਸਂ - - - | - ਸਂਰੇਂ ਨ਼ੀਧ ਪ | ਮਗ ਮ ਗੁ ਰੇ |
| ਗਾ ऽ ऽ ऽ | ਉ ऽ ऽ ऽ | ऽ ਰਸ ਨਾऽ ऽ | ਹऽ ਰਿ ਗੁ ਣ |
| - ਗੁਰੇ ਗੁ ਸ | ਸ - | | |
| ऽ ਗਾऽऽ ऽ | ਉ ऽ * | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੨. ਗਉੜੀ ਮਾਲਵਾ

ਗਉੜੀ ਮਾਲਵਾ ਅਪ੍ਰਚਲਿਤ ਅਤੇ ਅਪ੍ਰਸਿੱਧ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਆਪਣੀ ਬਾਣੀ ਹਿਤ ਪ੍ਰਯੋਗ ਕੀਤਾ ਹੈ। ਇਸ ਰਾਗ ਦਾ ਵਰਣਨ ਉਤਰੀ ਭਾਰਤੀ ਸੰਗੀਤ ਦੇ ਕਿਸੇ ਵੀ ਗ੍ਰੰਥ ਵਿਚ ਨਹੀਂ ਮਿਲਦਾ। ਦੱਖਣੀ ਪੱਧਤੀ ਵਿਚ ਗਉੜੀ ਮਾਰੁਵ ਨਾਂ ਦਾ ਰਾਗ ਗਉੜੀ ਮਾਲਵਾ ਦੇ ਰੂਪ ਨਾਲ ਮਿਲਦਾ ਜੁਲਦਾ ਹੈ। ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਮਧਿਅਮ ਤੀਵਰ ਲਗਾਉਂਦਿਆਂ ਆਰੋਹ ਵਿਚ ਨਿਸ਼ਾਦ ਅਤੇ ਅਵਰੋਹ ਵਿਚ ਧੈਵਤ ਵਰਜਿਤ ਕੀਤਾ ਜਾਂਦਾ ਹੈ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਦਿਨ ਦਾ ਚੌਥਾ ਪਹਿਰ ਅਤੇ ਜਾਤੀ ਸ਼ਾੜਵ-ਸ਼ਾੜਵ** ਹੈ।

**ਆਰੋਹ** : ਸ ਰੇ ਗ ਰੇ ਸ, ਰੇ ਗ ਮੇ ਪ ਧੁ ਸਂ।

**ਅਵਰੋਹ** : ਸਂ ਨੀ ਪ ਮੇ ਗ ਰੇ ਸ।

**ਮੁੱਖ ਅੰਗ** : ਰੇ ਗ ਰੇ ਸ, ਨੀ ਪ ਮੇ ਗ ਰੇ ਸ।

**ਸੁਰ ਵਿਸਥਾਰ** :

੧. ਸ, ਰੇ ਗ ਰੇ ਸ, ਨ਼ੀ ਪ਼, ਮ਼ੇ ਪ਼ ਧੁ ਸ, ਰੇ ਗ ਰੇ, ਗ ਮੇ ਪ, ਨੀ ਪ ਮੇ ਗ ਰੇ, ਰੇ ਗ ਰੇ ਸ।

੨. ਸ, ਧੁ ਸ, ਰੇ ਗ ਰੇ, ਰੇ ਗ ਮੇ ਪ, ਮੇ ਪ ਧੁ ਸਂ, ਰੇਂ ਸ, ਸਂ ਨੀ ਪ, ਮੇ ਗ, ਰੇ ਗ ਮੇ ਪ, ਧੁ ਸਂ ਨੀ ਪ ਮੇ ਗ ਰੇ, ਰੇ ਗ ਰੇ ਸ।

੩. ਪ, ਮੇ ਪ, ਰੇ ਗ ਮੇ ਪ, ਮੇ ਪ ਧੁ ਸਂ, ਰੇਂ ਗਂ ਰੇਂ ਸਂ, ਸਂ ਨੀ ਪ, ਰੇ ਗ ਮੇ ਪ, ਧੁ ਸਂ ਨੀ ਪ ਮੇ ਗ ਰੇ, ਰੇ ਗ ਰੇ ਸ।

# ਰਾਗੁ ਗੌੜੀ ਮਾਲਵਾ ਮਹਲਾ ੫

## ੧ੴ ਸਤਿਗੁਰ ਪ੍ਰਸਾਦਿ ॥

ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ[1] ਪੰਥੁ ਭੈਆਨ[2]॥੧॥ਰਹਾਉ॥
ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ[3]॥
ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ॥੧॥
ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ[4] ਹੋਇ ਬਹੁਰਿ ਬਹੁਰਿ ਅਵਤਾਰ॥੨॥
ਸਿਵ ਪੁਰੀ[5] ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ[6] ਆਵਹਿ ਜਾਹਿ ॥੩॥
ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੪)*

---

੧. ਕਰੜਾ ।
੨. ਭਿਆਨਕ (ਰਸਤਾ)।
੩. ਮੌਤ ਹਰ ਵੇਲੇ ਤੇਰੇ ਸਿਰ ਤੇ ਹੈ।
੪. ਮਾਨਣਾ, ਨਰਕ ਸੁਰਗ ਭੋਗਣੇ ਪੈਂਦੇ ਹਨ ਤੇ ਮੁੜ ਜਨਮ ਹੁੰਦਾ ਹੈ।
੫. ਸ਼ਿਵ ਦੇਵਤਾ ਦਾ ਲੋਕ।
੬. (ਸ਼ਕਤੀ ਦਾ ਉਪਾਸ਼ਕ) ਮਾਇਆਧਾਰੀ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੨੧੪

## ਰਾਗ ਗਉੜੀ ਮਾਲਵਾ ਮਹਲਾ ੫ ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | ਸ | ਸ |
| | | | | | | | | | | ਹ | ਰਿ |
| ਰੇ॒ | ਗ | ਰੇ॒ | ਗ | ਮ॑ | ਪ | ਮ॑ | ਗ | ਰੇ॒ | - | - | - |
| ਨਾ | ऽ | ऽ | ऽ | ऽ | ਮੁ | ਲੇ | ऽ | ਹੁ | ऽ | ऽ | ऽ |
| - | - | ਰੇ॒ | ਗ | ਮ॑ | ਗ | ਰੇ॒ | - | ਸ | - | - | - |
| ऽ | ऽ | ਮੀ | ऽ | ਤਾ | ऽ | ਲੇ | ऽ | ਹੁ | ऽ | ऽ | ऽ |
| - | - | ਮ॑ | ਪ | ਮ॑ਪ | ਧ॒ | ਧ॒ਸਂ | ਸਂ | ਸਂ | - | - | - |
| ऽ | ऽ | ਆ | ऽ | ਗੈऽ | ऽ | ਬਿ | ਖ | ਮ | ऽ | ऽ | ऽ |
| - | - | ਸਂ | ਨੀ | ਪ | ਪ | ਮ॑ਗ | ਰੇ॒ | - | - | - | ਰੇ॒ |
| ऽ | ऽ | ਪੰ | ऽ | ਥੁ | ਭੈ | ਆऽ | ऽ | ऽ | ऽ | ऽ | ਨ |
| - | - | ਰੇ॒ | ਗ | ਮ॑ਪ | ਮ॑ | ਗ | ਰੇ॒ | ਸ | ਸ | | |
| ऽ | ऽ | ਪੰ | ऽ | ਥੁऽ | ਭੈ | ਆ | ऽ | ऽ | ਨ | | |
| ***ਅੰਤਰਾ*** | | ਮ॑ | - | ਪ | ਧ॒ | ਸਂ | - | ਸਂ | ਸਂ | - | - |
| | | ਸੇ | ऽ | ਵ | ਤ | ਸੇ | ऽ | ਵ | ਤ | ऽ | ऽ |
| - | - | ਸਂ | ਸਂ | - | - | ਰੇ॒ਂ | - | - | ਸਂ | - | - |
| ऽ | ऽ | ਸ | ਦਾ | ऽ | ऽ | ਸੇ | ऽ | ऽ | ਵਿ | ऽ | ऽ |
| ਰੇ॒ਂ | ਰੇ॒ਂ | ਰੇ॒ਂ | - | ਰੇ॒ਂ | ਰੇ॒ਂ | ਨੀ | ਸਂ | ਰੇ॒ਂ | - | - | - |
| ਤੇ | ਰੈ | ਸੰ | ऽ | ਗਿ | ਬ | ਸ | ਤੁ | ਹੈ | ऽ | ऽ | ऽ |
| - | - | ਗਂ | - | ਰੇ॒ਂ | - | ਮ॑ਂ | ਗਂ | ਰੇ॒ਂ | ਸਂ | - | - |
| ऽ | ऽ | ਕਾ | ऽ | ऽ | ऽ | ਲੁ | ऽ | ऽ | ऽ | ऽ | ऽ |
| - | - | ਪ | ਧ॒ | ਮ॑ | ਪ | ਧ॒ | - | ਸਂ | - | - | - |
| ऽ | ऽ | ਕ | ਰਿ | ਸੇ | ऽ | ਵਾ | ऽ | ਤੂੰ | ऽ | ऽ | ऽ |
| - | - | - | ਸਂ | - | ਸਂ | ਰੇ॒ਂ | - | - | ਸਂ | - | - |
| ऽ | ऽ | ऽ | ਸਾ | ऽ | ਧ | ਕੀ | ऽ | ऽ | ऽ | ऽ | ऽ |
| - | - | ਰੇ॒ਂ | - | ਰੇ॒ਂ | ਰੇ॒ਂ | ਨੀ | ਸਂ | ਰੇ॒ਂ | - | - | - |
| ऽ | ऽ | ਹੋ | ऽ | ਕਾ | ਟੀ | ਐ | ऽ | ऽ | ऽ | ऽ | ऽ |
| - | - | ਗਂ | ਗਂ | ਰੇ॒ਂ | - | ਮ॑ਂ | ਗਂ | ਰੇ॒ਂ | ਸਂ | - | - |
| ऽ | ऽ | ਜ | ਮ | ਜਾ | ऽ | ਲੁ | ऽ | ऽ | ऽ | ऽ | ऽ |
| - | - | ਸਂ | - | ਸਂ | ਸਂ | ਨੀ | ਨੀ | ਪ | - | - | - |
| ऽ | ऽ | ਹੋ | ऽ | ਕਾ | ਟੀ | ਐ | ऽ | ऽ | ऽ | ऽ | ऽ |
| - | - | ਮ॑ | ਗ | ਮ॑ | ਗ | ਰੇ॒ | - | ਸ | - | | |
| ऽ | ऽ | ਜ | ਮ | ਜਾ | ऽ | ਲੁ | ऽ * | | | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੩. ਗਉੜੀ ਮਾਲਾ

ਗਉੜੀ ਦੇ ਪ੍ਰਕਾਰਾਂ ਵਿਚੋਂ ਗਉੜੀ ਮਾਲਾ ਇਕ ਅਪ੍ਰਚਲਿਤ ਰਾਗ ਪ੍ਰਕਾਰ ਹੈ, ਜਿਸ ਦਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਜ਼ਿਕਰ ਨਹੀਂ ਮਿਲਦਾ। ਇਹ ਰਾਗ ਗੁਰਮਤਿ ਸੰਗੀਤ ਪਰੰਪਰਾ ਦੇ ਮੌਲਿਕ ਰਾਗ ਵਜੋਂ ਜਾਣਿਆ ਜਾਂਦਾ ਹੈ। ਗੁਰਮਤਿ ਸੰਗੀਤਾਚਾਰੀਆਂ ਵਿਚ ਇਸ ਰਾਗ ਦੇ ਕਈ ਕਿਰਿਆਤਮਕ ਸਰੂਪ ਪ੍ਰਚੱਲਿਤ ਹਨ। ਇਸ ਰਾਗ ਵਿਚ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਬਾਣੀ ਦੀ ਰਚਨਾ ਕੀਤੀ। ਇਸ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਧੈਵਤ, ਸੰਵਾਦੀ ਰਿਸ਼ਭ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਣ** ਹੈ।

**ਆਰੋਹ** : ਸ ਰੇ॒ ਗ॒, ਮ ਪ ਧ॒, ਨੀ ਸਂ।
**ਅਵਰੋਹ** : ਸਂ ਨੀ ਧ॒ ਪ, ਮ ਗ॒ ਰੇ॒, ਸ।
**ਮੁੱਖ ਅੰਗ** : ਰੇ॒ ਗ॒ ਰੇ॒, ਸ, ਨ਼ੀ ਸ, ਧ॒, ਪ ਮ ਗ॒ ਰੇ॒, ਸ।
**ਸੁਰ ਵਿਸਥਾਰ** :
੧. ਸ ਰੇ॒ ਨ਼ੀ ਸ ਨ਼ੀ, ਧ॒ ਨ਼ੀ ਸ, ਗ॒ ਰੇ॒ ਸ, ਸ ਰੇ॒ ਗ॒, ਮ ਪ ਧ॒ ਪ, ਮ ਗ॒ ਰੇ॒, ਸ।
੨. ਸ ਰੇ॒ ਗ॒, ਮ ਪ ਧ॒ ਪ, ਮ ਪ ਧ॒ ਨੀ, ਨੀ ਧ॒ ਪ, ਧ॒ ਪ ਮ ਗ॒ ਰੇ॒, ਨ਼ੀ ਸ।
੩. ਮ ਪ ਧ॒, ਨੀ ਸਂ, ਸਂ ਰੇ॒ਂ ਨੀ ਸਂ ਨੀ, ਧ॒ ਪ, ਪ ਧ॒ ਨੀ ਸਂ, ਰੇ॒ਂ ਗ॒ਂ ਗ॒ਂ ਰੇ॒ਂ, ਸਂ ਨੀ ਧ॒, ਪ, ਮ ਪ ਧ॒ ਨੀ, ਧ॒ ਪ, ਮ ਗ॒ ਰੇ॒, ਨੀ ਸ।

# ਗਉੜੀ ਮਾਲਾ ਮਹਲਾ ੫ ॥

ਭਾਵਨੁ[੧] ਤਿਆਗਿਓ ਰੀ ਤਿਆਗਿਓ॥
ਤਿਆਗਿਓ ਮੈ ਗੁਰ ਮਿਲਿ ਤਿਆਗਿਓ॥
ਸਰਬ ਸੂਖ ਆਨੰਦ ਮੰਗਲ ਰਸ [੨]ਮਾਨਿ ਗੋਬਿੰਦੈ ਆਗਿਓ॥੧॥ਰਹਾਉ॥
ਮਾਨੁ ਅਭਿਮਾਨੁ ਦੋਊ ਸਮਾਨੇ[੩] ਮਸਤਕੁ ਡਾਰਿ ਗੁਰ ਪਾਗਿਓ[੪]॥
[੫]ਸੰਪਤ ਹਰਖੁ ਨ ਆਪਤ[੬] ਦੂਖਾ ਰੰਗੁ ਠਾਕੁਰੈ ਲਾਗਿਓ॥੧॥
ਬਾਸ ਬਾਸਰੀ[੭] ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ॥
ਨਿਰਭਉ ਭਏ ਸੰਤ ਭ੍ਰਮੁ ਡਾਰਿਓ[੮] ਪੂਰਨ ਸਰਬਾਗਿਓ॥੨॥
ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ॥
[੯]ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ॥੩॥
ਜਨ ਨਾਨਕ ਓੜਿ[੧੦] ਤੁਹਾਰੀ ਪਰਿਓ ਆਇਓ ਸਰਣਾਗਿਓ॥
ਨਾਮ ਰੰਗ ਸਹਜ[੧੧] ਰਸ ਮਾਣੇ ਫਿਰਿ ਦੂਖੁ ਨ ਲਾਗਿਓ॥੪॥੨॥੧੬੦॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੪)*

---

੧. ਦਿਲ-ਪਸੰਦਗੀ; ਇਹ ਖ਼ਿਆਲ ਕਿ ਅਮੁਕੀ ਚੀਜ਼ ਪਸੰਦ ਕਰਨੀ ਹੈ, ਤੇ ਅਮੁਕੀ ਨਹੀਂ ਕਰਨੀ।
੨. ਹਰੀ ਦੀ ਆਗਿਆ ਮੰਨ ਕੇ।
੩. ਇਕੋ ਜਹੇ ਹੋ ਗਏ।
੪. ਪੈਰਾਂ ਤੇ। ਗੁਰੂ ਦੇ ਪੈਰਾਂ ਤੇ ਮੱਥਾ ਧਰ ਕੇ।
੫. ਧਨ ਦੀ ਖ਼ੁਸ਼ੀ।
੬. ਬਿਪਦਾ ਦਾ ਦੁੱਖ। ਠਾਕਰ ਦਾ ਪਿਆਰ ਪਿਆ ਹੈ, ਇਸ ਲਈ ਜੇ ਧਨ ਮਿਲੇ ਤਾਂ ਖ਼ੁਸ਼ੀ ਨਹੀਂ ਤੇ ਜੇ ਕੋਈ ਮੁਸੀਬਤ ਆ ਪਏ ਤਾਂ ਕਲੇਸ਼ ਨਹੀਂ ਹੁੰਦਾ।
੭. ਵੱਸਣ ਵਾਲਾ। ਘਰ ਵੱਸਣ ਵਾਲਾ ਇਕੋ ਮਾਲਕ (ਹਰੀ) ਹੀ ਹੈ, ਤੇ ਜੰਗਲ ਵਿੱਚ ਭੀ ਓਹੀ ਦੇਖਿਆ ਹੈ।
੮. ਸਭ ਵਿੱਚ ਪੂਰਨ ਹੈ।
੯. ਸੰਤਾਂ ਦੀ ਕਿਰਪਾ ਨਾਲ ਸਾਧ-ਸੰਗਤ ਦੁਆਰਾ ਸੁੱਤਾ ਮਨ ਜਾਗ ਪਿਆ ਹੈ।
੧੦. ਓਟ ਵਿਚ, ਆਸਰੇ ਅੰਦਰ।
੧੧. ਸਹਜ ਅਵਸਥਾ ਦੇ ਰਸ, ਅਡੋਲ ਖ਼ੁਸ਼ੀ ਦੇ ਸਵਾਦ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੨੧੪

## ਰਾਗ ਗਉੜੀ ਮਾਲਾ ਮਹਲਾ ੫ ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| ਰੇ | - | ਗੁ | ਰੇ | - | ਸ | - | - | ਸ- | - | ਧੁ- | - |
| ਭਾ | ઽ | ઽ | ਵ | ઽ | ਨੁ | ઽ | ઽ | ਤਿਆ | ઽ | ਗਿਓ | ઽ |
| ਪ | - | - | - | - | - | ਧੁ- | ਪ | ਮਗੁ- | ਰੇ | ਸ | - |
| ਰੀ | ઽ | ઽ | ઽ | ઽ | ઽ | ਤਿਆ | ઽ | ਗਿਓ | ઽ | ઽ | ઽ |
| ਧੁਪ | ਮਪ | ਧੁ | ਨੀ | ਧੁ | - | ਨੀ- | - | - | - | - | ਧੁ |
| ਤਿਆ | ઽઽ | ઽ | ઽ | ઽ | ઽ | ਗਿਓ | ઽ | ઽ | ઽ | ઽ | ਮੈ |
| ਸਂ | ਸਂ | ਨੀ | ·ਧੁ | ਧੁ- | ਪ | ਪ- | - | - | - | - | - |
| ਗੁ | ਰ | ਮਿ | ਲਿ | ਤਿਆ | ઽ | ਗਿਓ | ઽ | ઽ | ઽ | ઽ | ઽ |
| ਮ | ਮ | ਪ | ਧੁ | ਪ | ਧੁਨੀ | ਸਂ | ਸਂ | ਸਂ | ਸਂਸਂ | ਸਂ | ਸਂ |
| ਸ | ਰ | ਬ | ਸੁ | ਖ | ਆઽ | ਨੰ | ਦ | ਮੰ | ਗਲ | ਰ | ਸ |
| ਸਂ | ਨੀ | ਧੁ | ਪ | ਪ | - | ਧੁ | ਪ | ਮਗੁ | ਰੇ | ਸ | - |
| ਮਾ | ઽ | ਨਿ | ਗੋ | ਬਿੰ | ઽ | ਦੋ | ઽ | ਆ | ઽ | ਗਿ | ਓ |
| ***ਅੰਤਰਾ*** | | | | | | | | | | | |
| ਮਮ | ਮ | ਪ | ਧੁ | - | ਧੁ | ਸਂ | ਸਂ | ਸਂ | ਸਂ | - | ਸਂ |
| ਮਾਨੁ | ਅ | ਭਿ | ਮਾ | ઽ | ਨੁ | ਦੋ | ਊ | ਸ | ਮਾ | ઽ | ਨੇ |
| - | - | ਸਂ | -ਸਂ | ਸਂ | ਰੇਂ | ਗੁਂ | ਰੇ | ਸਂ | - | ਸਂ | ਸਂ |
| ઽ | ઽ | ਮ | ઽਸ | ਤ | ਕੁ | ਡਾ | ઽ | ਰਿ | ઽ | ਗੁ | ਰ |
| ਸਂ | - | ਨੀ- | ਧੁ | ਪ | - | - | - | - | - | - | - |
| ਪਾ | ઽ | ਗਿਓ | ઽ | ઽ | ઽ | ઽ | ઽ | ઽ | ઽ | ઽ | ઽ |
| ਮ | ਪ | ਪ | ਧੁਧੁ | ਪ | ਧੁ | ਸਂ | ਸਂ | ਸਂ | ਸਂ | - | ਸਂ |
| ਸੰ | ਪ | ਤ | ਹਰ | ਖੁ | ਨ | ਆ | ਪ | ਤ | ਦੂ | ઽ | ਖਾ |
| - | - | ਸਂ | - | ਸਂ | ਰੇਂ | ਗੁਂ | ਰੇਂ | ਸਂ | ਸਂ | - | - |
| ઽ | ઽ | ਰੰ | ઽ | ਗੁ | ઽ | ਠਾ | ઽ | ਕੁ | ਰੈ | ઽ | ઽ |
| ਸਂ | - | ਨੀ- | ਧੁ | ਪ | - | - | - | - | - | - | - |
| ਲਾ | ઽ | ਗਿਓ | ઽ | ઽ | ઽ | ઽ | ઽ | ઽ | ઽ | ઽ | ઽ |
| ਸਂ | ਨੀ | ਧੁ | ਪ | ਪ | - | ਧੁ | ਪ | ਮਗੁ- | ਰੇ | ਸ | - |
| ਰੰ | ਗੁ | ਠਾ | ઽ | ਕੁ | ਰੈ | ਲਾ | ઽ | ਗਿਓ | ઽ | ઽ | ઽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੪. ਗਉੜੀ ਸੋਰਠਿ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੩੦ ਉਤੇ ਭਗਤ ਕਬੀਰ ਜੀ ਦਾ ਇਕ ਸ਼ਬਦ *ਰੇ ਜੀਅ ਨਿਲਜ ਲਾਜ ਤੁੋਹਿ ਨਾਹੀ* ਅੰਕਿਤ ਹੈ ਜਿਸ ਉਤੇ ਸਿਰਲੇਖ ਦਿੱਤਾ ਗਿਆ ਹੈ: *ਗਉੜੀ ਭੀ ਸੋਰਠਿ ਭੀ*। ਵੱਖ-ਵੱਖ ਵਿਦਵਾਨ ਇਸ ਸਿਰਲੇਖ ਦੇ ਵਿਭਿੰਨ ਅਰਥ ਕੱਢਦੇ ਹਨ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਇਸ ਸ਼ਬਦ ਨੂੰ ਰਾਗ ਗਉੜੀ ਅਤੇ ਰਾਗ ਸੋਰਠਿ ਅਧੀਨ ਵੱਖੋ ਵੱਖਰੇ ਵਿਚ ਗਾਇਆ ਜਾ ਸਕਦਾ ਹੈ ਪਰੰਤੂ ਬਹੁਮਤ ਵਿਦਵਾਨ ਗਉੜੀ ਸੋਰਠਿ ਨੂੰ ਰਾਗ ਗਉੜੀ ਦੇ ਇਕ ਰਾਗ ਪ੍ਰਕਾਰ ਵਜੋਂ ਹੀ ਸਵੀਕਾਰਦੇ ਹਨ। ਗਉੜੀ ਅਤੇ ਸੋਰਠਿ ਰਾਗਾਂ ਦੀਆਂ ਸੁਰਾਵਲੀਆਂ ਤੋਂ ਵਿਕਸਤ, ਗੁਰਮਤਿ ਸੰਗੀਤ ਦੇ ਇਸ ਮੌਲਿਕ ਰਾਗ ਦਾ ਗਾਇਨ ਵਿਸ਼ੇਸ਼ ਪ੍ਰੌਢਤਾ ਸਹਿਤ ਹੀ ਕੀਤਾ ਜਾ ਸਕਦਾ ਹੈ। ਇਸ ਰਾਗ ਵਿਚ ਰਿਸ਼ਭ, ਮਧਿਅਮ, ਧੈਵਤ ਅਤੇ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕਰਦਿਆਂ ਅਵਰੋਹ ਵਿਚ ਗੰਧਾਰ ਵਰਜਿਤ ਹੈ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਨ-ਸ਼ਾੜਵ** ਹੈ।

**ਆਰੋਹ** : ਸ ਰੇ॒ ਗ ਰੇ॒ ਮ॑ ਪ ਮ॑ ਧ॒ ਨੀ ਸਂ।

**ਅਵਰੋਹ** : ਸਂ ਨੀ॒ ਧ ਪ ਮ ਰੇ ਨੀ ਸ।

**ਮੁੱਖ ਅੰਗ** : ਰੇ॒ ਗ ਮ॑ ਪ ਧ ਮ ਰੇ, ਸ।

**ਸੁਰ ਵਿਸਥਾਰ** :

੧. ਸ ਰੇ॒ ਗ ਰੇ॒ ਸ, ਨੀ॒ ਧ਼ ਪ਼, ਮ਼॑ ਧ॒ ਨ਼ੀ ਸ, ਰੇ॒ ਗ ਰੇ॒ ਗ ਮ॑ ਪ, ਪ ਮ ਰੇ ਨ਼ੀ ਸ।

੨. ਸ ਰੇ॒ ਗ ਰੇ॒ ਗ ਮ॑ ਪ, ਧ॒ ਮ॑ ਪ, ਮ॑ ਧ॒ ਨੀ, ਮ॑ ਧ॒ ਨੀ ਸਂ, ਸਂ ਰੇਂ ਨੀ॒ ਧ ਪ, ਨੀ॒ ਧ ਪ, ਮ ਰੇ ਸ ਨ਼ੀ ਸ।

੩. ਮ॑ ਪ, ਮ॑ ਧ॒ ਨੀ ਸਂ, ਰੇ॒ਂ ਸਂ ਰੇ॒ਂ ਗਂ ਰੇ॒ਂ ਸਂ, ਗਂ ਪਂ, ਮਂ ਰੇਂ ਨੀ ਸਂ, ਸਂ ਰੇਂ ਨੀ॒ ਧ ਪ, ਪ ਧ ਮ ਰੇ ਸ ਰੇ ਨ਼ੀ ਸ।

# ਗਉੜੀ ਭੀ ਸੋਰਠਿ ਭੀ ॥ (ਕਬੀਰ ਜੀ)

ਰੇ ਜੀਅ ਨਿਲਜ[1] ਲਾਜ ਤੁੋਹਿ ਨਾਹੀ॥
ਹਰਿ ਤਜਿ [2]ਕਤ ਕਾਹੂ ਕੇ ਜਾਂਹੀ॥੧॥ਰਹਾਉ॥
ਜਾ ਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ[3]॥੧॥
ਸੋ ਸਾਹਿਬੁ ਰਹਿਆ ਭਰਪੂਰਿ॥ ਸਦਾ ਸੰਗਿ ਨਾਹੀ ਹਰਿ ਦੂਰਿ॥੨॥
ਕਵਲਾ[4] ਚਰਨ ਸਰਨ ਹੈ ਜਾ ਕੇ॥ ਕਹੁ ਜਨ [5]ਕਾ ਨਾਹੀ ਘਰ ਤਾ ਕੇ॥੩॥
ਸਭੁ ਕੋਊ ਕਹੈ [6]ਜਾਸੁ ਕੀ ਬਾਤਾ॥ ਸੋ ਸੰਮ੍ਰਥੁ [7]ਨਿਜ ਪਤਿ ਹੈ ਦਾਤਾ॥੪॥
ਕਹੈ ਕਬੀਰੁ ਪੂਰਨ ਜਗ ਸੋਈ॥ ਜਾ ਕੇ ਹਿਰਦੈ ਅਵਰੁ ਨ ਹੋਈ॥੫॥੩੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੦)*

---

੧. ਬੇਸ਼ਰਮ।
੨. ਕਿਥੇ ਕਿਸ ਵੱਲ ਜਾਂਦਾ ਹੈਂ ?
੩. ਸੋਭਦਾ।
੪. ਮਾਇਆ।
੫. ਕੀ ਨਹੀ ਉਸ ਦੇ ਘਰ ?
੬. ਜਿਸ ਵਾਹਿਗੁਰੂ ਦੀਆਂ।
੭. ਜੋ ਆਪਣਾ ਮਾਲਕ ਆਪ ਹੈ, ਸੁਤੰਤਰ, ਆਜ਼ਾਦ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੩੩੦

## ਰਾਗ ਗਉੜੀ ਸੋਰਠਿ ਭਗਤ ਕਬੀਰ ਜੀ ਤਿੰਨਤਾਲ

| × | 2 | 0 | 3 |
|---|---|---|---|
| *ਸਥਾਈ* | | ਸ ਰੇ ਗ ਰੇ | ਮੰ ਮੰ ਪ ਮੰਪ |
| | | ਰੇ ऽ ਜੀ ਅ | ਨਿ ਲ ਜ ਲਾऽ |
| ਨੀਸਂ ਪਧ ਮ ਮ | ਰੇ - ਨ਼ੀ ਸ | ਮੰ ਮੰ ਪ ਪ | ਨੀ ਸਂ ਨੀਸਂ ਸਂਰੇਂ |
| ऽऽ ਜ ਤੂੰ ਹਿ | ਨਾ ऽ ਹੀ ऽ | ਹ ਰਿ ਤ ਜਿ | ਕ ਤ ਕਾऽ ऽऽ |
| ਨ਼ੀ ਧਪ ਪਧ ਮ | ਰੇ - ਨ਼ੀ ਸ | | |
| ਹੂ ऽऽ ਕੇऽ ऽ | ਜਾਂ ऽ ਹੀ ऽ | | |
| *ਅੰਤਰਾ* | | ਮੰ - ਪ - | ਮੰਪ ਨੀਸਂ ਸਂ ਸਂ |
| | | ਜਾ ऽ ਕੋ ऽ | ਠਾऽ ऽऽ ਕੁ ਰੁ |
| ਸਂ - ਸਂ - | ਸਂਰੇਂ ਗਂ ਰੇਂ ਸਂ | ਸਂ ਰੇਂ ਨ਼ੀ ਧ | ਧ ਪ ਪ ਧ |
| ਉ ऽ ਚਾ ऽ | ਹੋऽ ऽ ਈ ऽ | ਸੋ ऽ ਜ ਨੁ | ਪ ਰ ਘ ਰ |
| ਮ ਰੇ ਰੇ ਰੇ | ਨ਼ੀ - ਸ - | | |
| ਜਾ ऽ ਤ ਨ | ਸੋ ऽ ਹੀ ऽ * | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੫. ਆਸਾ

ਰਾਗ ਆਸਾ ਗੁਰਮਤਿ ਸੰਗੀਤ ਦਾ ਪਰਮੁਖ ਰਾਗ ਹੈ ਜਿਸਨੂੰ ਇਸ ਪਰੰਪਰਾ ਵਿਚ ਸਵੇਰ ਅਤੇ ਸ਼ਾਮ ਸਮੇਂ ਗਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫, ੯ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਧੰਨਾ ਜੀ ਅਤੇ ਸ਼ੇਖ ਫਰੀਦ ਜੀ ਦੀ ਬਾਣੀ ਦਰਜ ਹੈ। ਪੰਜਾਬੀ ਲੋਕ ਸੰਗੀਤ ਤੋਂ ਵਿਕਸਤ ਇਸ ਰਾਗ ਨੂੰ *ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ* ਉਤੇ ਅਧਾਰਤ ਮੰਨਿਆ ਜਾਂਦਾ ਹੈ। ਸਿੱਖ ਮਰਿਯਾਦਾ ਅਧੀਨ ਸਵੇਰ ਦੇ ਕੀਰਤਨ ਵਿਚ ਗਾਇਨ ਕੀਤੀ ਜਾਣ ਵਾਲੀ ਬਾਣੀ *ਆਸਾ ਦੀ ਵਾਰ* ਇਸੇ ਰਾਗ ਉਤੇ ਆਧਾਰਿਤ ਹੈ। ਰਾਗ ਆਸਾ ਵਿਚ ਸਾਰੇ ਸੁਰ ਸ਼ੁਧ ਲਗਦੇ ਹਨ ਅਤੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ **ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਸਵੇਰ, ਸ਼ਾਮ** ਅਤੇ **ਜਾਤੀ ਔੜਵ-ਸੰਪੂਰਣ** ਹੈ।

| | | |
|---|---|---|
| **ਆਰੋਹ** | : | ਸ, ਰੇ ਮ, ਪ, ਧ ਸਂ। |
| **ਅਵਰੋਹ** | : | ਸਂ ਨੀ ਧ ਪ, ਮ, ਗ ਰੇ ਸ ਰੇ ਗ ਸ। |
| **ਮੁੱਖ ਅੰਗ** | : | ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ। |
| **ਸੁਰ ਵਿਸਥਾਰ** | : | ੧. ਸ, ਸ ਰੇ ਗ ਸ, ਸ ਨ਼ੀ ਧ਼ ਪ਼, ਪ਼ ਧ਼ ਨ਼ੀ ਧ਼, ਪ਼ ਧ਼ ਸ, ਸ ਰੇ ਗ ਰੇ ਗ ਸ, ਸ ਰੇ ਮ, ਮ ਪ, ਪ ਧ ਪ ਮ, ਗ ਰੇ ਗ ਸ। |
| | | ੨. ਰੇ ਮ, ਮ ਪ ਧ ਪ ਮ, ਪ ਧ ਨੀ ਧ ਪ, ਮ ਪ ਧ, ਪ ਧ ਸਂ, ਸਂ ਰੇਂ ਸਂ, ਸਂ ਰੇਂ ਗਂ ਰੇਂ ਗਂ ਸਂ, ਸਂ ਰੇਂ ਮਂ, ਗਂ ਰੇਂ ਗਂ ਸਂ, ਸਂ ਰੇਂ ਸਂ ਨੀ ਧ, ਪ ਧ ਸਂ ਨੀ ਧ ਪ, ਮ, ਪ ਮ ਗ, ਸ ਰੇ ਗ ਸ। |

## ਆਸਾ ਮਹਲਾ ੧ ॥

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥ ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥
ਸੋ ਕਿਉ ਵਿਸਰੈ ਮੇਰੀ ਮਾਇ॥
[1]ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ[2] ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ[3] ਭੋਗੁ॥
[4]ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥
ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ[5]॥੪॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯)*

---

੧. ਸੱਚੇ ਨਾਮ ਕਰਕੇ ਸੱਚਾ ਮਾਲਕ ਅਖਵਾਂਦਾ ਹੈ ਭਾਵ ਉਹਦੇ ਗੁਣ ਸਚਾਈ ਵਾਲੇ ਹਨ, ਇਸ ਲਈ ਉਹ ਸੱਚਾ ਅਖਵਾਂਦਾ ਹੈ।

੨. ਆਖਣ ਪੈਣ, ਆਖਣ ਲੱਗਣ।

੩. ਖਾਣਾ ਨਹੀਂ ਮੁੱਕਦਾ।

੪. ਉਸ ਦੀ ਖੂਬੀ ਏਹੋ ਹੈ ਕਿ ਉਸ ਦੇ ਬਿਨਾਂ ਹੋਰ ਕੋਈ ਨਹੀਂ, ਨਾ ਕੋਈ ਹੋਇਆ ਹੈ, ਅਤੇ ਨਾ ਅੱਗੋਂ ਕੋਈ ਹੋਵੇਗਾ।

੫. ਕਮਜ਼ਾਤ, ਨੀਚ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੯

| ਰਾਗ ਆਸਾ | | | | | ਮਹਲਾ ੧ | | | | | | ਦੀਪਚੰਦੀ ਤਾਲ | | |
|---|---|---|---|---|---|---|---|---|---|---|---|---|---|
| × | | | 2 | | | | 0 | | | 3 | | | |
| ਸਥਾਈ | | | ਰੇ | - | ਮ- | - | ਪ | ਪ | - | ਧ | ਨੀ | ਪ | ਧ |
| | | | ਸੋ | ऽ | ਕਿਉ ऽ | | ਵਿ | ਸ | ऽ | ਰੈ | ऽ | ऽ | ऽ |
| ਸਂ | - | - | ਸਂ | - | - | - | ਸਂ | - | ਨੀ | ਰੇਂ | ਸਂ | ਨੀ | ਧ |
| ਮੇ | ऽ | ऽ | ਰੀ | ऽ | ऽ | ऽ | ਮਾ | ऽ | ऽ | ਇ | ऽ | ऽ | ऽ |
| - | - | - | ਧ | - | ਧ | - | ਧ | - | ਪ | ਪ | ਧ | ਸਂ | ਨੀ |
| ऽ | ऽ | ऽ | ਸਾ | ऽ | ਚਾ | ऽ | ਸਾ | ऽ | ऽ | ਹਿ | ऽ | ਬੁ | ऽ |
| ਧ | ਪ | - | ਪ | ਧ | ਪ | ਮ | ਪ | - | ਮ | ਗ | ਰੇ | ਸ | ਰੇ |
| ऽ | ऽ | ऽ | ਸਾ | ऽ | ਚੈ | ऽ | ਨਾ | ऽ | ऽ | ਇ | ऽ | ऽ | ऽ |
| ਸ | - | - | | | | | | | | | | | |
| ऽ | ऽ | ऽ | | | | | | | | | | | |
| ਅੰਤਰਾ | | | ਪ | - | ਧ | ਪ | ਧ | ਸਂ | - | ਸਂ | - | - | - |
| | | | ਆ | ऽ | ਖਾ | ऽ | ਜੀ | ऽ | ऽ | ਵਾ | ऽ | ऽ | ऽ |
| - | - | ਸਂਸਂ | ਸਂ | ਰੇਂ | ਰੇਂ | ਸਂ | ਸਂਗਂ | ਰੇਂ | ਗਂ | $^{ਰੇ}$ਸਂ | - | $^{ਨੀ}$ਧ | - |
| ऽ | ऽ | ਵਿਸ | ਰੈ | ऽ | ਮ | ਰਿ | ਜਾऽ | ऽ | ऽ | ਉ | ऽ | ऽ | ऽ |
| ਪ | - | - | ਧ | - | ਧ | ਧ | ਧ- | - | ਪ | ਪ | ਧ | ਸਂ | ਨੀ |
| ऽ | ऽ | ऽ | ਆ | ऽ | ਖ | ਣਿ | ਅਉ | ऽ | ऽ | ਖਾ | ऽ | ऽ | ऽ |
| ਧ | ਪ | - | ਪ | ਧ | ਪ | ਮ | ਪ | - | ਮ | ਗ | ਰੇ | ਸ | ਰੇ |
| ऽ | ऽ | ऽ | ਸਾ | ऽ | ਚਾ | ऽ | ਨਾ | ऽ | ऽ | ਉ | ऽ | ऽ | ऽ |
| ਸ | - | - | ਪ | - | ਧ | ਪ | ਧ | ਸਂ | ਸਂ | ਸਂ | - | - | - |
| ऽ | ऽ | ऽ | ਸਾ | ऽ | ਚੇ | ऽ | ਨਾ | ऽ | ਮ | ਕੀ | ऽ | ऽ | ऽ |
| - | - | - | ਸਂ | ਰੇਂ | ਰੇਂ | ਸਂ | ਸਂਗਂ | ਰੇਂ | ਗਂ | $^{ਰੇ}$ਸਂ | - | $^{ਨੀ}$ਧ | - |
| ऽ | ऽ | ऽ | ਲਾ | ऽ | ਗੈ | ऽ | ਭੂऽ | ऽ | ऽ | ਖ | ऽ | ऽ | ऽ |
| ਪ | - | - | ਧ | ਧ | ਧ | - | ਧ | - | ਪ | ਪ | ਧ | ਸਂ | ਨੀ |
| ऽ | ऽ | ऽ | ਉ | ਤੁ | ਭੂ | ऽ | ਖੈ | ऽ | ऽ | ਖਾ | ਇ | ऽ | ऽ |
| ਧ | ਪ | - | ਪ | ਧ | ਪ | ਮ | ਪ | - | ਮ | ਗ | ਰੇ | ਸ | ਰੇ |
| ऽ | ऽ | ऽ | ਚ | ਲੀ | ਅ | ਹਿ | ਦੂ | ऽ | ऽ | ਖ | ऽ | ऽ | ऽ |
| ਸ | - | - | | | | | | | | | | | |
| ऽ | ऽ | ऽ * | | | | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੬. ਆਸਾਵਰੀ

ਰਾਗ ਆਸਾਵਰੀ ਸੰਗੀਤ ਜਗਤ ਦਾ ਪ੍ਰਸਿੱਧ ਰਾਗ ਹੈ ਜੋ ਭਾਰਤੀ ਸੰਗੀਤ ਵਿਚ ਸੁਤੰਤਰ ਰੂਪ ਵਿਚ ਪ੍ਰਚਾਰ ਅਧੀਨ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਰਾਗ ਆਸਾ ਅਧੀਨ ਹੀ ਅੰਕਿਤ ਕੀਤਾ ਗਿਆ ਹੈ। ਰਾਗ ਆਸਾ ਅਤੇ ਆਸਾਵਰੀ ਦੇ ਨਾਮਕਰਣ ਵਿਚ ਜਿੱਥੇ ਸ਼ਬਦ ਜੋੜਾਂ ਦੀ ਸਮਾਨਤਾ ਹੈ ਉਥੇ ਇਨ੍ਹਾਂ ਵਿਚਲੀ ਸੁਰਾਤਮਕ ਸਮਾਨਤਾ ਰਾਗ ਆਸਾਵਰੀ ਦੇ ਰਾਗ ਆਸਾ ਅਧੀਨ ਰਾਗ ਪ੍ਰਕਾਰ ਵਜੋਂ ਇਸ ਅੰਕਣ ਨੂੰ ਸਪੱਸ਼ਟ ਆਧਾਰ ਪ੍ਰਦਾਨ ਕਰਵਾਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਆਸਾਵਰੀ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਦਰਜ ਹੈ। ਰਾਗ ਆਸਾ ਦਾ ਆਰੋਹ *ਸ ਰੇ ਮ ਪ ਧ ਸੰ* ਅਤੇ ਅਵਰੋਹ *ਸੰ ਨੀ ਧ ਪ ਮ ਗ ਰੇ ਸ* ਹੈ। ਇਸੇ ਤਰ੍ਹਾਂ ਆਸਾਵਰੀ ਦਾ ਆਰੋਹ *ਸ ਰੇ ਮ ਪ ਧ ਸੰ* ਅਤੇ ਅਵਰੋਹ *ਸੰ ਨੀ ਧੁ ਪ ਧੁ ਮ ਪ ਗੁ ਰੇ ਸ* ਹੈ। ਇਸ ਤਰ੍ਹਾਂ ਇਹ ਸੁਰਾਤਮਕ ਸਮਾਨਤਾ ਤੋਂ ਸਵੈ-ਸਿਧ ਹੈ ਕਿ ਗੁਰੂ ਸਾਹਿਬ ਨੇ ਰਾਗ ਰਾਗਣੀ ਵਰਗੀਕਰਣ ਦੇ ਝਮੇਲਿਆਂ ਤੋਂ ਦੂਰ ਰਹਿ ਕੇ ਆਸਾਵਰੀ ਨੂੰ ਰਾਗ ਆਸਾ ਦੇ ਇਕ ਪ੍ਰਕਾਰ ਵਜੋਂ ਅੰਕਿਤ ਕੀਤਾ ਹੈ। ਇਸ ਰਾਗ ਵਿਚ ਗੰਧਾਰ, ਧੈਵਤ, ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ **ਵਾਦੀ ਧੈਵਤ, ਸੰਵਾਦੀ ਗੰਧਾਰ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ ਹੈ।**

**ਆਰੋਹ** : ਸ ਰੇ ਮ ਪ, ਧੁ, ਸੰ।

**ਅਵਰੋਹ** : ਸੰ ਨੀ, ਧੁ, ਪ, ਮ[ਪ] ਗੁ ਰੇ ਸ।

**ਮੁੱਖ ਅੰਗ** : ਮ ਪ ਧੁ, ਮ ਪ ਗੁ, ਰੇ ਸ।

**ਸੁਰ ਵਿਸਥਾਰ** :

੧. ਸ, ਰੇ ਨੀ ਧੁ ਪ਼, ਧੁ ਸ, ਰੇ ਮ ਪ ਮ ਪ ਧੁ ਮ ਪ,
ਧੁ ਮ ਪ ਗੁ, ਰੇ ਸ।

੨. ਸ, ਰੇ ਮ ਪ, ਰੇ ਮ ਪ ਧੁ ਧੁ ਪ, ਮ ਪ ਨੀ ਧੁ, ਪ,
ਮ ਪ ਧੁ ਸੰ, ਰੇਂ ਨੀ ਧੁ, ਪ, ਮ ਪ ਗੁ ਰੇ ਸ।

੩. ਮ ਪ ਧੁ, ਸੰ, ਰੇਂ ਨੀ ਧੁ ਸੰ, ਧੁ ਗੁੰ ਰੇਂ ਸੰ, ਰੇਂ
ਮੰ ਪੰ, ਮੰ ਪੰ ਗੁੰ ਰੇ ਸੰ, ਰੇਂ ਨੀ ਧੁ ਪ, ਨੀ ਧੁ ਪ,
ਮ ਪ, ਮ ਪ ਧੁ ਮ ਪ, ਗੁ, ਰੇ ਸ।

# ਆਸਾਵਰੀ ਮਹਲਾ ੪ ॥

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ [1]ਕਰਹਲੁ ਬੇਲਿ ਰੀਝਾਈ॥੧॥ਰਹਾਉ॥
ਹਮਰਾ ਮਨੁ ਬੈਰਾਗ ਬਿਰਕਤੁ[2] ਭਇਓ ਹਰਿ ਦਰਸਨ ਮੀਤ ਕੈ ਤਾਈ॥
ਜੈਸੇ ਅਲਿ[3] ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥੧॥
ਰਾਖੁ ਸਰਣਿ ਜਗਦੀਸੁਰ ਪਿਆਰੇ[4] ਮੋਹਿ ਸਰਧਾ ਪੂਰਿ ਹਰਿ ਗੁਸਾਈ॥
ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ[5] ਦਿਖਾਈ ॥੨॥੩੯॥੧੩॥੧੫॥੬੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੯)*

---

੧. ਊਠ ਵੇਲਾਂ ਤੇ ਰੀਝਦਾ ਹੈ।
੨. ਤਿਆਗੀ (ਸੰਸਾਰਕ ਪਦਾਰਥਾਂ ਵੱਲੋਂ)।
੩. ਭੌਰਾ।
੪. ਮੇਰੀ ਚਾਹਨਾ ਪੂਰੀ ਕਰ।
੫. ਅੱਖ ਝਮਕਣ ਜਿੰਨੇ ਸਮੇਂ ਲਈ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੩੬੯

## ਰਾਗ ਆਸਾਵਰੀ ਮਹਲਾ ੪ ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | ਧੁ | ਮ | ਪ | ਸਂ |
| | | | | | | | | ਮਾ | ਈ | ਮੋ | ਰੇ |
| ਧੁ | - | ਪ | ਪ | ਧੁ | ਮ | ਪਧੁ | ਮਪ | ਗੁ | - | ਰੇ- | ਸ |
| ਪ੍ਰੀ | ऽ | ਤ | ਮੁ | ਰਾ | ऽ | ਮੁ | ਬ | ਤਾ | ऽ | ਵ੍ਹ | ऽ |
| ਰੇ | - | - | ਮ | - | - | ਪ | - | ਗੁ- | ਗੁਗੁ | ਰੇ | ਸ |
| ਰੀ | ऽ | ऽ | ਮਾ | ऽ | ऽ | ਈ | ऽ | ਹਉ | ਹਰਿ | ਬਿ | ਨੁ |
| ਰੇ | ਰੇ | ਸ | ਸ | ਸ | ਸ | - | - | ਰੇ- | - | ਮ | ਮ |
| ਖਿ | ਨੁ | ऽ | ਪ | ਲੁ | ऽ | ऽ | ऽ | ਰਹਿ | ऽ | ਨ | ਸ |
| ਪ- | - | - | - | ਪ | ਧੁ | ਸਂ | ਸਂ | ਸਂਰੇਂ | ਮਂਗੁਂ | ਰੇਂ | ਸਂ |
| ਕਉ | ऽ | ऽ | ऽ | ਜੈ | ਸੇ | ਕ | ਰ | ਹऽ | ਲੁऽ | ਥੇ | ऽ |
| ਰੇਂ | ਨੀ | ਧੁ | - | ਮ | - | ਪ | - | | | | |
| ਲਿ | ਰੀ | ਝਾ | ऽ | ऽ | ऽ | ਈ | ऽ | | | | |
| ***ਅੰਤਰਾ*** | | | | | | ਪਪ | ਪ | ਧੁ | ਮ | ਪ | ਧੁ |
| | | | | | | ਹਮ | ਰਾ | ਮ | ਨੁ | ਬੈ | ऽ |
| ਸਂ | - | - | ਸਂ | - | - | - | ਸਂ | ਸਂ | ਸਂ | ਸਂ | ਸਂ- |
| ਰਾ | ऽ | ऽ | ਗ | ऽ | ऽ | ऽ | ਬਿ | ਰ | ਕ | ਤੁ | ਭਇ |
| ਰੇਂ | - | ਨੀ | ਸਂ | - | - | - | - | - | - | - | - |
| ਓ | ऽ | ऽ | ਹੈ | ऽ | ऽ | ऽ | ऽ | ऽ | ऽ | ऽ | ऽ |
| ਪ | ਧੁ | ਸਂ | ਸਂ | ਸਂਰੇਂ | ਮਂਗੁਂ | ਰੇਂ | ਸਂ | ਸਂ | ਸਂ | ਧੁ | - |
| ਹ | ਰਿ | ਦ | ਰ | ਸऽ | ਨऽ | ਮੀ | ऽ | ਤ | ਕੈ | ਤਾ | ऽ |
| ਮ | - | ਪ | - | - | - | - | - | ਪ | ਧੁ | ਪ | ਧੁ |
| ऽ | ऽ | ਈ | ऽ | ऽ | ऽ | ऽ | ऽ | ਜੈ | ਸੇ | ਅ | ਲਿ |
| ਸਂ | ਸਂ | ਸਂ | - | ਸਂ | ਸਂ | ਸਂ- | - | ਸਂ | ਸਂ | ਰੇਂ | ਸਂ |
| ਕ | ਮ | ਲਾ | ऽ | ਬਿ | ਨੁ | ਰਹਿ | ऽ | ਨ | ਸ | ਕੈ | ऽ |
| ਪ | ਧੁ | ਸਂ | ਸਂ | ਸਂਰੇਂ | ਮਂਗੁਂ | ਰੇਂ | ਸਂ | ਸਂ- | - | ਧੁ | ਧੁ |
| ਤੈ | ਸੇ | ਮੋ | ਹਿ | ਹऽ | ਰਿऽ | ਬਿ | ਨੁ | ਰਹ | ऽ | ਨੁ | ਨ |
| ਮ | - | - | - | ਪ | - | - | - | | | | |
| ਜਾ | ऽ | ऽ | ऽ | ਈ | ऽ | ऽ | ऽ * | | | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੭. ਆਸਾਵਰੀ ਸੁਧੰਗ

ਰਾਗ ਆਸਾਵਰੀ ਦੇ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ੩੬੯ ਉਤੇ ਦਰਜ ਸਿਰਲੇਖ *ਰਾਗ ਆਸਾਵਰੀ ਘਰੁ ੧੩ ਕੇ ੨ ਮਹਲਾ ੪ ਸੁਧੰਗ* ਵਿਸ਼ੇਸ਼ ਤੌਰ ਤੇ ਵਿਚਾਰਕਯੋਗ ਹੈ। ਮੱਧ ਕਾਲ ਤੋਂ ਵਰਤਮਾਨ ਤਕ ਭਾਰਤੀ ਸੰਗੀਤ ਵਿਚ ਆਸਾਵਰੀ ਦੇ ਦੋ ਰੂਪ ਕੋਮਲ ਰਿਸ਼ਭ ਆਸਾਵਰੀ ਵਾਲਾ ਅਤੇ ਸ਼ੁੱਧ ਰਿਸ਼ਭ ਆਸਾਵਰੀ ਪ੍ਰਚਾਰ ਵਿਚ ਰਹੇ ਹਨ। ਉਸਤਾਦ ਸੰਗੀਤਕਾਰਾਂ ਅਤੇ *ਰਾਗ ਨਿਰਣਾਇਕ ਕਮੇਟੀ* ਅਨੁਸਾਰ ਆਸਾਵਰੀ ਦੇ ਸਾਧਾਰਣ ਸਿਰਲੇਖ ਤੋਂ ਭਾਵ ਸ਼ੁਧ ਰਿਸ਼ਭ ਵਾਲੀ ਆਸਾਵਰੀ ਹੈ ਜੋ ਸਿੱਧੇ ਤੌਰ ਤੇ ਰਾਗ ਆਸਾ ਦੇ ਨਾਲ ਸੁਰਾਤਮਕ ਸਮਾਨਤਾ ਰੱਖਦੀ ਹੈ ਅਤੇ *ਸੁਧੰਗ* ਤੋਂ ਭਾਵ ਸ਼ੁਧ ਅੰਗ ਵਾਲੀ ਆਸਾਵਰੀ ਜੋ ਕਿ ਮੱਧਕਾਲ ਤੋਂ ਵਰਤਮਾਨ ਤਕ ਕੋਮਲ ਰਿਸ਼ਭ ਆਸਾਵਰੀ ਦੇ ਰੂਪ ਵਿਚ ਮੰਨੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੪ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਨਿਸ਼ਾਦ ਕੋਮਲ ਲਗਾਉਂਦਿਆਂ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਧੈਵਤ, ਸੰਵਾਦੀ ਗੰਧਾਰ, ਸਮਾਂ ਦਿਨ ਦਾ ਦੂਜਾ ਪਹਿਰ** ਅਤੇ **ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ ਮ ਪ, ਧੁ, ਸਂ।

**ਅਵਰੋਹ** : ਸਂ ਨੀ ਧੁ, ਪ, ਮ ਗੁ ਰੇ ਸ।

**ਮੁੱਖ ਅੰਗ** : ਮ ਪ ਧੁ, ਮ ਪ ਗੁ ਰੇ ਸ।

**ਸੁਰ ਵਿਸਥਾਰ** :

1. ਸ, ਰੇ ਨੀ ਧੁ ਪ, ਧੁ ਸ, ਰੇ ਮ ਪ, ਮ ਪ ਧੁ ਮ ਪ, ਧੁ ਮ ਪ ਗੁ, ਰੇ ਸ।
2. ਸ, ਰੇ ਮ ਪ, ਰੇ ਮ ਪ ਧੁ ਧੁ ਪ, ਮ ਪ ਨੀ ਧੁ, ਪ, ਮ ਪ ਧੁ ਸਂ, ਰੇਂ ਨੀ ਧੁ, ਪ, ਮ ਪ ਗੁ, ਰੇ ਸ।
3. ਮ ਪ ਧੁ, ਸਂ, ਰੇਂ ਨੀ ਧੁ ਸਂ, ਧੁ ਸਂ, ਰੇਂ ਮਂ ਪਂ, ਮਂ ਪਂ ਗੁਂ, ਰੇਂ ਸਂ, ਰੇਂ ਨੀ ਧੁ ਪ, ਨੀ ਧੁ ਪ ਮ ਧੁ, ਮ ਪ ਧੁ ਮ ਧ ਗੁ, ਰੇ ਸ।

# ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ

## ੧ੴ ਸਤਿਗੁਰ ਪ੍ਰਸਾਦਿ ॥

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ[੧]॥

ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ॥੧॥ ਰਹਾਉ॥

ਹਮਰੈ ਸ੍ਰਵਣੁ ਸਿਮਰਣੁ ਹਰਿ ਕੀਰਤਨੁ[੨] ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ॥

ਜੈਸੇ ਹੰਸੁ ਸਰਵਰ[੩] ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ॥੧॥

ਕਿਨਹੂੰ ਪ੍ਰੀਤਿ ਲਾਈ [੪]ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ[੫]॥

ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ[੬] ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ॥੨॥੧੪॥੬੬॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੯)*

---

੧. ਮੈਂ ਨਿਤ ਹਰਿ ਨਾਮ ਨੂੰ ਗਾਉਂਦਾ ਹਾਂ।
੨. ਸਾਡੇ ਪਾਸ ਸੁਣਨ ਲਈ ਤੇ ਯਾਦ ਕਰਨ ਲਈ ਹਰੀ ਦਾ ਕੀਰਤਨ ਹੀ ਹੈ।
੩. ਸਰੋਵਰ, ਤਲਾ, ਝੀਲ।
੪. ਰੱਬ ਤੋਂ ਬਿਨਾ ਕਿਸੇ ਹੋਰ ਪਾਸੇ ਦਾ ਪਿਆਰ ਦਿਲ ਵਿੱਚ ਰੱਖ ਕੇ।
੫. ਅਭਿਮਾਨ।
੬. ਤੁਰੀਆ ਪਦ, ਮਾਇਆ ਤੋਂ ਰਹਿਤ ਹੋ ਕੇ ਇਕ ਹਰੀ ਨੂੰ ਮਿਲਣ ਦੀ ਹਾਲਤ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੩੬੯

## ਰਾਗ ਆਸਾਵਰੀ ਸੁਧੰਗ ਮਹਲਾ ੪ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | - | ਸ- | ਰੇਰੇ | ਮਪ | ਧੁ | ਧੁ | ਮ | ਪ |
| | | | | | | | | ऽ | ਹਉ | ਅਨ | ਦਿਨੁ | ਹ | ਰਿ | ਨਾ | ਮੁ |
| ਧੁਧੁ | ਧੁ | ਮ | ਪ | ਗੁ- | - | ਰੇ | ਸ | - | ਸਨੀ | ਧੁ | ਧੁ | ਧੁ | ਸ- | ਸ | ਸ |
| ਕੀਰ | ਤ | ਨੁ | ਕ | ਰਉ | ऽ | ऽ | ऽ | ऽ | ਸਤਿ | ਗੁ | ਰਿ | ਮੋ | ਕਉ | ਹ | ਰਿ |
| ਰੇ | ਮ | ਪ | ਪ | ਧੁ | - | ਪ- | - | - | ਮ- | ਪਪ | ਧੁਧੁ | ਸਂ | ਰੇਂ | ਸਂ | ਨੀਧੁ |
| ਨਾ | ऽ | ਮੁ | ਬ | ਤਾ | ऽ | ਇਆ | ऽ | ऽ | ਹਉ | ਹਰਿ | ਬਿਨੁ | ਖਿ | ਨੁ | ਪ | ਲੁऽ |
| ਪ- | ਧੁ | ਮ | ਪ | ਗੁ- | - | ਰੇ | ਸ | | | | | | | | |
| ਰਹਿ | ऽ | ਨ | ਸ | ਕਉ | ऽ | ऽ | ऽ | | | | | | | | |
| ***ਅੰਤਰਾ*** | | | | | | | | - | ਮਮ | ਪ | ਧੁ | ਸਂ | ਸਂ | ਸਂ | ਸਂ |
| | | | | | | | | ऽ | ਹਮ | ਰੈ | ਸੂ | ਵ | ਣੁ | ਸਿ | ਮ |
| ਸਂ | ਸਂ | ਸਂ | ਸਂ | ਰੇਂ | ਰੇਂ | ਸਂ | ਸਂ | ਧੁ- | ਧੁਧੁ | ਸਂ | ਸਂ | ਰੇਂ- | - | ਸਂ | ਨੀ |
| ਰ | ਣ | ਹ | ਰਿ | ਕੀ | ਰ | ਤ | ਨੁ | ਹਉ | ਹਰਿ | ਬਿ | ਨੁ | ਰਹਿ | ऽ | ਨ | ਸ |
| ਧੁ- | ਪ | ਮ | ਮ | ਮ | ਗੁ | ਰੇ | ਸ | ਮ | ਪ | ਧੁ | ਧੁ | ਸਂ | ਸਂਸਂ | ਸਂ- | ਸਂ- |
| ਕਉ | ऽ | ਹਉ | ऽ | ऽ | ਇ | ਕੁ | ਖਿ | ਨੁ | ਜੈ | ਸੇ | ਹਂ | ਸੁ | ਸਰ | ਵਰ | ਬਿਨੁ |
| ਸਂ- | ਸਂ | ਸਂ | ਸਂ | ਰੇਂ | - | ਸਂ | ਸਂ | ਧੁ | ਧੁ | ਸਂ | ਸਂ | ਰੇਂ | ਰੇਂ | ਸਂ- | ਨੀ |
| ਰਹਿ | ऽ | ਨ | ਸ | ਕੈ | ऽ | ऽ | ऽ | ਤੈ | ਸੇ | ਹ | ਰਿ | ਜ | ਨੁ | ਕਿਉ | ਰ |
| ਧੁ | ਪ | ਮ | ਮ | ਮ | ਗੁ | ਰੇ | ਸ | | | | | | | | |
| ਹੈ | ऽ | ਹ | ਰਿ | ਸੇ | ਵਾ | ਬਿ | ਨੁ* | | | | | | | | |

• ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੮. ਆਸਾ ਕਾਫੀ

ਰਾਗ ਆਸਾ ਅਧੀਨ ਇਕ ਹੋਰ ਰਾਗ ਪ੍ਰਕਾਰ, *ਆਸਾ ਕਾਫੀ* ਅੰਕਿਤ ਕੀਤਾ ਗਿਆ ਹੈ ਜਿਸ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ, ਆਸਾ ਅਤੇ ਕਾਫੀ ਦੋ ਵਿਭਿੰਨ ਰਾਗਾਂ ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫ ਦੀ ਬਾਣੀ ਅੰਕਿਤ ਹੈ। ਸੰਗੀਤ ਤੋਂ ਅਣਜਾਣ ਕੁਝ ਵਿਦਵਾਨਾਂ ਨੇ ਕਿਤੇ ਕਿਤੇ *ਕਾਫੀ* ਨੂੰ ਕਾਵਿ ਰੂਪ ਵਜੋਂ ਸਵੀਕਾਰਿਆ ਹੈ ਪਰ ਉਹਨਾਂ ਦੀ ਇਹ ਧਾਰਨਾ ਹੁਣ ਪੂਰਨ ਰੂਪ ਵਿਚ ਅਸਵੀਕਾਰ ਹੋ ਚੁੱਕੀ ਹੈ। ਰਾਗ ਆਸਾ ਕਾਫੀ ਦੇ ਸਰੂਪ ਸਬੰਧੀ ਵਿਦਵਾਨ ਇਸ ਤੱਥ ਨਾਲ ਸਰਬ ਸੰਮਤ ਹਨ ਕਿ ਇਹ ਰਾਗ ਆਸਾ ਅਤੇ ਕਾਫੀ ਦਾ ਸੁਮੇਲ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਕੋਮਲ ਹਨ ਪਰ ਆਰੋਹ ਵਿਚ ਵਰਜਿਤ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਰਾਤ ਦਾ ਪਹਿਲਾ ਪਹਿਰ** ਅਤੇ **ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ ਗ ਸ, ਰੇ ਮ ਪ ਧ, ਪ ਧ ਸਂ।

**ਅਵਰੋਹ** : ਸਂ, ਨੀ਼ ਧ ਪ, ਧ ਮ ਗ਼ ਰੇ ਸ।

**ਮੁੱਖ ਅੰਗ** : ਧ ਨੀ਼ ਪ ਧ ਸਂ ਨੀ਼ ਧ ਪ, ਮ ਪ ਗ਼ - ਰੇ ਸ।

**ਸੁਰ ਵਿਸਥਾਰ** :

1. ਸ ਰੇ ਗ ਸ, ਨੀ਼ ਧ਼ ਪ਼ ਧ਼ ਸ, ਰੇ ਮ ਪ ਗ਼ - ਰੇ ਸ, ਰੇ ਮ ਪ ਧ ਮ ਪ ਧ ਮ ਪ ਗ਼ - ਰੇ ਸ।
2. ਸ ਰੇ ਗ ਸ, ਰੇ ਮ ਪ, ਰੇ ਮ ਪ ਧ, ਪ ਧ ਨੀ਼ ਧ ਪ, ਰੇ ਮ ਪ ਧ, ਪ ਧ ਸਂ, ਨੀ਼ ਧ ਪ, ਪ ਧ ਸਂ ਨੀ਼ ਧ ਪ, ਪ ਧ ਮ ਪ ਗ਼ - ਰੇ ਸ।
3. ਪ ਧ ਪ ਧ ਸਂ, ਸਂ ਰੇਂ ਸਂ ਰੇਂ ਸਂ, ਰੇਂ ਮਂ ਪਂ, ਮਂ ਪਂ ਗ਼ਂ, ਰੇਂ ਸਂ, ਰੇਂ ਨੀ਼ ਧ ਪ, ਪ ਧ ਸਂ, ਨੀ਼ ਧ ਪ, ਨੀ਼ ਧ ਪ ਮ ਪ, ਗ਼ - ਰੇ ਸ।

## ਆਸਾ ਘਰੁ ੮ ਕਾਫੀ ਮਹਲਾ ੫
## ੧ੴ ਸਤਿਗੁਰ ਪ੍ਰਸਾਦਿ ॥

ਮੈ ਬੰਦਾ ਬੈ ਖਰੀਦੁ[1] ਸਚੁ ਸਾਹਿਬੁ ਮੇਰਾ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥੧॥
ਮਾਣੁ ਨਿਮਾਣੇ ਤੂੰ ਧਣੀ[2] ਤੇਰਾ ਭਰਵਾਸਾ॥
ਬਿਨੁ ਸਾਚੇ [3]ਅਨ ਟੇਕ ਹੈ ਸੋ ਜਾਣਹੁ ਕਾਚਾ॥੧॥ਰਹਾਉ॥
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ[4] ਸੋ ਚਲੈ ਰਜਾਏ॥੨॥
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥੩॥
ਜੇ ਲਖ ਕਰਮ ਕਮਾਈਅਹਿ ਕਿਛੁ [5]ਪਵੈ ਨ ਬੰਧਾ॥
ਜਨ ਨਾਨਕ ਕੀਤਾ ਨਾਮੁ ਧਰ[6] ਹੋਰੁ ਛੋਡਿਆ ਧੰਧਾ॥੪॥੧॥੧੦੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੬)*

---

੧. ਮੁੱਲੋਂ ਖ਼ਰੀਦਿਆ ਹੋਇਆ ਗੁਲਾਮ (ਜਿਸ ਉਤੇ ਮਾਲਕ ਦਾ ਪੂਰ ਅਧਿਕਾਰ ਹੁੰਦਾ ਹੈ)।
੨. (ਸਿੰਧੀ) ਮਾਲਕ।
੩. ਹੋਰ ਜੋ ਆਸਰਾ ਹੈ।
੪. ਮਿਲੇਗਾ।
੫. ਬੰਧ ਨਹੀਂ ਪੈਂਦਾ, ਰੋਕ ਨਹੀਂ ਪੈਂਦੀ (ਵਧਦੀ ਤ੍ਰਿਸ਼ਨਾ ਨੂੰ) ਦੇਖੋ 'ਸੁਖਮਨੀ', ਪੰਨਾ ੨੬੪ ਫੁਟ ਨੋਟ *।
੬. ਟੇਕ, ਆਸਰਾ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੩੯੯

**ਰਾਗ ਆਸਾ ਕਾਫੀ ਮਹਲਾ ੫ ਤਿਲਵਾੜਾ (ਅੱਠ ਮਾਤਰਾ)**

| × | | | | 0 | | | | × | | | | 0 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | - | ਰੇ | -ਮ | -ਮ | ਪ | - | ਧਨੀ | ਪਧ |
| | | | | | | | | ऽ | ਮਾ | ऽਣੁ | ऽਨਿ | ਮਾ | ऽ | ਣੇऽ | ऽऽ |
| ਸਂ | - | ਨ਼ੀ | ਧ | ਸਂ | - | - | - | - | ਸਂ | ਨ਼ੀ | ਧ | ਪ | ਪ | ਮ | ਪ |
| ਤੂੰ | ऽ | ऽ | ਧ | ਣੀ | ऽ | ऽ | ऽ | ऽ | ਤੇ | ऽ | ऽ | ਰਾ | ऽ | ਭ | ਰ |
| ਗ਼ | - | - | ਰੇਸ | ਰੇ | - | ਸ | - | - | - | ਸਸ | ਰੇ | ਗ | - | ਸ | - |
| ਵਾ | ऽ | ऽ | ऽऽ | ਸਾ | ऽ | ऽ | ऽ | ऽ | ऽ | ਬਿਨੁ | ਸਾ | ਚੇ | ऽ | ऽ | ऽ |
| - | ਨ਼ੀਨ਼ੀਧ਼ | ਪ਼ਪ਼ | | ਧ਼ | ਸ | - | - | - | - | ਪ | - | ਪ | ਮ | ਪ- | - |
| ऽ | ਅਨ | ਟੇ | ऽਕ | ਹੈ | ऽ | ऽ | ऽ | ऽ | ऽ | ਸੋਂ | ऽ | ਜਾ | ऽ | ਣਹੁ | ऽ |
| ਗ਼ | - | ਰੇ | ਸ | ਰੇ | - | ਸ | - | | | | | | | | |
| ਕਾ | ऽ | ऽ | ऽ | ਚਾ | ऽ | ऽ | ऽ | | | | | | | | |
| ***ਅੰਤਰਾ*** | | | | | | | | - | ਪ | ਪ | ਪ | ਧ | - | ਪ | ਧ |
| | | | | | | | | ऽ | ਮੈ | ਬੰ | ਦਾ | ਬੈ | ऽ | ऽ | ਖ |
| ਸਂ | - | ਨ਼ੀ | ਧ | ਸਂ | - | - | - | - | - | ਸਂ | ਰੇਂ | - | - | ਸਂ | ਸਂ |
| ਰੀ | ऽ | ऽ | ऽ | ਦੂ | ऽ | ऽ | ऽ | ऽ | ऽ | ਸ | ਚੁ | ਸਾ | ऽ | ਹਿ | ਬੁ |
| ਨ਼ੀ | - | - | - | ਧ | - | ਪ | - | - | - | ਪ | ਪ | ਧ | ਧ | ਪ | ਧ |
| ਮੇ | ऽ | ऽ | ऽ | ਰਾ | ऽ | ऽ | ऽ | ऽ | ऽ | ਜੀ | ਉ | ਪਿੰ | ਡ | ਸ | ਭੁ |
| ਸਂ | ਸਂ | ਨ਼ੀ | ਧ | ਸਂ | - | - | - | - | - | ਸਂ | ਰੇਂ | - | ਗ਼ਂ | ਸਂ | ਸਂ |
| ਤਿ | ਸ | ऽ | ऽ | ਦਾ | ऽ | ऽ | ऽ | ऽ | ऽ | ਸ | ਭੁ | ਕਿ | ਛੁ | ਹੈ | ऽ |
| ਨ਼ੀ | - | - | - | ਧ | - | ਪ | - | - | - | ਪ | ਪ | ਪ | ਮ | (ਪ) | ਧ |
| ਤੇ | ऽ | ऽ | ऽ | ਰਾ | ऽ | ऽ | ऽ | ऽ | ऽ | ਸ | ਭੁ | ਕਿ | ਛੁ | ਹੈ | ऽ |
| ਗ਼ | - | ਰੇ | ਸ | ਰੇ | - | ਸ | - | | | | | | | | |
| ਤੇ | ऽ | ऽ | ऽ | ਰਾ | ऽ | ऽ | ऽ* | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੧੯. ਗੂਜਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੂਜਰੀ ਇਕ ਪੁਰਾਤਨ ਅਤੇ ਲੋਕਪ੍ਰਿਯ ਰਾਗ ਹੈ ਜਿਸ ਅਧੀਨ ਸਮੂਹ ਮਹਲਾ ੧, ੩, ੪, ੫ ਅਤੇ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਜੈਦੇਵ ਜੀ ਦੀ ਬਾਣੀ ਦਰਜ ਹੈ। ਪੁਰਾਤਨ ਰਾਗ ਹੋਣ ਕਰਕੇ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਜਿਸਦਾ ਜ਼ਿਕਰ ਆਮ ਮਿਲਦਾ ਹੈ। ਇਸ ਰਾਗ ਸਬੰਧੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

***ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥***
***ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੬)***

ਗੂਜਰੀ ਰਾਗ ਨੂੰ ਵਿਦਵਾਨਾਂ ਨੇ ਗੁਜਰ ਲੋਕ ਸੰਗੀਤ ਤੋਂ ਵਿਕਸਤ ਪ੍ਰਵਾਨਿਆ ਹੈ, ਜੋ ਭਗਤੀ ਭਾਵ ਦੀਆਂ ਰਚਨਾਵਾਂ ਲਈ ਵਿਸ਼ੇਸ਼ ਰੂਪ ਵਿਚ ਪ੍ਰਯੁਕਤ ਹੈ। ਰਿਸ਼ਭ, ਗੰਧਾਰ, ਧੈਵਤ ਕੋਮਲ ਅਤੇ ਮਧਿਅਮ ਤੀਵਰ ਤੇ ਨਿਸ਼ਾਦ ਸ਼ੁਧ ਹੈ। ਇਸ ਰਾਗ ਵਿਚ ਪੰਚਮ ਪੂਰੀ ਤਰ੍ਹਾਂ ਵਰਜਿਤ ਹੈ। ਇਸ ਦਾ **ਵਾਦੀ ਧੈਵਤ, ਸੰਵਾਦੀ ਰਿਸ਼ਭ, ਥਾਟ ਤੋੜੀ, ਸਮਾਂ ਦਿਨ ਦਾ ਦੂਜਾ ਪਹਿਰ** ਅਤੇ **ਜਾਤੀ ਸ਼ਾੜਵ-ਸ਼ਾੜਵ** ਹੈ।

**ਆਰੋਹ** : ਸ ਰੇ, ਗੁ ਮ॑ ਧੁ, ਨੀ ਸਂ।
**ਅਵਰੋਹ** : ਸਂ ਨੀ ਧੁ, ਮ॑ ਗੁ ਰੇ, ਗੁ ਰੇ ਸ।
**ਮੁੱਖ ਅੰਗ** : ਧੁ, ਮ॑ ਧੁ, ਨੀ ਧੁ, ਮ॑ ਧੁਮ॑ ਗੁ ਰੇ, ਰੇ ਗੁ ਰੇ ਸ।
**ਸੁਰ ਵਿਸਥਾਰ** : ੧. ਸ, ਨ਼ੀ ਸ ਰੇ ਸ, ਧੁ, ਮ਼॑ ਧੁ ਨ਼ੀ ਧੁ, ਸ, ਧੁ ਨ਼ੀ ਸ ਰੇ ਰੇ ਗੁ, ਰੇ ਗੁ ਮ॑ ਗੁ, ਰੇ ਗੁ ਮ॑ ਧੁ, ਮ॑ ਗੁ ਮ॑ ਧੁ, ਮ॑ ਧੁ ਮ॑ ਗੁ ਰੇ, ਰੇ ਗੁ ਰੇ ਸ।
੨. ਸ, ਰੇ ਗੁ, ਮ॑ ਗੁ ਮ॑ ਧੁ, ਮ॑ ਧੁ ਨੀ ਧੁ ਸਂ, ਧੁ ਨੀ ਸਂ ਰੇਂ, ਰੇਂ ਗੁਂ ਰੇਂ ਸਂ, ਰੇਂ ਗੁਂ ਮ॑ ਧੁ, ਮ॑ ਗੁਂ ਰੇਂ, ਗੁਂ ਰੇਂ ਸਂ, ਰੇਂ ਨੀ ਧੁ, ਮ॑ ਧੁ ਨੀ ਧੁ, ਮ॑ ਧੁ ਮ॑ ਗੁ, ਰੇ ਗੁ ਰੇ ਸ।

# ਰਾਗੁ ਗੂਜਰੀ ਮਹਲਾ ੫ ॥

ਕਾਹੇ ਰੇ ਮਨ ਚਿਤਵਹਿ[੧] ਉਦਮੁ[੨] ਜਾ ਆਹਰਿ[੩] ਹਰਿ ਜੀਉ ਪਰਿਆ[੪]॥
ਸੈਲ[੫] ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥
ਮੇਰੇ ਮਾਧਉ[੬] ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ[੭] ਪਾਇਆ ਸੂਕੇ ਕਾਸਟ[੮] ਹਰਿਆ॥੧॥ਰਹਾਉ॥
ਜਨਨਿ[੯] ਪਿਤਾ ਲੋਕ ਸੁਤ[੧੦] ਬਨਿਤਾ[੧੧] ਕੋਇ ਨ ਕਿਸ ਕੀ ਧਰਿਆ[੧੨]॥
ਸਿਰਿ[੧੩] ਸਿਰਿ ਰਿਜਕੁ ਸੰਬਾਹੇ [੧੪]ਠਾਕੁਰੁ ਕਾਹੇ ਮਨ ਭਉ ਕਰਿਆ॥੨॥
ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ[੧੫] ਛਰਿਆ[੧੬]॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ[੧੭] ਮਹਿ ਸਿਮਰਨੁ ਕਰਿਆ॥੩॥
ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ[੧੮] ਧਰਿਆ॥
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ[੧੯]॥੪॥੫॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦)*

---

੧. ਸੋਚਦਾ ਹੈਂ।
੨. ਜਤਨ।
੩. ਉਦਮ ਜਾਂ ਇੰਤਜ਼ਾਮ ਵਿਚ।
੪. ਪਿਆ ਹੋਇਆ ਹੈ (ਵਾਹਿਗੁਰੂ)
੫. ਪਹਾੜੀ ਪੱਥਰ, ਚਿਟਾਨ।
੬. ਮਾਧਵ, ਮਾਇਆ ਦਾ ਮਾਲਕ, ਕਰਤਾਰ।
੭. ਸਭ ਤੋਂ ਉੱਚਾ ਦਰਜਾ।
੮. ਲੱਕੜ।
੯. ਮਾਤਾ।
੧੦. ਪੁੱਤਰ।
੧੧. ਇਸਤਰੀ।
੧੨. ਆਸਰਾ।
੧੩. ਹਰੇਕ ਜੀਵ ਨੂੰ।
੧੪. ਪੁਚਾਂਦਾ ਹੈ।
੧੫. ਬੱਚੇ।
੧੬. ਛੱਡੇ ਹੋਏ ਹੁੰਦੇ ਹਨ।
੧੭. ਕੀ ਤੂੰ ਦਿਲ ਵਿਚ ਸੋਚਿਆ ਹੈ ?
੧੮. ਹੱਕ ਦੀ ਤਲੀ ਤੇ।
੧੯. ਪਾਰਾਵਾਰ, ਅੰਤ ਵਿਸਥਾਰ ਦਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੧੦

## ਰਾਗ ਗੂਜਰੀ — ਮਹਲਾ ੫ — ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | ਸ | ਰੇ | ਗੁ | ਮੰ | ਮੰ- |
| | | | | | | | | | | | ਮੇ | ਰੇ | ਮਾ | ਡ | ਧਉ |
| ਧੁ | - | - | - | ਮੰ | ਗੁ | ਰੇ | ਗੁ | ਰੇ | ਸ | - | ਸ | ਰੇ | ਗੁ | ਮੰ | ਮੰ- |
| ਜੀ | ਡ | ਡ | ਡ | ਡ | ਡ | ਡ | ਡ | ਡ | ਡ | ਡ | ਮੇ | ਰੇ | ਮਾ | ਡ | ਧਉ |
| ਧੁ | - | - | - | - | - | ਸ | ਸ | ਧੁ | ਧੁ | ਧੁ | ਧੁ | ਸ | - | ਸ | - |
| ਜੀ | ਡ | ਡ | ਡ | ਡ | ਡ̇ | ਸ | ਤ | ਸੰ | ਗ | ਤਿ | ਮਿ | ਲੇ | ਡ | ਸੁ | ਡ |
| ਰੇ | ਰੇ | ਰੇ | ਗੁ | ਰੇ | - | ਸ | - | ਸ | ਰੇ | ਗੁ | ਮੰ | ਧੁ | - | ਧੁ | ਧੁ |
| ਤ | ਰਿ | ਆ | ਡ | ਡ | ਡ | ਡ | ਡ | ਗੁ | ਰ | ਪ | ਰ | ਸਾ | ਡ | ਦਿ | ਪ |
| ਧੁਨੀ | ਧੁਮੰ | ਧੁਨੀ | ਸਨੀ | ਧੁਨੀ | ਧੁਮੰ | ਧੁ- | - | - | ਮੰ | ਧੁ | ਸੰ | - | ਸੰ | ਸੰ | ਸੰ |
| ਰਡ | ਮਡ | ਪਡ | ਦਡ | ਪਾਡ | ਡਡ | ਇਆਡ | | ਡ | ਸੂ | ਡ | ਕੇ | ਡ | ਕਾ | ਸ | ਟ |
| ਸੰ | .ਸੰ | ਨੀਧੁ | - | - | - | ਮੰ | ਗੁ | ਰੇਗੁ | ਰੇ | ਸ | | | | | |
| ਹ | ਰਿ | ਆ | ਡ | ਡ | ਡ | ਡ | ਡ | ਡਡ | ਡ | ਡ | | | | | |
| ***ਅੰਤਰਾ*** | | | | | | | | | ਮੰ | - | ਮੰ | ਧੁ | - | ਮੰ | ਧੁ |
| | | | | | | | | | ਕਾ | ਡ | ਹੇ | ਰੇ | ਡ | ਮ | ਨ |
| ਸੰ | ਸੰ | ਸੰ- | - | - | ਰੇਂ | ਸੰ | ਸੰ | ਸੰ | ਸੰ | ਰੇਂ | ਗੁਂ | ਗੁਂ | ਰੇਂ | ਸੰ | ਸੰ |
| ਚਿ | ਤ | ਵਹਿ | ਡ | ਡ | ਉ | ਦ | ਮੁ | ਜਾ | ਆ | ਹ | ਰਿ | ਹ | ਰਿ | ਜੀ | ਉ |
| ਸੰ | ਸੰ | ਧੁ | - | - | - | - | - | ਨੀ | - | ਧੁ | ਮੰ | ਧੁ | ਨੀ | ਧੁ- | - |
| ਪ | ਰਿ | ਆ | ਡ | ਡ | ਡ | ਡ | ਡ | ਸੈ | ਡ | ਲ | ਪ | ਥ | ਰ | ਮਹਿ | ਡ |
| ਮੰ | ਗੁ | ਰੇ | ਗੁ | ਰੇ | - | ਸ | - | ਸ | ਰੇ | ਗੁ | ਮੰ | ਧੁ | ਧੁ | ਧੁ | ਧੁ |
| ਜੰ | ਡ | ਤ | ਉ | ਪਾ | ਡ | ਏ | ਡ | ਤਾ | ਡ | ਕਾ | ਡ | ਰਿ | ਜ | ਕੁ | ਆ |
| ਧੁਨੀ | ਧੁਮੰ | ਧੁਨੀ | ਸਨੀ | ਧੁਨੀ | ਧੁਮੰ | ਧੁ | - | - | - | - | | | | | |
| ਰੌਡ | ਡਡ | ਕਡ | ਰਿਡ | ਧਡ | ਰਿਡ | ਆ | ਡ | ਡ | ਡ | ਡ * | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੦. ਦੇਵਗੰਧਾਰੀ

ਮੱਧਕਾਲ ਦੇ ਸੰਗੀਤ ਗ੍ਰੰਥਾਂ ਵਿਚ ਰਾਗ ਦੇਵਗੰਧਾਰੀ ਦਾ ਉਲੇਖ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੋਇਆ ਹੈ। ਇਹ ਇੱਕ ਪ੍ਰਾਚੀਨ ਰਾਗ ਹੈ। ਇਹ ਰਾਗ ਆਸਾ ਅਤੇ ਆਸਾਵਰੀ ਦੀਆਂ ਵਿਸ਼ਿਸ਼ਟ ਸੁਰਾਵਲੀਆਂ ਦੇ ਸੰਜੋਗ ਤੋਂ ਉਤਪੰਨ ਹੁੰਦਾ ਹੈ। ਕਿਤੇ ਕਿਤੇ ਇਸ ਦਾ ਨਾਮ ਦੇਵਗੰਧਾਰੀ ਤੋੜੀ ਵੀ ਮਿਲਦਾ ਹੈ। ਇਸ ਰਾਗ ਅਧੀਨ ਮਹਲਾ ੪, ੫ ਅਤੇ ੯ ਦੀ ਬਾਣੀ ਉਪਲੱਬਧ ਹੈ। ਇਸ ਰਾਗ ਵਿਚ ਦੋਵੇਂ ਧੈਵਤ, ਦੋਵੇਂ ਨਿਸ਼ਾਦ ਅਤੇ ਬਾਕੀ ਸਾਰੇ ਸੁਰ ਸ਼ੁਧ ਪਰ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। **ਇਸ ਦਾ ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ ਮ, ਪ ਧ ਸਂ।

**ਅਵਰੋਹ** : ਸਂ ਨੀ ਧ ਪ, ਮ ਪ, ਧ̱ ਨ̱ੀ ਧ̱ ਪ, ਮ ਗ ਰੇ ਸ।

**ਮੁੱਖ ਅੰਗ** : ਧ̱ ਨ̱ੀ ਧ̱ ਪ, ਮ ਗ, ਸ ਰੇ ਮ, ਗ ਸ ਰੇ ਗ ਸ।

**ਸੁਰ ਵਿਸਥਾਰ** :

੧. ਸ ਰੇ ਮ, ਗ ਰੇ ਸ, ਨ਼ੀ ਧ਼ ਪ਼, ਧ਼̱ ਨ਼̱ੀ, ਧ਼̱ ਪ਼, ਪ਼ ਧ਼ ਸ, ਰੇ ਸ, ਰੇ ਮ ਮ ਪ, ਮ ਪ ਧ̱ ਮ ਪ, ਧ̱ ਨ̱ੀ ਧ̱ ਪ, ਮ ਪ ਮ, ਗ ਰੇ ਸ।

੨. ਮ, ਮ ਪ, ਧ̱ ਪ, ਧ̱ ਨ̱ੀ ਧ̱ ਪ, ਮ ਪ ਧ, ਪ ਧ ਸਂ, ਰੇਂ ਸਂ, ਰੇਂ ਗਂ ਸਂ, ਸਂ ਰੇਂ ਮਂ, ਗਂ ਰੇ ਸਂ, ਨੀ ਧ ਪ, ਧ̱ ਨ̱ੀ ਧ̱ ਪ, ਮ ਗ ਸ ਰੇ ਮ,ਗ ਰੇ ਸ।

## ਦੇਵਗੰਧਾਰੀ ਮਹਲਾ ੫ ਘਰੁ ੨
## ੧ਓ ਸਤਿਗੁਰ ਪ੍ਰਸਾਦਿ ॥

ਮਾਈ ਗੁਰ ਚਰਣੀ ਚਿਤੁ ਲਾਈਐ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ[੧] ਪਰਗਾਸੇ ਸਦਾ ਸਦਾ ਹਰਿ ਧਿਆਈਐ॥੧॥ਰਹਾਉ॥
ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ[੨] ਸਮਾਈਐ॥
ਘਟਿ[੩] ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ॥੧॥
ਉਸਤਤਿ ਕਰਹਿ ਸੇਵਕ ਮੁਨਿ[੪] ਕੇਤੇ ਤੇਰਾ ਅੰਤੁ ਨ ਕਤਹੂ[੫] ਪਾਈਐ॥
ਸੁਖਦਾਤੇ[੬] ਦੂਖ ਭੰਜਨ ਸੁਆਮੀ ਜਨ ਨਾਨਕ [੭]ਸਦ ਬਲਿ ਜਾਈਐ॥੨॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੮)*

---

੧. ਮਨ ਦਾ ਕਮਲ ਫੁਲ ਖਿੜ ਜਾਂਦਾ ਹੈ, ਮਨ ਪ੍ਰਸੰਨ ਅਤੇ ਗਿਆਨਵਾਨ ਹੋ ਜਾਂਦਾ ਹੈ।
੨. ਇਕੋ (ਵਾਹਿਗੁਰੂ ਸਭ ਥਾਂ) ਪਸਰਿਆ ਨਜ਼ਰ ਆਉਂਦਾ ਹੈ।
੩. ਅੰਦਰ ਬਾਹਰ (ਮਨ ਤਨ ਵਿੱਚ) ਸਭ ਥਾਂ ਹਰੀ ਪੂਰਨ ਬ੍ਰਹਮ ਰਮਿਆ ਹੋਇਆ (ਪਸਰਿਆ ਹੋਇਆ) ਦਿੱਸਦਾ ਹੈ।
੪. ਮੁਨੀ, ਇੰਦ੍ਰੀਆਂ ਨੂੰ ਵਸ ਕਰਨ ਵਾਲੇ।
੫. ਕਿਤੇ ਵੀ।
੬. ਦੁੱਖ ਨਾਸ ਕਰਨ ਵਾਲੇ !
੭. ਸਦਾ ਕੁਰਬਾਨ ਜਾਈਏ !

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੫੨੮

## ਰਾਗ ਦੇਵਗੰਧਾਰੀ — ਮਹਲਾ ੫ — ਤਿੰਨ ਤਾਲ

| × | 2 | 0 | 3 |
|---|---|---|---|
| ***ਸਥਾਈ*** | ਮ ਪ | ਮਪ ਧੁਨੀਧੁ ਪ | ਮ ਗ ਸ ਰੇ |
| | ਮਾ ਈ | ਗੁऽ ਰऽ ਚ ਰ | ਣੀ ऽ ਚਿ ਤੁ |
| ਮ -ਪਪ - | - - - - | ਪਪ ਪ ਮ ਪ | ਧ ਸਂ ਸਂ - |
| ਲਾ ऽਈਐ ऽ | ऽ ऽ ऽ ऽ | ਪ੍ਰਭੁ ਹੋ ਇ ਕ੍ਰਿ | ਪਾ ऽ ਲੁ ऽ |
| - -ਸਂ ਰੇਂਰੇਂ | ਰੇਂਰੇਂ ਸਂ ਨੀ ਧ | ਪ ਮਪ ਧੁਨੀਧੁ | ਪ ਮ ਗ ਸਰੇ |
| ऽ ऽਕ ਮਲੁ ਪਰ | ਗਾ ऽ ਸੇ ऽ | ਸऽ ਦਾऽ ऽ ਸ | ਦਾ ऽ ਹ ਰਿ |
| ਮ- ਮ ਪ - | - - | | |
| ਧਿਆ ਈ ਐ ऽ | ऽ ऽ | | |
| ***ਅੰਤਰਾ*** | | - ਮ ਪ ਧ | ਸਂ - ਸਂ - |
| | | ऽ ਅੰ ਤ ਰਿ | ਏ ऽ ਕੋ ऽ |
| - ਰੇਂ ਰੇਂ ਰੇਂ | ਸਂ ਨੀ ਧ ਪ | ਸਂ ਰੇਂ ਗਂ- ਰੇਂ | ਸਂ ਨੀ ਧ ਪ |
| ऽ ਬਾ ਹ ਰਿ | ਏ ऽ ਕੋ ऽ | ਸ ਭ ਮਹਿ ऽ | ਏ ऽ ਕੁ ऽ |
| - ਮ ਪਧੁ ਨੀ | ਧੁ ਪ - - | - ਮਮ ਪ ਧ | ਸਂ ਸਂ ਸਂ ਸਂ |
| ऽ ਸ ਮਾऽ ਈ | ਐ ऽ ऽ ऽ | ऽ ਘਟਿਅ ਵ | ਘ ਟਿ ਰ ਵਿ |
| ਰੇਂ - ਰੇਂ ਰੇਂ | ਸਂ ਨੀ ਧ ਪ | ਸਂਸਂ ਰੇਂ ਗਂ ਰੇਂ | ਸਂ ਨੀ ਧ - |
| ਆ ऽ ਸ ਭ | ਠਾ ऽ ਈ ऽ | ਹਰਿ ਪੂ ਰ ਨ | ਬ੍ਰ ਹ ਮ - |
| - ਪ ਧੁ ਧੁ | ਪ - - - | ਪਪ ਪ ਪ ਪ | ਮ- ਗ ਸ ਰੇ |
| ऽ ਦਿ ਖਾ ਈ | ਐ ऽ ऽ ऽ | ਹਰਿ ਪੂ ਰ ਨ | ਬ੍ਰਹ ऽ ਮ ਦਿ |
| ਮ -ਮਪ - | - - | | |
| ਖਾ ऽਈਐ ऽ | ऽ ऽ * | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੧. ਦੇਵਗੰਧਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਹੋਂਦ ਸਬੰਧੀ ਵਿਦਵਾਨਾਂ ਵਿਚ ਕੁਝ ਮਤਭੇਦ ਹਨ। ਕੁਝ ਪੁਰਾਤਨ ਬੀੜਾਂ ਵਿਚ ਦਰਜ ਗੁਰੂ ਅਰਜਨ ਦੇਵ ਜੀ ਦੇ ਸ਼ਬਦ *ਅਪੁਨੇ ਹਰਿ ਪਹਿ ਬਿਨਤੀ ਕਹੀਐ* ਉਪਰ *ਦੇਵਗੰਧਾਰੀ ਮਹਲਾ ੫* ਦਾ ਸਿਰਲੇਖ ਦਿੱਤਾ ਗਿਆ ਹੈ। ਇੱਥੇ ਦੇਵਗੰਧਾਰ ਨੂੰ ਰਾਗ ਦੇਵਗੰਧਾਰੀ ਅਧੀਨ ਅੰਕਿਤ ਕੀਤਾ ਗਿਆ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਵੀ ਉਪਲੱਬਧ ਹੈ। ਇਸ ਰਾਗ ਵਿਚ ਦੋਵੇਂ ਗੰਧਾਰ ਅਤੇ ਧੈਵਤ ਨਿਸ਼ਾਦ ਕੋਮਲ ਪ੍ਰਯੋਗ ਕੀਤੇ ਜਾਂਦੇ ਹਨ। **ਇਸ ਦਾ ਵਾਦੀ ਧੈਵਤ, ਸੰਵਾਦੀ ਗੰਧਾਰ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸ਼ਾੜਵ-ਸੰਪੂਰਣ ਹੈ।**

**ਆਰੋਹ** : ਸ, ਰੇ ਮ ਪ ਧੁ ਮ, ਪ ਧੁ ਨੁੀ ਸਂ।

**ਅਵਰੋਹ** : ਸਂ ਨੁੀ ਧੁ ਪ ਮ$^{\text{ਮ}}$ ਗੁ ਰੇ ਸ, ਰੇ̣ ਨੁੀ ਸ ਰੇ ਗ ਗ ਮ
ਪ$^{\text{ਮ}}$ ਗੁ ਰੇ ਸ।

**ਮੁੱਖ ਅੰਗ** : ਨੁੀ ਧੁ ਪ, ਮ ਪ$^{\text{ਪ}}$ ਗੁ ਰੇ ਸ, ਰੇ ਨੁੀ ਸ ਰੇ ਗ ਮ।

**ਸੁਰ ਵਿਸਥਾਰ** :
੧. ਸ $^{\text{ਨੀ}}$ਧੁ $^{\text{ਨੀ}}$ਧੁ ਸ, ਸ ਰੇ $^{\text{ਮ}}$ਗੁ $^{\text{ਮ}}$ਗੁ, $^{\text{ਮ}}$ਰੇ $^{\text{ਪ}}$ਮ ਪ $^{\text{ਨੀ}}$ਧੁ
$^{\text{ਨੀ}}$ਧੁ ਪ, ਧੁ ਪ ਧੁ ਮ, $^{\text{ਪ}}$ਮ ਗੁ, ਰੇ ਸ, ਰੇ ਨੁੀ ਸ
ਰੇ ਗ ਗ ਮ, ਮ ਪ $^{\text{ਮ}}$ਗੁ ਰੇ ਸ।

੨. ਸ ਰੇ ਮ ਪ $^{\text{ਨੀ}}$ ਧੁ $^{\text{ਨੀ}}$ ਧੁ ਸਂ, ਮ ਪ $^{\text{ਧੁ}}$ਨੁੀ ਸ ਰੇਂ $^{\text{ਮਂ}}$ਗੁਂ
ਰੇਂ ਸਂ, ਨੁੀ ਸਂ ਰੇਂ ਨੁੀ ਧੁ ਪ ਧੁ ਮ, ਮ ਪ $^{\text{ਮ}}$ਗੁ,
ਰੇ ਸ ਰੇ ਨੁੀ ਸ ਰੇ ਗ ਸ।

੩. ਮ ਪ $^{\text{ਨੀ}}$ਧੁ $^{\text{ਨੀ}}$ਧੁ, ਪ ਧੁ ਸਂ, ਸਂ ਰੇਂ ਗੁਂ ਗੁਂ ਰੇਂ ਸਂ,
ਰੇਂ ਨੁੀ ਸਂ ਰੇਂ ਗਂ ਗਂ ਮਂ, ਮਂ ਪਂ ਗੁਂ ਰੇਂ ਸਂ ਰੇਂ ਨੁੀ
ਸਂ ਨੁੀ ਧੁ $^{\text{ਨੀ}}$ਧੁ ਪ, ਮ ਪ $^{\text{ਮ}}$ਗੁ, $^{\text{ਮ}}$ਗੁ ਰੇ ਸ ਰੇ ਨੁੀ
ਸ ਰੇ ਗ ਗ ਮ, ਪ $^{\text{ਮ}}$ਗੁ ਰੇ ਸ।

## ਦੇਵਗੰਧਾਰੀ ਮਹਲਾ ੫ ॥

ਅਪੁਨੇ ਹਰਿ ਪਹਿ ਬਿਨਤੀ ਕਹੀਐ॥
ਚਾਰਿ[੧] ਪਦਾਰਥ [੨]ਅਨਦ ਮੰਗਲ ਨਿਧਿ [੩]ਸੂਖ ਸਹਜ ਸਿਧਿ ਲਹੀਐ॥੧॥ਰਹਾਉ॥
ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ [੪]ਅੰਚਲੁ ਗਹੀਐ॥
ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ[੫]॥੧॥
[੬]ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ॥
ਕਰੁਣਾ ਮੈ [੭]ਪੂਰਨ ਪਰਮੇਸੁਰ ਨਾਨਕ [੮]ਤਿਸੁ ਸਰਨਹੀਐ॥੨॥੧੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੩੧)*

---

੧. ਦੇਖੋ ਪੰਨਾ ੪੪੩, ਫੁਟ ਨੋਟ*।
੨. ਖੁਸ਼ੀ ਤੇ ਅਨੰਦ ਦਾ ਖਜ਼ਾਨਾ।
੩. ਦੇਖੋ ਪੰਨਾ ੩੫੨, ਫੁਟ ਨੋਟ*।
੪. ਪੱਲਾ ਫੜੀਏ ।
੫. ਚਾਹੀਏ। ਜੇ ਮਾਲਕ ਦੀ ਓਟ ਮੰਗੀਏ, ਤਾਂ ਤ੍ਰਿਸ਼ਨਾ ਦੇ ਅਗਨ-ਸਾਗਰ ਤੋਂ ਸੇਕ ਨਹੀਂ ਲੱਗਦਾ।
੬. ਪ੍ਰਭੂ ਐਸੀ ਬਰਦਾਸ਼ਤ ਵਾਲਾ ਹੈ ਕਿ ਵੱਡੇ ਵੱਡੇ ਨਾ-ਸ਼ੁਕਰਿਆਂ ਦੇ ਕ੍ਰੋੜਾਂ ਪਾਪ ਬਾਰ-ਬਾਰ ਕੀਤੇ ਹੋਏ ਸਸਾਰਦਾ ਹੈ।
੭. ਤਰਸ ਕਰਨ ਵਾਲਾ, ਕਿਰਪਾ ਸਰੂਪ।
੮. (ਸ਼ਰਨ ਆਹੀਐ) ਉਸ ਦੀ ਸ਼ਰਨ ਮੰਗੀਏ।

ਨੋਟ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਪੁਰਾਤਨ ਸਰੂਪਾਂ ਵਿੱਚ ਦੇਵਗੰਧਾਰ ਰਾਗ ਦਾ ਉਕਤ ਸ਼ਬਦ ਇਸੇ ਸਿਰਲੇਖ ਅਨੁਸਾਰ ਅੰਕਿਤ ਹੋਣ ਕਰਕੇ ਹੀ, ਇਸ ਰਾਗ ਨੂੰ ਇਸ ਪੁਸਤਕ ਵਿੱਚ ਸ਼ਾਮਿਲ ਕੀਤਾ ਗਿਆ ਹੈ - ਲੇਖਕ ।

| ਰਾਗ ਦੇਵਗੰਧਾਰ | | ਮਹਲਾ ੫ | ਤਿੰਨ ਤਾਲ |
|---|---|---|---|
| × | 2 | 0 | 3 |
| *ਸਥਾਈ* | | ਧੁ | ਮ ਪ - ਸਂ |
| | | ਅ | ਪੁ ਨੇ ऽ ऽ |
| ਧੁ ਧੁ ਪਧੁ ਮਪ | ਗੁ ਗੁ ਰੇ ਸ | ਰੇ- ਮ ਪ - | - ਗੁ ਰੇ ਸ |
| ਹ ਰਿ ਪਹਿ ऽऽ | ਬਿ ਨ ਤੀ ऽ | ਕਹੀ ऽ ਐ ऽ | ऽ ਚਾ ਰਿ ਪ |
| ਰੇ - ਸ ਰੇ | ਨ਼ੀ ਨ਼ੀ ਸ ਰੇ | ਗ ਗ ਮ ਮ | - ਮ ਪ ਧੁ |
| ਦਾ ऽ ਰ ਥ | ਅ ਨ ਦ ਮੰ | ਗ ਲ ਨਿ ਧਿ | ऽ ਸੂ ਖ ਸ |
| ਨ਼ੀ ਸਂ ਸਂ ਸਂ | ਸਂ- - ਸਂਸਂ ਨ਼ੀਸਂ | ਧੁ - ਪ | |
| ਹ ਜ ਸਿ ਧਿ | ਲਹੀ ऽ ऽऽ ऽऽ | ਐ ऽ ऽ | |
| *ਅੰਤਰਾ* | | - ਮ - ਪ | ਧੁ- ਧੁ ਪ ਧੁ |
| | | ऽ ਮਾ ऽ ਨੁ | ਤਿਆਗਿ ਹ ਰਿ |
| ਨ਼ੀ ਸਂ ਸਂ - | ਰੇਂ ਨ਼ੀ ਸਂ- - | ਰੇਂ ਰੇਂ ਰੇਂ ਰੇਂ | ਰੇਂ ਰੇਂ ਸਂ ਸਂ |
| ਚ ਰ ਨੀ ऽ | ਲਾ ऽ ਗਉ ऽ | ਤਿ ਸੁ ਪ੍ਰ ਭ | ਅੰ ऽ ਚ ਲੁ |
| ਰੇਂ- - ਨ਼ੀ ਸਂ | ਧੁ - ਪ - | ਧੁ ਮ ਪ ਸਂ | ਧੁ - ਪਧੁ ਮਪ |
| ਗਹੀ ऽ ऽ ऽ | ਐ ऽ ऽ ऽ | ਆਂ ऽ ਚ ਨ | ਲਾ ऽ ਗੈऽ ऽऽ |
| ਗੁ ਗੁ ਰੇ ਸ | ਰੇ ਰੇ ਸ ਸ | ਪ ਧੁ ਨ਼ੀ ਨ਼ੀ- | ਸਂ - ਸਂ - |
| ਅ ਗ ਨਿ ਸਾ | ਗ ਰ ਤੇ ऽ | ਸ ਰ ਨਿ ਸੁਆ | ਮੀ ऽ ਕੀ ऽ |
| ਨ਼ੀਸਂ ਰੇਂਗੁਂ ਰੇਂ ਸਂ | ਧੁ - ਪ - | - - - | |
| ਅਹੀ ऽऽ ऽ ऽ | ਐ ऽ ऽ ऽ | ऽ ऽ ऽ * | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੨. ਬਿਹਾਗੜਾ

ਰਾਗ ਬਿਹਾਗੜਾ ਉਤਰੀ ਭਾਰਤੀ ਸੰਗੀਤ ਦਾ ਮਧੁਰ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੩, ੪, ੫ ਅਤੇ ੯ ਦੀ ਬਾਣੀ ਦਰਜ ਹੈ। ਵਿਦਵਾਨਾਂ ਨੇ ਇਸ ਨੂੰ ਰਾਗ ਬਿਹਾਗ ਦਾ ਉਪ ਅੰਗ ਸਵੀਕਾਰਦਿਆਂ ਇਸ ਦੀ ਰਚਨਾ ਬਿਹਾਗ ਅਤੇ ਖਮਾਜ ਦੇ ਮਿਸ਼ਰਣ ਤੋਂ ਮੰਨੀ ਹੈ। ਬਿਹਾਗੜਾ ਪੰਜਾਬ ਦੀ ਲੋਕ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ ਪਰ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਇਸ ਦਾ **ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਬਿਲਾਵਲ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਨ਼ੀ ਸ ਗ, ਮ ਪ ਨੀ ਸਂ।

**ਅਵਰੋਹ** : ਸਂ ਨੀ ਧ ਪ, ਨ̱ੀ ਧ ਪ, ਧ ਗ ਮ ਗ, ਰੇ ਸ।

**ਮੁੱਖ ਅੰਗ** : ਗ ਮ ਪ, ਨ̱ੀ ਧ ਪ, ਧ ਗ ਮ ਗ, ਰੇ ਸ।

**ਸੁਰ ਵਿਸਥਾਰ** : ੧. ਸ, ਨ਼ੀ ਸ ਪ਼ ਨ਼ੀ ਸ, ਨ਼ੀ ਸ ਗ, ਸ ਗ ਮ ਪ, ਧ ਗ ਮ ਗ, ਗ ਮ ਪ ਧ ਨ̱ੀ ਧ ਪ, ਧ ਗ ਮ ਗ, ਸ ਗ ਮ ਪ, ਧ ਗ ਮ ਗ, ਰੇ ਸ।

੨. ਗ ਮ ਪ, ਨ̱ੀ ਧ ਪ ਗ ਮ ਗ, ਪ, ਗ ਮ ਪ ਨੀ ਸਂ, ਪ ਨੀ ਸਂ ਗਂ, ਰੇਂ ਸ, ਨੀ ਸਂ ਗਂ, ਮਂ ਗਂ, ਰੇਂ ਸਂ, ਪ ਨੀ ਸਂ ਨੀ ਧ ਪ, ਗ ਮ ਪ ਧ ਨ̱ੀ ਧ ਪ, ਧ ਗ ਮ ਗ, ਰੇ ਸ।

## ਰਾਗੁ ਬਿਹਾਗੜਾ ਮਹਲਾ ੯ ॥
## ੧ੴ ਸਤਿਗੁਰ ਪ੍ਰਸਾਦਿ ॥

ਹਰਿ ਕੀ ਗਤਿ[1] ਨਹਿ ਕੋਊ ਜਾਨੈ॥
ਜੋਗੀ ਜਤੀ ਤਪੀ [2]ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥੧॥ ਰਹਾਉ॥
[3]ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
[4]ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੋ॥੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
[5]ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥੨॥
[6]ਅਗਨਤ ਅਪਾਰੁ ਅਲਖ[7] ਨਿਰੰਜਨ[8] ਜਿਹ ਸਭ ਜਗੁ ਭਰਮਾਇਓ॥
[9]ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥੩॥੧॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੩੭)*

---

੧. ਗਤੀ, ਹਾਲਤ, ਅਵਸਥਾ।
੨. ਥਕ ਟੁਟ ਕੇ ਹਾਰ ਗਏ (ਪਰ ਹਰੀ ਦੀ ਹਾਲਤ ਨਾ ਦੱਸ ਸਕੇ)।
੩. ਇਕ ਛਿਨ ਵਿੱਚ ਕਗਾਲ ਨੂੰ ਰਾਜਾ ਬਣਾ ਦਿੰਦਾ ਹੈ, ਤੇ ਰਾਜੇ ਨੂੰ ਕੰਗਾਲ ਬਣਾ ਦਿੰਦਾ ਹੈ।
੪. ਖਾਲੀਆਂ (ਸਖਣਿਆਂ) ਨੂੰ ਭਰ ਦਿੰਦਾ ਤੇ ਭਰਿਆਂ ਨੂੰ ਖਾਲੀ ਕਰ ਦਿੰਦਾ ਹੈ; ਇਹ ਉਸ ਦਾ ਕੰਮ (ਤਰੀਕਾ, ਸੁਭਾ) ਹੈ।
੫. ਕਈ ਤਰ੍ਹਾਂ ਦੇ ਸਵਾਂਗ ਕਰਦਾ ਹੈ ਉਹ ਬਹੁ-ਰੰਗੀ (ਬਹੁਰੂਪੀਆ) : ਪਰ ਆਪ ਸਭ ਤੋਂ ਅੱਡ ਰਹਿੰਦਾ ਹੈ।
੬. ਜਿਸ ਦਾ ਸ਼ੁਮਾਰ ਨਹੀਂ, ਬੇਅੰਤ।
੭. ਜੋ ਸਮਝ ਵਿੱਚ ਨਾ ਆਵੇ।
੮. ਮਾਇਆ ਦੀ ਲਾਗ ਤੋਂ ਰਹਿਤ।
੯. ਸਾਰੇ ਭਰਮ (ਵਹਿਮ) ਛੱਡ ਕੇ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੫੩੭

## ਰਾਗ ਬਿਹਾਗੜਾ ਮਹਲਾ ੯ ਦੀਪਚੰਦੀ ਤਾਲ

| × | 2 | 0 | 3 |
|---|---|---|---|
| ***ਸਥਾਈ*** | ਨ਼ੀ ਸ ਗ ਮ | ਪ ਪ - | ਨੀ- - ਸਂ - |
| | ਹ ਰਿ ਕੀ ऽ | ਗ ਤਿ ऽ | ਨਹਿ ऽ ऽ ऽ |
| ਨੀ - - | ਧ - ਪ - | ਨ਼ੀ ਧ ਨ਼ੀ | ਗ਼ ਮ ਗ - |
| ਕੋ ऽ ऽ | ਊ ऽ ऽ ऽ | ਜਾ ऽ ऽ | ਨੈ ऽ ऽ ऽ |
| - - - | ਗ ਮ ਪ ਧ | ਨ਼ੀ ਧ - | - - - - |
| ऽ ऽ ऽ | ਜੋ ऽ ਗੀ ऽ | ਜ ਤੀ ऽ | ऽ ऽ ऽ ऽ |
| - - ਧ | ਨ਼ੀ ਧ ਪ ਧ | ਗ - ਮ | ਗ - - - |
| ऽ ऽ ਤ | ਪੀ ऽ ਪ ਚਿ | ਹਾ ऽ ऽ | ਰੇ ऽ ऽ ऽ |
| - - - | ਨ਼ੀ ਸ ਗ ਮ | ਪ - - | ਨੀ - - ਸਂ |
| ऽ ऽ ऽ | ਅ ਰੁ ਥ ਹੁ | ਲੋ ऽ ऽ | ਗ ऽ ऽ ਸਿ |
| ਨੀ - ਧ | ਧ - ਪ - | ਨ਼ੀ ਧ ਪ | ਗ ਮ ਗ - |
| ਆ ऽ ऽ | ऽ ऽ ऽ ऽ | ਨੇ ऽ ऽ | ऽ ऽ ऽ ऽ |
| - - - | | | |
| ऽ ऽ ऽ | | | |
| ***ਅੰਤਰਾ*** | ਗ ਮ ਪ- ਨੀ | ਨੀ - - | ਨੀ - - - |
| | ਛਿ ਨ ਮਹਿ ऽ | ਰਾ ऽ ऽ | ਉ ऽ ऽ ऽ |
| - - - | ਸਂ - ਸਂ ਸਂ- | ਨੀ ਨੀ - | ਸਂ - - - |
| ऽ ऽ ऽ | ਰੰ ऽ ਕ ਕਉ | ਕ ਰ ऽ | ਈ ऽ ऽ ऽ |
| - - - | ਨੀ - ਸਂ ਗਂ | ਗਂ - - | ਰੇਂ ਸਂ - - |
| ऽ ऽ ऽ | ਰਾ ऽ ਉ ऽ | ਰੰ ऽ ऽ | ਕ ऽ ऽ ऽ |
| - - - | ਨ਼ੀ - ਧ - | ਨ਼ੀ ਧ ਨ਼ੀ | ਗ ਮ ਗ - |
| ऽ ऽ ऽ | ਕ ऽ ਰਿ ऽ | ਡਾ ऽ ऽ | ਰੇ ऽ ऽ ऽ |
| - - - | ਗ ਮ ਪ ਨੀ | ਨੀ ਨੀ - | - - - - |
| ऽ ऽ ऽ | ਗੀ ऽ ਤੇ ऽ | ਭ ऽ ऽ | ਰੇ ऽ ऽ ऽ |
| - - ਨੀ | ਸਂ - ਸਂ ਸਂ | ਨੀ - - | ਸਂ - - - |
| ऽ ऽ ਭ | ਰੇ ऽ ਸ ਖ | ਨਾ ऽ ऽ | ਵੈ ऽ ऽ ऽ |
| - - - | ਨੀ- - ਸਂ ਗਂ | ਗਂ - - | ਰੇਂ - ਸਂ - |
| ऽ ऽ ऽ | ਯਹ ऽ ਤਾ ऽ | ਕੋ ऽ ऽ | ऽ ऽ ऽ ऽ |
| - - - | ਨ਼ੀ ਨ਼ੀ ਧ - | ਨ਼ੀ ਧ ਨ਼ੀ | ਗ ਮ ਗ - |
| ऽ ऽ ऽ | ਬਿ ਵ ਹਾ ऽ | ਰੇ ऽ ऽ | ऽ ऽ ऽ ऽ |
| ऽ ऽ ऽ * | | | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੩. ਵਡਹੰਸ

ਗੁਰਮਤਿ ਸੰਗੀਤ ਵਿਚ ਸਨਾਤਨੀ ਅਤੇ ਦੇਸੀ ਰਾਗਾਂ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਇਸ ਪ੍ਰਯੋਗ ਅਧੀਨ ਰਾਗ ਵਡਹੰਸ ਲੋਕ ਸੰਗੀਤ ਤੋਂ ਵਿਕਸਤ ਪ੍ਰਸਿੱਧ ਰਾਗ ਹੈ ਜਿਸ ਵਿਚ ਘੋੜੀਆਂ ਤੇ ਅਲਾਹੁਣੀਆਂ ਵਰਗੀ ਲੋਕ ਕਾਵਿ ਰੂਪਾਂ ਦੀ ਧਾਰਨੀ ਬਾਣੀ ਵਿਸ਼ੇਸ਼ ਰੂਪ ਵਿਚ ਦਰਜ ਹੈ। ਇਸ ਰਾਗ ਦਾ ਪ੍ਰਯੋਗ ਮਹਲਾ ੧, ੩, ੪ ਅਤੇ ੫ ਨੇ ਆਪਣੀ ਬਾਣੀ ਲਈ ਕੀਤਾ ਹੈ। ਗੁਰੂ ਅਮਰਦਾਸ ਜੀ ਨੇ ਇਸ ਰਾਗ ਦੀ ਮਹਿਮਾ ਨੂੰ ਆਪਣੀ ਬਾਣੀ ਵਿਚ ਇਉਂ ਬਿਆਨ ਕੀਤਾ ਹੈ:

*ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ॥*
*ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੮੫)*

ਵਡਹੰਸ ਰਾਗ ਵਿਚ ਤਿਲਕ ਕਾਮੋਦ, ਬਰਵਾ ਅਤੇ ਦੇਸ ਰਾਗਾਂ ਦੀ ਝਲਕ ਮਿਲਦੀ ਹੈ। ਦੂਸਰੇ ਸਾਰੇ ਸੁਰ ਸ਼ੁਧ ਹੋਣ ਦੇ ਨਾਲ ਨਾਲ ਰਾਗ ਵਡਹੰਸ ਵਿਚ ਦੋਵੇਂ ਨਿਸ਼ਾਦ ਲਗਦੇ ਹਨ ਅਤੇ ਇਸਦੇ ਆਰੋਹ ਵਿਚ ਗੰਧਾਰ ਵਰਜਿਤ ਹੈ। ਇਸ ਦਾ ਵਾਦੀ ਪੰਚਮ, ਸੰਵਾਦੀ ਰਿਸ਼ਭ, ਥਾਟ ਖਮਾਜ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸ਼ਾੜਵ-ਸੰਪੂਰਣ ਹੈ।

**ਆਰੋਹ** : ਸ ਰੇ ਮ ਪ, ਧ ਨੁੀ ਪ, ਨੀ ਸਂ।

**ਅਵਰੋਹ** : ਸਂ ਨੁੀ ਪ, ਧ ਮ ਗ ਰੇ, ਸ ਨ਼ੀ ਸ।

**ਮੁੱਖ ਅੰਗ** : ਸ ਰੇ ਮ ਪ ਨੁੀ ਪ, ਧ ਮ ਗ ਰੇ, ਸ ਨ਼ੀ ਪ਼ ਨ਼ੀ ਸ।

**ਸੁਰ ਵਿਸਥਾਰ** :

੧. ਸ, ਸ ਰੇ ਨ਼ੀ ਸ, ਗ ਰੇ ਸ ਨ਼ੀ, ਪ਼ ਨ਼ੀ ਸ, ਰੇ ਮ ਗ ਰੇ, ਰੇ ਮ ਪ, ਧ ਪ, ਮ ਪ ਧ ਮ ਗ ਰੇ, ਸ ਨ਼ੀ ਪ਼ ਨ਼ੀ ਸ।

੨. ਰੇ ਮ ਪ, ਧ ਪ ਧ ਨੁੀ ਪ, ਮ ਪ ਨੀ ਸਂ, ਪ ਨੀ ਸਂ, ਸਂ ਰੇਂ ਨੀ ਸਂ, ਰੇਂ ਮਂ ਗਂ ਰੇਂ, ਸਂ ਨੀ, ਪ ਨੀ ਸਂ, ਰੇਂ ਸਂ ਨੁੀ ਪ, ਧ ਪ, ਧ ਨੁੀ ਪ, ਧ ਮ ਗ ਰੇ, ਸ ਰੇ ਨ਼ੀ ਸ।

## ਵਡਹੰਸੁ ਮਹਲਾ ੫ ॥

ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥
ਹਉ ਬਲਿਹਾਰੀ ਸਤਿਗੁਰ ਚਰਣਾ॥੧॥
[੧]ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥
ਮਨੁ ਜੀਵੈ ਪ੍ਰਭ ਨਾਮੁ ਚਿਤੇਰੇ[੨]॥੧॥ਰਹਾਉ॥
ਸਚੁ ਮੰਤ੍ਰੁ[੩] ਤੁਮਾਰਾ ਅੰਮ੍ਰਿਤ ਬਾਣੀ॥
ਸੀਤਲ[੪] ਪੁਰਖ ਦ੍ਰਿਸਟਿ ਸੁਜਾਣੀ॥੨॥
ਸਚੁ ਹੁਕਮੁ ਤੁਮਾਰਾ [੫]ਤਖਤਿ ਨਿਵਾਸੀ॥
[੬]ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ॥੩॥
ਤੁਮ ਮਿਹਰਵਾਨ ਦਾਸ [੭]ਹਮ ਦੀਨਾ॥
ਨਾਨਕ ਸਾਹਿਬੁ[੮] ਭਰਪੁਰਿ ਲੀਣਾ॥੪॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, ੫੬੨)*

---

੧. ਜੀਵਨ ਦੇ ਦਾਤੇ।
੨. ਯਾਦ ਕਰ ਕੇ।
੩. ਸਲਾਹ, ਸਿਖਿਆ, ਉਪਦੇਸ਼।
੪. ਤੂੰ ਠੰਢਾ (ਠੰਢ ਪਾਣ ਵਾਲਾ) ਪੁਰਸ਼ ਹੈਂ ਅਤੇ ਤੇਰੀ ਨਜ਼ਰ ਸਭ ਕੁਝ ਜਾਣਦੀ (ਵੇਖਦੀ) ਹੈ।
੫. ਤੂੰ ਤਖਤ ਉਤੇ ਬਹਿਣ ਵਾਲਾ (ਸਭ ਦਾ ਹਾਕਮ) ਹੈਂ।
੬. ਮੇਰਾ ਮਾਲਕ ਨਾਸ-ਰਹਿਤ ਹੈ; ਜੰਮਦਾ ਮਰਦਾ ਨਹੀਂ।
੭. ਅਸੀ ਨਿਮਾਣੇ ਸੇਵਕ ਹਾਂ।
੮. ਮਾਲਕ (ਹਰੀ) ਸਭ ਥਾਂ ਭਰਪੂਰ ਹੈ, ਲੀਣ

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੫੬੨

## ਰਾਗ ਵਡਹੰਸ — ਮਹਲਾ ੫ — ਦੀਪਚੰਦੀ ਤਾਲ

| × | 2 | 0 | 3 |
|---|---|---|---|
| ***ਸਥਾਈ*** | | | ਸ ਰੇ ਮਂ - |
| | | | ਜੀ ਅ ਕੇ ऽ |
| ਧ ਨ਼ੀ - | ਪ - ਪ - | ਧ ਮ - | ਗ - ਰੇ ਸ |
| ਦਾ ऽ ऽ | ਤੇ ऽ ਪ੍ਰੀ ऽ | ਤ ਮ ऽ | ਪ੍ਰ ऽ ਭ ऽ |
| ਰੇ ਮ - | ਗ ਰੇ - - | - - - | ਰੇ ਮ ਪ ਨ਼ੀ |
| ਮੇ ऽ ऽ | ਰੇ ऽ ऽ ऽ | ऽ ऽ ऽ | ਮ ਨੁ ਜੀ ऽ |
| ਪ - - | ਨੀ - ਸਂ ਸਂ | ਨ਼ੀ ਪ ਧ | ਮ ਗ ਰੇ ਸ |
| ਵੈ ऽ ऽ | ਪ੍ਰ ऽ ਭ ऽ | ਨਾ ऽ ऽ | ਮੁ ऽ ਚਿ ऽ |
| ਰੇ ਮ ਗ | ਰੇ - - - | - - - | |
| ਤੇ ऽ ऽ | ਰੇ ऽ ऽ ऽ | ऽ ऽ ऽ | |
| ***ਅੰਤਰਾ*** | | | ਸ ਰੇ ਮ - |
| | | | ਧ ਨੁ ਸੁ - |
| ਪ ਨ਼ੀ - | ਪ - ਪ - | - - - | ਨੀ ਨੀ ਸਂ ਸਂ |
| ਵੇ ਲਾ ऽ | ਜਿ ऽ ਤੁ ऽ | ऽ ऽ ऽ | ਦ ਰ ਸ ਨੁ |
| ਰੇਂ ਨੀ - | ਸਂ - - - | - - - | ਪ- ਨੀ ਸਂ ਰੇਂ |
| ਕ ਰ ऽ | ਣਾ ऽ ऽ ऽ | ऽ ऽ ऽ | ਹਉ ऽ ਬ ਲਿ |
| ਰੇਂ - - | ਸਂ - - - | ਨ਼ੀ ਪ ਧ | ਮ ਗ ਰੇ ਸ |
| ਹਾ ऽ ऽ | ਰੀ ऽ ऽ ऽ | ਸ ਤਿ ਗੁ | ਰ ऽ ऽऽ ऽ |
| ਰੇ ਮ - | ਗ - ਰੇ - | - - - | |
| ਚ ਰ ऽ | ਣਾ ऽ ऽ ऽ | ऽ ऽ ऽ * | |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੪. ਵਡਹੰਸ ਦੱਖਣੀ

ਗਉੜੀ ਦੱਖਣੀ ਵਾਂਗੂ ਵਡਹੰਸ ਦੱਖਣੀ ਨੂੰ ਵਿਦਵਾਨਾਂ ਨੇ ਦੱਖਣੀ ਸੰਗੀਤ ਪੱਧਤੀ ਦਾ ਰਾਗ ਸਵੀਕਾਰਿਆ ਹੈ ਜਿਸ ਅਧੀਨ ਦੇਸ ਦੇਸਾਂਤਰਾਂ ਦਾ ਰਟਨ ਕਰਨ ਵਾਲੇ ਚਾਰ ਉਦਾਸੀਆਂ ਦੇ ਧਾਰਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਦੀ ਰਚਨਾ ਕੀਤੀ ਹੈ। ਸਵਰਗੀ ਪ੍ਰੋ. ਤਾਰਾ ਸਿੰਘ ਜੀ ਦੁਆਰਾ ਰਚਿਤ ਪੁਸਤਕ **ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ** ਦੇ ਪੰਨਾ **੧੦੮** ਉਤੇ ਸਰੂਪਿਤ ਇਸ ਰਾਗ ਨੂੰ *ਰਾਗ ਨਿਰਣਾਇਕ ਕਮੇਟੀ* (ਅਦੁੱਤੀ ਗੁਰਮਤਿ ਸੰਗੀਤ ਸੰਮੇਲਨ **੧੯੯੨**) ਨੇ ਪੂਰਨ ਰੂਪ ਵਿਚ ਸਵੀਕਾਰਿਆ ਹੈ। ਦੱਖਣੀ ਭਾਰਤੀ ਸੰਗੀਤ ਅਨੁਸਾਰ ਸਰੂਪਤ ਰਾਗ **ਵਡਹੰਸ** ਦੱਖਣੀ ਦਾ ਪ੍ਰਯੋਗ *ਅਲਾਹੁਣੀਆਂ* ਬਾਣੀ ਲਈ ਵਿਸ਼ੇਸ਼ ਰੂਪ ਵਿਚ ਕੀਤਾ ਗਿਆ ਹੈ। ਇਸ ਰਾਗ ਵਿਚ ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਤੀਜਾ ਪਹਿਰ** ਅਤੇ **ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਰੇ ਮ ਪ, ਧ ਸਂ।

**ਅਵਰੋਹ** : ਸਂ ਨੀ॒ ਧ ਪ, ਮ, ਰੇ ਮ ਗ ਸ।

**ਮੁੱਖ ਅੰਗ** : ਸ ਰੇ ਮ ਪ, ਮ, ਰੇ ਮ ਸ ਨੀ॒ ਧ਼ ਸ।

**ਸੁਰ ਵਿਸਥਾਰ** :

੧. ਸ, ਨੀ॒ ਧ਼ ਸ, ਰੇ ਮ ਪ, ਰੇ ਮ ਗ, ਸ, ਰੇ ਮ ਪ, ਧ ਪ, ਮ, ਰੇ ਮ ਗ, ਸ, ਨੀ॒ ਧ਼ ਸ।

੨. ਸ , ਰੇ ਮ ਗ, ਰੇ ਮ ਪ, ਧ ਪ, ਨੀ॒ ਧ ਪ, ਧ ਸਂ, ਨੀ॒ ਧ ਸਂ, ਨੀ॒ ਧ ਪ, ਧ ਪ ਮ, ਰੇ ਮ ਗ, ਸ, ਨੀ॒ ਧ਼ ਸ।

੩. ਪ, ਧ ਪ, ਨੀ॒ ਧ ਸਂ, ਸ ਰੇਂ ਮਂ ਗਂ, ਰੇਂ ਮਂ ਪਂ, ਮਂ, ਰੇਂ ਮਂ ਗਂ, ਸਂ ਰੇਂ ਸਂ ਨੀ॒ ਧ ਸਂ, ਨੀ॒ ਧ ਪ, ਧ ਪ, ਮ, ਰੇ ਮ ਗ, ਸ, ਰੇ ਸ ਨੀ॒ ਧ਼ ਸ।

# ਵਡਹੰਸੁ ਮਹਲਾ ੧ ਦਖਣੀ ॥

[੧]ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ[੨]॥
[੩]ਜਿਨਿ ਆਪੀਨੈ ਆਪੁ ਸਾਜਿਆ ਸਚੜਾ [੪]ਅਲਖ ਅਪਾਰੋ ॥
[੫]ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥
ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥
[੬]ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ਰਹਾਉ॥
ਤੁਧੁ ਸਿਰਜੀ[੭] ਮੇਦਨੀ[੮] ਦੁਖੁ ਸੁਖੁ ਦੇਵਣਹਾਰੋ ॥
ਨਾਰੀ ਪੁਰਖ ਸਿਰਜਿਐ[੯] ਬਿਖੁ ਮਾਇਆ ਮੋਹੁ ਪਿਆਰੋ ॥
[੧੦]ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
[੧੧]ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥
ਆਵਾਗਵਣੁ[੧੨] ਸਿਰਜਿਆ ਤੂ [੧੩]ਥਿਰੁ ਕਰਣੈਹਾਰੋ ॥
ਜੰਮਣੁ ਮਰਣਾ [੧੪]ਆਇ ਗਇਆ [੧੫]ਬਧਿਕੁ ਜੀਉ ਬਿਕਾਰੋ ॥
ਭੂਡੜੈ[੧੬] ਨਾਮੁ ਵਿਸਾਰਿਆ ਬੂਡੜੈ[੧੭] ਕਿਆ ਤਿਸੁ ਚਾਰੋ[੧੮] ॥
ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ[੧੯] ॥੩॥
ਸਦੜੇ ਆਏ ਤਿਨਾ ਜਾਨੀਆ[੨੦] ਹੁਕਮਿ ਸਚੇ ਕਰਤਾਰੋ ॥
[੨੧]ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥
[੨੨]ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥
ਬਾਲਕ ਬਿਰਧਿ ਨ ਜਾਣਨੀ [੨੩]ਤੋੜਨਿ ਹੇਤੁ ਪਿਆਰੋ ॥੪॥
[੨੪]ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥
[੨੫]ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥
[੨੬]ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ ॥
[੨੭]ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ॥੫ ॥
[੨੮]ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥
[੨੯]ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥
[੩੦]ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥
[੩੧]ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥
ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥
ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥
ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥
ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥੭॥
ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥
ਆਵਹੁ ਮਿਲਹੁ ਸਹੇਲੀ ਹੋ ਸਿਮਰਹੁ ਸਿਰਜਣਹਾਰੋ ॥
ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ ॥
ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੦)*

੧. ਸੱਚਾ ਸਿਰਜਣਹਾਰ, ਵਾਹਿਗੁਰੂ। ੨. (ਫ਼ਾ. ਪਰਵਰਦਗਾਰ) ਪਾਲਣ ਵਾਲਾ ਵਾਹਿਗੁਰੂ।
੩. ਜਿਸ ਨੇ ਆਪਣੇ ਆਪ ਨੂੰ ਖੁਦ ਬਖੁਦ ਪੈਦਾ ਕੀਤਾ; ਜੋ 'ਸੈਭੰ' ਹੈ।
੪. ਜਿਹੜਾ ਲਖਿਆ (ਸਮਝਿਆ) ਨਾ ਜਾਏ, ਭਾਵ ਵਾਹਿਗੁਰੂ।
੫. ਹਰੀ ਨੇ ਦੋਵੇਂ ਪੁੜ, ਭਾਵ ਜ਼ਮੀਨ ਅਸਮਾਨ, ਜੋੜੇ (ਸਾਰੇ ਜਗਤ ਨੂੰ ਬਣਾਇਆ) ਤੇ ਫੇਰ ਵਖੋ ਵੱਖ ਕਰ ਦਿੱਤਾ; ਗੁਰੂ ਤੋਂ ਬਿਨਾਂ ਘੋਰ ਹਨੇਰਾ ਰਹਿੰਦਾ ਹੈ, ਹਰੀ ਦੀ ਸਮਝ ਨਹੀਂ ਆਉਂਦੀ। ੬. ਸੂਰਜ ਚੰਨ ਪੈਦਾ ਕੀਤੇ, ਦਿਨ ਰਾਤ ਹਰੀ ਉਹਨਾਂ ਦੀ ਚਾਲ ਨੂੰ ਵਿਚਾਰਦਾ ਹੈ, ਨਿਗਰਾਨੀ ਕਰਦਾ ਹੈ। ੭. ਬਣਾਈ, ਪੈਦਾ ਕੀਤੀ।
੮. ਸ੍ਰਿਸ਼ਟੀ। ੯. ਪੈਦਾ ਕੀਤੇ। ੧੦. ਉਤਪਤੀ ਦੀ ਪ੍ਰਧਾਨ ਵੰਡ ਚਾਰ ਖਾਣੀਆਂ ਹੋਨ। ਦੇਖੋ ਪੰਨਾ ੪੨੩, ਫੁਟ ਨੋਟ*। ਬਾਣੀ=ਉਨ੍ਹਾਂ ਖਾਣੀਆਂ ਦੇ ਜੀਵਾਂ ਦੀਆਂ ਬੋਲੀਆਂ
੧੧. ਹਰੀ ਨੇ ਕੁਦਰਤ ਨੂੰ ਆਪਣੇ ਬੈਠਣ ਦਾ ਤਖਤ ਬਣਾਇਆ ਹੈ (ਕੁਦਰਤ ਵਿੱਚ ਨਿਵਾਸ ਕਰਦਾ ਹੈ) ਅਤੇ ਉਸ ਉਤੇ ਬੈਠ ਕੇ ਸੱਚੇ ਨਿਆਂ ਨਾਲ ਫ਼ੈਸਲੇ ਕਰਦਾ ਹੈ। (ਭਾਵ ਰੱਬ ਕਿਧਰੇ ਅਸਮਾਨ ਤੇ ਬਹਿ ਕੇ ਫ਼ੈਸਲੇ ਨਹੀ ਦਿੰਦਾ; ਕੁਦਰਤ ਦੇ ਅੰਦਰੋਂ ਹੀ ਚੰਗੇ ਮੰਦੇ ਦਾ ਨਿਰਨਾ ਹੁੰਦਾ ਰਹਿੰਦਾ ਹੈ, ਅਤੇ ਨਾਲੋਂ ਨਾਲ ਸਜ਼ਾ ਜਾਂ ਮਦਦ ਮਿਲਦੀ ਰਹਿੰਦੀ ਹੈ।)
੧੨. ਆਵਣ ਜਾਣ, ਮਰਨ ਜੰਮਣ ਵਾਲਾ ਸੰਸਾਰ। ੧੩. ਅਸਥਿਰ ਕਰਨ ਵਾਲਾ, ਭਾਵ ਜਨਮ ਮਰਨ ਕੱਟ ਕੇ ਨਿਹਚਲ ਕਰ ਦੇਣ ਵਾਲਾ ਹੈਂ। ੧੪. ਆਣਾ ਜਾਣਾ, ਜਲਮ ਮਰਨ ਕਰਕੇ। ੧੫. ਇਹ ਜੀਵ ਵਿਕਾਰਾਂ ਵਿੱਚ ਬਧਾ ਗਿਆ ਹੈ, ਕੈਦੀ ਹੋ ਗਿਆ ਹੈ।
੧੬. ਭੈੜੇ ਆਦਮੀ ਨੇ, ਮਲੀਨ ਮਤ ਵਾਲੇ ਜੀਵ ਨੇ। ੧੭. ਡੁਬੇ ਹੋਏ ਨੂੰ।
੧੮. ਚਾਰਾ, ਵਸ। ਇਸ ਡੁਬੇ ਹੋਏ ਦੇ ਵਸ ਹੀ ਕੀ ਹੈ ? ੧੯. ਵਪਾਰੀ।
੨੦. ਪਿਆਰਿਆਂ ਨੂੰ, ਸਰੀਰ ਦੇ ਪਿਆਰੇ ਸਾਥੀ ਜੀਵ-ਆਤਮਾ ਨੂੰ।
੨੧. ਇਸਤ੍ਰੀਆਂ ਤੇ ਪਤੀ ਵਿਛੋੜ ਦਿੱਤੇ, ਜੁਦਾ ਕਰ ਦਿਤੇ; ਵਿਛੜਿਆਂ ਨੂੰ ਫੇਰ ਉਹ ਹਰੀ ਹੀ ਮੇਲ ਸਕਦਾ ਹੈ।
੨੨. ਯਮਾਂ ਤੇ ਸਿਰ ਤੇ ਹੁਕਮ ਦੀ ਕਾਰ ਹੈ, ਏਸ ਲਈ ਓਹ ਰੂਪ ਨਹੀਂ ਪਛਾਣਦੇ ਕਿ ਸੋਹਣੀ ਹੈ ਕਿ ਨਹੀਂ; ਭਾਵ ਉਨ੍ਹਾਂ ਨੇ ਤਾਂ ਜੋ ਹੁਕਮ ਹੋਵੇ ਸੋਈ ਕਰਨਾ ਹੈ; ਓਹ ਇਹ ਨਹੀਂ ਵੇਖਦੇ ਕਿ ਅਮੁਕਾ ਆਦਮੀ ਸੋਹਣਾ ਹੈ, ਉਸ ਨੂੰ ਨਾ ਮਾਰੀਏ।
੨੩. ਹਿਤ ਪਿਆਰ ਤੋੜ ਦਿੰਦੇ ਹਨ। ਜਮ ਪਿਆਰਿਆਂ ਨੂੰ ਵਿਛੋੜ ਦਿੰਦੇ ਹਨ, ਤੇ ਵਿਛੋੜਨ ਲਗਿਆਂ ਬੱਚੇ ਯਾ ਬੁਢੇ ਦਾ ਵਿਚਾਰ ਨਹੀਂ ਕਰਦੇ।
੨੪. ਸੱਚੇ ਦੇ ਹੁਕਮ ਨਾਲ ਸਰੀਰ ਦੇ ਨੌਂ ਦਰਵਾਜ਼ੇ ਬੰਦ ਹੋ ਗਏ ਤੇ ਹੰਸ (ਜੀਵ) ਅਸਮਾਨ ਨੂੰ (ਪਰਲੋਕ ਨੂੰ) ਚਲਿਆ ਗਿਆ। ਨਉ ਦਰ=ਸਰੀਰ ਦੇ ਨੌਂ ਦਰਵਾਜ਼ੇ : ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ, ਲਿੰਗ।
੨੫. ਇਸਤ੍ਰੀ (ਜਿਸ ਦਾ ਪਤੀ ਮਰ ਜਾਏ) ਪਤੀ ਤੋਂ ਛੁੱਟ ਗਈ, ਭਾਵ ਵੱਖ ਹੋ ਗਈ ਤੇ ਮੁਰਦਾ ਵਿਹੜੇ ਦੇ ਦਰਵਾਜ਼ੇ ਵਿੱਚ ਪਿਆ ਹੋਇਆ ਹੈ। ਵਿਧਣੀਆਂ=ਧਣੀ, ਪਤੀ ਤੋਂ ਬਿਨਾਂ, ਵਿਧਵਾ।
੨੬. ਹੇ ਮਾਈ ! ਇਸ ਦੇ ਮਰਨ ਨਾਲ ਮੱਤ ਮਾਰੀ ਗਈ; ਇਸਤ੍ਰੀ ਹਰੀ ਦੀ ਦਰਗਾਹ ਵਿੱਚ ਪੁਕਾਰ ਕਰਦੀ ਹੈ।
੨੭. ਪਤੀ ਪਰਮੇਸ਼ਰ ਦੀ ਇਸਤ੍ਰੀਓ ! ਰੋਣਾ ਹੈ ਤਾਂ ਸੱਚੇ ਹਰੀ ਦੇ ਗੁਣ ਯਾਦ ਕਰ ਕੇ ਪ੍ਰੇਮ ਨਾਲ ਰੋਵੋ।
੨੮. ਫੇਰ ਪ੍ਰਾਣੀ ਨੂੰ ਜਲ ਨਾਲ ਮੇਲ ਕੇ ਨਵ੍ਹਾਲਦੇ ਹਨ ਤੇ ਬਹੁਤ ਸਾਰੇ ਰੇਸ਼ਮ ਦੇ ਚੰਗੇ ਕਪੜਿਆਂ ਵਿੱਚ ਲਪੇਟਦੇ ਹਨ।
੨੯. ਵਾਜੇ ਵਜਾਏ ਗਏ ਚੰਗੇ ਚੰਗੇ ਸ਼ਬਦਾਂ ਨਾਲ (ਰਾਮ ਨਾਮ ਸਤ ਹੈ, ਆਦਿ ਗਾ ਕੇ); ਸਨਬੰਧੀ ਮਨ ਮਾਰ ਕੇ (ਗ਼ਮ ਨਾਲ) ਮੋਇਆਂ ਵਰਗੇ ਹੋ ਗਏ। ਪੰਚ=ਮਾਂ, ਪਿਓ, ਇਸਤ੍ਰੀ, ਪੁੱਤਰ ਭਰਾ।
੩੦. (ਓਸ ਵਕਤ ਇਸਤ੍ਰੀ, ਕਹਿੰਦੀ ਹੈ) ਮੇਰੇ ਪਤੀ ਦੇ ਵਿਛੜ ਜਾਣ ਨਾਲ ਮੇਰਾ ਵੀ ਜੀਵਨ ਮਰਨ ਬਰਾਬਰ ਹੋ ਗਿਆ ਹੈ; ਮੇਰਾ ਸੰਸਾਰ ਵਿੱਚ ਜੀਵਣਾ ਫਿਟਕਾਰ ਯੋਗ ਹੈ।
੩੧. ਸੱਚਾ ਮਰਨਾ ਤਾਂ ਹੁੰਦਾ ਹੈ ਜੇ ਸੱਚੇ ਪਤੀ ਦੇ ਪਿਆਰ ਕਰਕੇ ਜੀਵਤ ਭਾਵ ਤੋਂ ਮਰੇ।

* **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਪਹਿਲੀ) ਪੰਨਾ ੫੮੦**

## ਰਾਗ ਵਡਹੰਸ ਦੱਖਣੀ ਮਹਲਾ ੧ ਦੀਪਚੰਦੀ ਤਾਲ

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | | | |
| ਨ਼ੀ | ਧ | - | ਪ | - | - | - | ਮ | - | - | ਰੇ | ਮ | ਗ | - |
| ਸ | ਚ | ऽ | ੜਾ | ऽ | ऽ | ऽ | ਸਾ | ऽ | ऽ | ਹਿ | ऽ | ਬੁ | ऽ |
| ਸ | - | - | ਰੇ | - | ਮ | ਮ | ਪ | - | - | - | - | - | - |
| ऽ | ऽ | ऽ | ਸ | ऽ | ऽ | ਚੁ | ਤੂ | ऽ | ऽ | ऽ | ऽ | ऽ | ऽ |
| ਪ | ਪ | - | ਧ | - | - | - | ਸਂ- | - | - | ਸਂ | - | - | ਸਂ |
| ਸ | ਚ | ऽ | ੜਾ | ऽ | ऽ | ऽ | ਦੇ | ऽ | ऽ | ਹਿ | ऽ | ऽ | ਪਿ |
| ਨ਼ੀ | - | - | ਧ | - | ਪ | - | ਧ | ਸਂ | - | - | - | - | - |
| ਆ | ऽ | ऽ | ऽ | ऽ | ऽ | ऽ | ਰੋ | ऽ | ऽ | ऽ | ऽ | ऽ | ऽ |
| ਨ਼ੀ | ਨ਼ੀ | - | ਧ | - | ਪ | - | ਪ- | - | - | ਮ | - | - | ਮ |
| ਸ | ਚ | ऽ | ੜਾ | ऽ | ऽ | ऽ | ਦੇ | ऽ | ऽ | ਹਿ | ऽ | ऽ | ਪਿ |
| ਮ | - | - | ਰੇ | - | ਮ | - | ਗ | - | - | - | - | - | - |
| ਆ | ऽ | ऽ | ऽ | ऽ | ऽ | ऽ | ਰੋ | ऽ | ऽ | ऽ | ऽ | ऽ | ऽ |
| ***ਅੰਤਰਾ*** | | | | | | | | | | | | | |
| ਪ | - | - | ਧ | - | - | ਧ | ਸਂ | - | - | ਸਂ | - | - | - |
| ਸ | ऽ | ऽ | ਚੁ | ऽ | ऽ | ਸਿ | ਰੰ | ऽ | ऽ | ਦਾ | ऽ | ऽ | ऽ |
| ਨ਼ੀ | ਨ਼ੀ | - | ਧ | - | ਪ | - | ਧ | ਸਂ | ਸਂ | ਸਂ | - | - | - |
| ਸ | ਚਾ | ऽ | ऽ | ऽ | ऽ | ऽ | ਜਾ | ऽ | ਣੀ | ਐ | ऽ | ऽ | ऽ |
| ਸਂ | ਰੇਂ | - | ਗਂ | - | - | - | ਸਂ | ਸਂ | - | ਨੀ | - | ਨੀ | - |
| ਸ | ਚ | ऽ | ੜਾ | ऽ | ऽ | ऽ | ਪ | ਰ | ऽ | ਵ | ऽ | ਦ | ऽ |
| ਧ | - | - | - | - | - | - | ਪ | - | - | - | - | - | - |
| ਗਾ | ऽ | ऽ | ऽ | ऽ | ऽ | ऽ | ਰੋ | ऽ | ऽ | ऽ | ऽ | ऽ | ऽ |
| ਪ | ਪ | - | ਧ | - | - | - | ਸਂ | - | - | ਸਂ | - | - | - |
| ਜਿ | ਨਿ | - | ਆ | ऽ | ऽ | ऽ | ਪੀ | ऽ | ऽ | ਨੈ | ऽ | ऽ | ऽ |
| ਨ਼ੀ | - | - | ਧ | - | ਪ | - | ਧ | ਸਂ | ਸਂ | ਸਂ | - | - | - |
| ਆ | ऽ | ऽ | ਪੁ | ऽ | ऽ | ऽ | ਸਾ | ऽ | ਜਿ | ਆ | ऽ | ऽ | ऽ |
| - | - | - | ਸਂ | ਸਂ | ਰੇਂ | ਗਂ | ਸਂ | ਸਂ | - | ਨੀ | - | - | ਨੀ |
| ऽ | ऽ | ऽ | ਸ | ਚ | ੜਾ | ऽ | ਅ | ਲ | - | ਖ | - | - | ਅ |
| ਧ | - | - | - | - | - | - | ਪ | - | - | - | - | - | - |
| ਪਾ | ऽ | ऽ | ऽ | ऽ | ऽ | ऽ | ਰੋ | ऽ | ऽ | ऽ | ऽ | ऽ | ऽ * |

* ਸਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੫. ਸੋਰਠਿ

ਰਾਗ ਸੋਰਠਿ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚਲਿਤ ਅਤੇ ਪ੍ਰਿਯ ਰਾਗ ਹੈ। ਇਸ ਰਾਗ ਦੇ ਮਹੱਤਵ ਨੂੰ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਇਉਂ ਫੁਰਮਾਉਂਦੇ ਹਨ:

***ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥***
***ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥੫॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੫)***

ਸੋਰਠਿ ਗੁਰਮਤਿ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫, ੯ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਭੀਖਣ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ, ਬਾਕੀ ਸੁਰ ਸ਼ੁੱਧ, ਆਰੋਹ ਵਿਚ ਗੰਧਾਰ ਧੈਵਤ ਵਰਜਿਤ ਪਰੰਤੂ ਅਵਰੋਹ ਵਿਚ ਮਧਿਅਮ ਤੋਂ ਰਿਸ਼ਭ ਦੀ ਮੀਂਡ ਦੁਆਰਾ ਗੰਧਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਧੈਵਤ, ਥਾਟ ਖਮਾਜ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

| | | |
|---|---|---|
| ਆਰੋਹ | : | ਸ ਰੇ, ਮ ਪ, ਨੀ ਸਂ। |
| ਅਵਰੋਹ | : | ਸਂ ਰੇਂ ਨੁੀ ਧ, ਮ ਪ ਧ ਮ ਗ ਰੇ, ਨ਼ੀ ਸ। |
| ਮੁੱਖ ਅੰਗ | : | ਸ ਰੇ, ਮ ਪ, ਨੁੀ ਧ, ਪ, ਧ ਮ ਗ ਰੇ, ਨ਼ੀ ਸ। |
| ਸੁਰ ਵਿਸਥਾਰ | : | ੧. ਸ, ਨ਼ੀ ਸ, ਸ ਨੁੀ ਧ਼, ਪ਼, ਮ਼ ਪ਼ ਨ਼ੀ ਸ, ਨ਼ੀ ਸ ਰੇ, ਮ ਗ ਰੇ, ਰੇ ਮ ਪ, ਪ ਧ, ਮ ਗ ਰੇ, ਨ਼ੀ ਸ ਰੇ ਮ ਗ ਰੇ, ਨ਼ੀ ਸ। |
| | | ੨. ਰੇ ਮ ਪ, ਮ ਪ ਨੁੀ ਧ ਪ, ਮ ਪ ਨੀ ਸਂ, ਨੀ ਸਂ ਰੇਂ, ਮਂ ਗਂ ਰੇਂ, ਰੇਂ ਮਂ ਪਂ ਮਂ ਗਂ ਰੇਂ, ਨੀ ਸਂ ਰੇਂ ਨੁੀ ਧ, ਪ, ਪ ਧ ਮ ਗ ਰੇ, ਨ਼ੀ ਨ਼ੀ ਸ। |

# (ਸੋਰਠਿ ਰਵਿਦਾਸ ਜੀ) ॥

ਜਉ ਤੁਮ ਗਿਰਿਵਰ[੧] ਤਉ ਹਮ ਮੋਰਾ[੨] ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥
ਜਉ ਤੁਮ ਦੀਵਰਾ[੩] ਤਉ ਹਮ ਬਾਤੀ[੪] ॥
ਜਉ ਤੁਮ ਤੀਰਥ ਤਉ ਹਮ ਜਾਤੀ[੫] ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ [੬]ਅਵਰ ਸੰਗਿ ਤੋਰੀ ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ[੭] ॥੪॥
ਤੁਮਰੇ ਭਜਨ ਕਟਹਿ ਜਮ[੮] ਫਾਂਸਾ ॥
[੯]ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੮)*

---

੧. ਪਹਾੜੀ।
੨. ਮੋਰ।
੩. ਦੀਵਾ।
੪. ਵੱਟੀ।
੫. ਯਾਤਰੂ।
੬. ਹੋਰ ਸਾਰੇ ਸੰਸਾਰੀ ਪਦਾਰਥਾਂ ਤੇ ਜੀਵਾਂ ਨਾਲੋਂ ਪ੍ਰੀਤ ਤੋੜ ਲਈ ਹੈ।
੭. ਦੇਵਤਾ, ਪੂਜਣਯੋਗ।
੮. ਮੌਤ ਦੀ ਫਾਂਸੀ, ਜਨਮ ਮਰਨ ਦਾ ਚੱਕਰ।
੯. ਤੇਰੀ ਭਗਤੀ (ਪ੍ਰੀਤੀ) ਲੈਣ ਵਾਸਤੇ । ਰਵਿਦਾਸ ਤੇਰੇ ਗੁਣ ਗਾਂਦਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ ੬੫੮

## ਰਾਗ ਸੋਰਠਿ ਭਗਤ ਰਵਿਦਾਸ ਜੀ ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| *ਸਥਾਈ* | | | | | | | | | ਸਂ | - | ਰੇਂ |
| | | | | | | | | | ਮਾ | ऽ | ਧ |
| ਨੀ | ਧ | ਪ | ਪ | - | ਧ | ਮ ਗ | ਰੇ | - | ਮ | - | ਪ |
| ਵੇ | ऽ | ऽ | ਮਾ | ऽ | ਧ | ਵੇ | ऽ | ऽ | ਮਾ | ऽ | ਧ |
| ਨੀ | - | ਸਂ | - | - | - | ਸਂ | - | ਪ | ਂਰੇ | ਮ | ਮ |
| ਵੇ | ऽ | ऽ | ऽ | ऽ | ऽ | ऽ | ऽ | ऽ | ਤੂ | ਮ | ਨ |
| ਪ- | - | ਪ- | - | - | - | - | ਪ- | ਪ | ਪ | ਪ | ਧ |
| ਤੋ | ऽ | ਰਹੁ | ऽ | ऽ | ऽ | ऽ | ਤਉ | ਹ | ਮ | ਨ | ਹੀ |
| ਮ | - | ਰੇ- | - | - | - | - | - | ਰੇ | ਮ | ਪ- | ਨੀ |
| ਤੋ | ऽ | ਰਹਿ | ऽ | ऽ | ऽ | ऽ | ऽ | ਤੂ | ਮ | ਸਿਉ | ऽ |
| ਨੀ | - | ਸ | ਨੀ | - | - | - | ਨੀ | ਨੀ | ਨੀ | ਸਂ- | ਰੇਂ |
| ਤੋ | ऽ | ऽ | ਰਿ | ऽ | ऽ | ऽ | ਕ | ਵ | ਨ | ਸਿਉ | ऽ |
| ਨੀ | ਸਂ | ਸਂ- | - | - | - | ਸਂ | - | ਪ | | | |
| ਜੋ | ऽ | ਰਹਿ | ऽ | ऽ | ऽ | ऽ | ऽ | ऽ | | | |
| *ਅੰਤਰਾ* | | | | | | | | ਰੇ- | - | ਮ | ਮ |
| | | | | | | | | ਜਉ | ऽ | ਤੁ | ਮ |
| ਪ | ਪ | ਪ | ਪ | - | - | - | - | ਪ- | - | ਪ | ਧ |
| ਗਿ | ਰਿ | ਵ | ਰ | ऽ | ऽ | ऽ | ऽ | ਤਉ | ऽ | ਹ | ਮ |
| ਮ | - | ਮ ਗ | ਰੇ | - | - | - | - | ਰੇ- | - | ਮ | ਪ |
| ਮੋ | ऽ | ਰਾ | ऽ | ऽ | ऽ | ऽ | ऽ | ਜਉ | ऽ | ਤੁ | ਮ |
| ਨੀ | ਸਂ | ਨੀ- | - | ਨੀ | ਨੀ | - | - | ਨੀ- | - | ਸਂ | ਰੇਂ |
| ਚੰ | ਦ | ਤਉ | ऽ | ਹ | ਮ | ऽ | ऽ | ਭਏ | ऽ | ਹੈ | ਚ |
| ਨੀ | ਸਂ | ਸਂ | - | - | - | ਸਂ | - | ਪ | | | |
| ਕੋ | ऽ | ਰਾ | ऽ | ऽ | ऽ | ऽ | ऽ | ऽ * | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੬. ਧਨਾਸਰੀ

ਧਨਾਸਰੀ ਗੁਰਮਤਿ ਸੰਗੀਤ ਪਰੰਪਰਾ ਦਾ ਵਿਸ਼ੇਸ਼ ਦਾ ਲੋਕਪ੍ਰਿਯ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਅਧੀਨ ਮਹਲਾ ੧, ੩, ੪, ੫ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤਰਲੋਚਨ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ ਅਤੇ ਭਗਤ ਧੰਨਾ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਸਬੰਧੀ ਗੁਰ ਫੁਰਮਾਨ ਹੈ:

*ਧਨਾਸਰੀ ਧਨਵੰਤੀ ਜਾਣੀਐ ਭਾਈ*
*ਜਾਂ ਸਤਿਗੁਰ ਕੀ ਕਾਰ ਕਮਾਇ*

***(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੯)***

ਧਨਾਸਰੀ ਉੱਤਰੀ ਭਾਰਤ ਲੋਕ ਸੰਗੀਤ ਵਿਸ਼ੇਸ਼ ਕਰ ਪੰਜਾਬੀ ਲੋਕ ਸੰਗੀਤ ਪਰੰਪਰਾ ਵਿਚੋਂ ਵਿਕਸਤ ਇਕ ਮਧੁਰ ਰਾਗ ਹੈ ਜਿਸ ਦਾ ਪ੍ਰਚਲਨ ਵਰਤਮਾਨ ਸ਼ਾਸਤਰੀ ਸੰਗੀਤ ਵਿਚ ਵਿਸ਼ੇਸ਼ ਰਾਗ ਵਜੋਂ ਹੈ। ਭਾਰਤੀ ਸੰਗੀਤ ਦੇ ਕੁਝ ਪੁਰਾਣੇ ਕਲਾਕਾਰ ਧਨਾਸਰੀ ਤੋਂ ਭਾਵ ਪੂਰਵੀ ਥਾਟ ਦੀ ਪੂਰੀਆ ਧਨਾਸਰੀ ਤੋਂ ਹੀ ਲੈਂਦੇ ਹਨ ਪਰ ਗੁਰਮਤਿ ਸੰਗੀਤ ਵਿਚ ਧਨਾਸਰੀ ਦਾ ਇਹੋ ਸਰੂਪ ਪ੍ਰਚਾਰ ਵਿਚ ਹੈ। ਇਸ ਰਾਗ ਵਿਚ ਗੰਧਾਰ ਨਿਸ਼ਾਦ ਕੋਮਲ ਹਨ ਅਤੇ ਆਰੋਹ ਵਿਚ ਰਿਸ਼ਭ ਤੇ ਧੈਵਤ ਵਰਜਿਤ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਥਾਟ ਕਾਫੀ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ ਹੈ।**

| | | |
|---|---|---|
| **ਆਰੋਹ** | : | ਸ ਗੁ, ਮ ਪ, ਨੁੀ ਸਂ। |
| **ਅਵਰੋਹ** | : | ਸਂ ਨੁੀ ਧ ਪ, ਮ ਪ ਗੁ, ਰੇ ਸ। |
| **ਮੁੱਖ ਅੰਗ** | : | ਨੁੀ ਸ ਗੁ, ਮ ਪ, ਨੁੀ ਧ ਪ, ਮ ਪ ਗੁ, ਰੇ ਸ। |
| **ਸੁਰ ਵਿਸਥਾਰ** | : | ੧. ਸ, ਨੁੀ ਸ, ਨੁੀ ਸ ਗੁ, ਰੇ ਸ, ਨੁੀ ਧ਼ ਪ਼, ਪ਼ ਨੁੀ ਸ, ਨੁੀ ਸ ਗੁ, ਮ ਗ ਮ ਪ ਗੁ, ਗੁ ਮ ਪ ਗੁ, ਗੁ ਰੇ ਸ। |
| | | ੨. ਗੁ ਮ ਪ ਗੁ, ਮ ਪ, ਨੁੀ ਧ ਪ, ਪ ਨੁੀ ਸਂ, ਨੁੀ ਸਂ ਗੁਂ, ਰੇਂ ਸਂ, ਗੁਂ ਮਂ ਪਂ ਗੁਂ, ਰੇਂ ਸਂ, ਨੁੀ ਸਂ ਨੁੀ ਧ ਪ, ਮ ਪ ਗੁ, ਮ ਗੁ, ਰੇ ਸ। |

# ਧਨਾਸਰੀ ਮਹਲਾ ੧ ਆਰਤੀ

## ੧ੴ ਸਤਿਗੁਰ ਪ੍ਰਸਾਦਿ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ[੧] ਮੰਡਲ[੨] ਜਨਕ[੩] ਮੋਤੀ॥
ਧੂਪੁ ਮਲਆਨਲੋ[੪] ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ [੫]ਭਵ ਖੰਡਨਾ ਤੇਰੀ ਆਰਤੀ॥ [੬]ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
[੭]ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ[੮]॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥
[੯]ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥
[੧੦]ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥
[੧੧]ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥੪॥੧॥੭॥੯॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੩)*

---

੧. ਤਾਰਕਾ=ਤਾਰੇ।
੨. ਭਵਨ, ਸਮੂਹ।
੩. ਮਾਨੋ ਜਿਵੇਂ ਕਿ।
੪. ਮਲਯਾਨਿਲ, ਮਲਯ ਨੂੰ ਛੂਹ ਕੇ ਆਈ ਵਹਾ। 'ਮਲਯ' ਮਦਰਾਸ ਦੇ ਕੋਲ ਇਕ ਪਹਾੜ ਹੈ, ਜਿਸ ਉਤੇ ਚੰਦਨ ਹੁੰਦਾ ਹੈ।
੫. ਸੰਸਾਰ ਭਾਵ ਜਨਮ ਮਰਨ ਦੇ ਕੱਟਣ ਵਾਲੇ।
੬. ਅਨਾਹਤ ਸ਼ਬਦ, ਉਹ ਸ਼ਬਦ ਜੋ ਬਿਨਾਂ ਵਜਾਏ ਵਜਦਾ ਹੈ; ਉਹ ਸੰਗੀਤ ਜੋ ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਆਤਮਾ ਦੇ ਅੰਦਰ ਅਨੁਭਵ ਹੁੰਦਾ ਹੈ।
੭. ਸਹਸ=ਹਜ਼ਾਰ । ਨਨ=ਨਹੀਂ । ਤੇਰੇ ਹਜ਼ਾਰ ਨੇਤ੍ਰ ਹਨ, ਪਰ ਤੇਰਾ (ਸਰੀਰਕ) ਨੇਤ੍ਰ ਕੋਈ ਨਹੀਂ । ਤੇਰੇ ਹਜ਼ਾਰ ਰੂਪ ਹਨ, ਪਰ ਤੇਰਾ ਸਰੀਰਕ ਰੂਪ ਕੋਈ ਨਹੀਂ । ਤੇਰੇ ਹਜ਼ਾਰ ਪਵਿੱਤਰ ਚਰਨ ਹਨ, ਪਰ ਅਸਲ ਵਿੱਚ ਇਕ ਵੀ ਤੇਰਾ ਪੈਰ ਨਹੀ । ਤੂੰ ਨੱਕ ਤੋਂ ਬਿਨਾਂ ਹੈਂ ਭਾਵੇਂ ਤੇਰੇ ਹਜ਼ਾਰ ਨੱਕ ਹਨ । ਤੇਰੀਆਂ ਇਹ ਹੈਰਾਨ ਕਰਨ ਵਾਲੀਆਂ ਗੱਲਾਂ ਵੇਖ ਕੇ ਮੈਂ ਮੋਹੀ ਗਈ ਹਾਂ। ਗੰਧ=ਮੁਸ਼ਕ ਲੈਣ ਵਾਲੀ ਇੰਦਰੀ, ਨੱਕ ।
੮. ਓਹ ਹਰੀ ।
੧੦. ਗੁਰੂ ਦੀ ਸਿੱਖਿਆ ਨਾਲ ਇਹ ਜੋਤ ਦਿਸਦੀ ਹੈ । ਆਰਤੀ ਉਹ ਹੈ ਜੋ ਉਸ ਹਰੀ ਚੰਗੀ ਲੱਗੇ ।
੧੧. ਆਪਣੀ ਕਿਰਪਾ ਦਾ ਜਲ ਨਾਨਕ ਪਪੀਹੇ ਦੇਹ, ਜਿਸ ਕਰ ਕੇ ਤੇਰੇ ਨਾਮ ਵਿੱਚ ਵਾਸਾ ਹੋ ਜਾਏ । ਪ੍ਰੀਤੀ ਹੋ ਜਾਏ । ਸਾਰਿੰਗ =ਪਪੀਹਾ, ਚਾਤ੍ਰਿਕ ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੬੬੩

## ਰਾਗ ਧਨਾਸਰੀ ਮਹਲਾ ੧ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | | | ਨੀ | ਸ | ਗੁਮ | ਪ | ਮ |
| | | | | | | | | | | | ਕੈ | ਸੀ | ਆऽ | ऽ | ਰ |
| ਪ | - | - | ਮ | ਪ | ਨੀ | ਧ | ਪ | ਗੁ | ਰੇ | ਸ | - | ਮ | ਮ | ਮ | ਮ |
| ਤੀ | ऽ | ऽ | ऽ | ऽ | ऽ | ऽ | ऽ | ਹੋ | ऽ | ਇ | ऽ | ਭ | ਵ | ਖੰ | ਡ |
| ਮ | ਗੁਰੇ | - | - | ਸ | ਗੁ | ਮ | ਪ | ਗੁ | ਰੇ | ਸ | - | ਪ | ਪ | ਪ | ਮ |
| ਨਾ | ऽऽ | ऽ | ऽ | ਤੇ | ऽ | ਰੀ | ਆ | ऽ | ਰ | ਤੀ | ऽ | ਅ | ਨ | ਹ | ਤਾ |
| ਪ | ਨੀ | ਧ | ਪ | ਮ | ਗੁ | ਰੇ | - | ਸ | - | - | | | | | |
| ਸ | ਬ | ਦ | ਵਾ | ਜੰ | ਤ | ਭੇ | ऽ | ਰੀ | ऽ | ऽ | | | | | |
| *ਅੰਤਰਾ* | | | | | | | | | | | | ਪ | ਪ | ਪ | ਪ |
| | | | | | | | | | | | | ਗ | ਗ | ਨ | ਮੈ |
| ਪਮ | ਧਪ | ਗੁ | ਮ | ਪ | ਪ | ਨੀ | - | ਸਂ | ਸਂ | ਸਂ | ਸਂ | - | ਨੀ | ਸਂ | ਗੁਂ |
| ਥਾऽ | ਲੁऽ | ਰ | ਵਿ | ਚੰ | ਦੁ | ਦੀ | ऽ | ਪ | ਕ | ਬ | ਨੇ | ऽ | ਤਾ | ਰਿ | ਕਾ |
| ਰੇਂ | - | ਸਂ | ਸਂ | ਨੀਨੀ | ਨੀ | ਸਂ | ਨੀ | ਧ | - | ਪ | - | ਪ | ਪ | ਪ | ਪ |
| ਮੰ | ऽ | ਡ | ਲ | ਜਨ | ਕ | ਮੋ | ऽ | ਤੀ | ऽ | ऽ | ऽ | ਧੂ | ਪੁ | ਮ | ਲ |
| ਪਮ | ਧਪ | ਗੁ | ਮ | ਪਪ | ਪ | ਨੀ | ਨੀ | ਸਂ | - | ਸਂ | ਸਂ | ਨੀ | ਨੀਨੀ | ਸਂ | ਗੁਂ |
| ਆऽ | ऽਨ | ਲੋ | ऽ | ਪਵ | ਣੁ | ਚ | ਵ | ਰੋ | ऽ | ਕ | ਰੇ | ਸ | ਗਲ | ਬ | ਨ |
| ਰੇਂ | - | ਸਂ | ਸਂ | ਨੀ | ਨੀ | ਧਪ | ਮ | ਧ | ਪ | - | - | ਗੁ | ਮਮ | ਪ | ਨੀ |
| ਰਾ | ऽ | ਇ | ਫੂ | ਲੰ | ਤ | ਜੋऽ | ऽ | ਤੀ | ऽ | ऽ | ऽ | ਸ | ਗਲ | ਬ | ਨ |
| ਸਂ | - | ਸਂ | ਸਂ | ਨੀ | ਧ | ਪ | ਮ | ਗੁ | ਰੇ | ਸ | | | | | |
| ਰਾ | ऽ | ਇ | ਫੂ | ਲੰ | ਤ | ਜੋ | ऽ | ਤੀ | ऽ | ऽ* | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੭. ਜੈਤਸਰੀ

ਜੈਤਸਰੀ ਭਾਰਤੀ ਸੰਗੀਤ ਦਾ ਪੁਰਾਤਨ, ਅਸਾਧਾਰਣ, ਅਤੇ ਕਠਿਨ ਰਾਗ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਉਚਾਰੀ ਹੈ। ਜੈਤਸਰੀ ਦੇ ਸਰੂਪ ਬਾਰੇ ਸੰਗੀਤਾਚਾਰੀਆਂ ਦੇ ਕਈ ਮੱਤ ਪਾਏ ਜਾਂਦੇ ਹਨ ਅਤੇ ਇਸ ਰਾਗ ਵਿਚ ਤੀਵਰ ਧੈਵਤ ਦੀ ਵਰਤੋਂ ਕਰਦਿਆਂ ਮਾਰਵਾ ਮੇਲ ਦੇ ਅੰਤਰਗਤ, ਪੂਰਬੀ ਥਾਟ ਦੇ ਅੰਤਰਗਤ ਧੈਵਤ ਸਹਿਤ ਅਤੇ ਪੂਰਬੀ ਥਾਟ ਦੇ ਅੰਤਰਗਤ ਹੀ ਧੈਵਤ ਵਰਜਿਤ ਕਰਕੇ ਵਿਭਿੰਨ ਸਰੂਪਾਂ ਦਾ ਨਿਰਧਾਰਣ ਕੀਤਾ ਜਾਂਦਾ ਹੈ ਪਰੰਤੂ ਵਰਤਮਾਨ ਸਰਬ ਪ੍ਰਵਾਨਿਤ ਮੱਤ *ਸੰਗੀਤ ਪਾਰਿਜਾਤ* ਗ੍ਰੰਥ ਦੇ ਕਰਤਾ ਪੰਡਤ ਅਹੋਬਲ ਦੀ ਵਿਆਖਿਆ ਦਾ ਧਾਰਨੀ ਹੈ ਜਿਸ ਅਨੁਸਾਰ ਜੈਤਸਰੀ ਰਾਗ ਵਿਚ ਰਿਸ਼ਭ ਧੈਵਤ ਕੋਮਲ, ਗੰਧਾਰ, ਮਧਿਅਮ, ਨਿਸ਼ਾਦ ਤੀਵਰ ਅਤੇ ਆਰੋਹ ਵਿਚ ਰਿਸ਼ਭ ਧੈਵਤ ਵਰਜਿਤ ਕੀਤੇ ਜਾਂਦੇ ਹਨ। ਵਰਤਮਾਨ ਸਮੇਂ ਵਿਦਵਾਨ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਵਰਗੀਕ੍ਰਿਤ ਕਰਦਿਆਂ ਪੰਚਮ ਸੁਰ ਉਤੇ ਵਿਸ਼ੇਸ਼ ਨਿਆਸ ਅਤੇ *ਸ ਗ ਗ ਪ* ਦੁਆਰਾ ਨਿਕਟਵਰਤੀ ਰਾਗ ਪੂਰੀਆ ਧਨਾਸਰੀ ਤੋਂ ਅਲੱਗ ਕਰਕੇ ਸਰੂਪ ਨਿਖਾਰਦੇ ਹਨ। ਸੰਧਿਆ ਸਮੇਂ ਦਾ ਇਹ ਰਾਗ ਜਟਿਲ ਪਰੰਤੂ ਮਧੁਰ ਰਾਗ ਹੈ। ਜੈਤਸਰੀ ਰਾਗ ਵਿਚ ਕੋਮਲ ਰਿਸ਼ਭ, ਕੋਮਲ ਧੈਵਤ ਅਤੇ ਬਾਕੀ ਸੁਰ ਸ਼ੁਧ ਤੀਵਰ ਮਧਿਅਮ ਪ੍ਰਯੋਗ ਹੁੰਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ, ਧੈਵਤ ਵਰਜਿਤ ਹਨ। ਇਸ ਦਾ **ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਪੂਰਵੀ, ਸਮਾਂ ਦਿਨ ਦਾ ਚੌਥਾ ਪਹਿਰ** ਅਤੇ **ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਗ, ਮ॑ ਪ, ਨੀ ਸਂ।

**ਅਵਰੋਹ** : ਸਂ ਨੀ ਧੁ॒ ਪ, ਮ॑ ਗ, ਰੇ॒ ਸ।

**ਮੁੱਖ ਅੰਗ** : ਸ, ਗ, ਪ, ਮ॑ ਧੁ॒ ਪ, ਮ॑ ਗ, ਮ॑ ਗ, ਰੇ॒ ਸ।

**ਸੁਰ ਵਿਸਥਾਰ** :

੧. ਸ, ਨ਼ੀ ਸ, ਗ, ਰੇ॒ ਸ, ਨ਼ੀ ਧੁ॒ ਪ਼, ਮ਼॑ ਪ਼ ਨ਼ੀ ਸ,
ਨ਼ੀ ਸ ਗ, ਮ॑ ਪ, ਮ॑ ਧੁ॒ ਪ, ਮ॑ ਗ, ਧੁ॒ ਪ ਮ॑ ਗ,
ਮ॑ ਗ ਰੇ॒ ਸ।

੨. ਸ ਗ, ਮ॑ ਪ, ਮ॑ ਧੁ॒ ਪ, ਮ॑ ਪ ਨੀ ਧੁ॒ ਪ, ਮ॑ ਪ ਨੀ
ਸਂ, ਸਂ ਰੇ॒ਂ ਸਂ, ਨੀ ਸਂ ਗਂ, ਸਂ ਗਂ ਮ॑ਂ ਪਂ, ਮ॑ਂ ਗਂ,
ਰੇ॒ਂ ਸਂ, ਨੀ ਸਂ ਰੇ॒ਂ ਨੀ ਧੁ॒ ਪ, ਮ॑ ਗ ਪ, ਮ॑ ਧੁ॒ ਪ
ਮ॑ ਗ, ਮ॑ ਗ, ਰੇ॒ ਸ।

# ਜੈਤਸਰੀ ਮਹਲਾ ੫ ॥

ਲੋੜੀਦੜਾ[1] ਸਾਜਨੁ ਮੇਰਾ॥
ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ॥੧॥ਰਹਾਉ॥
ਸੂਖਿ[2] ਅਰਾਧਨੁ[3] ਦੂਖਿ[4] ਅਰਾਧਨੁ ਬਿਸਰੈ ਨ [5]ਕਾਹੂ ਬੇਰਾ॥
ਨਾਮੁ ਜਪਤ [6]ਕੋਟਿ ਸੂਰ ਉਜਾਰਾ ਬਿਨਸੈ [7]ਭਰਮੁ ਅੰਧੇਰਾ॥੧॥
[8]ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ॥
ਸੰਤਸੰਗਿ ਪਾਵੈ ਜੋ ਨਾਨਕ [9]ਤਿਸੁ ਬਹੁਰਿ ਨ ਹੋਈ ਹੈ ਫੇਰਾ॥੨॥੩॥੪॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੦੦)*

---

੧. ਮੇਰਾ ਸਜਨ ਹਰੀ ਸਦਾ ਮਨੂ ਲੋੜੀਦਾ ਹੈ, ਪਿਆਰਾ ਹੈ, ਉਸ ਦੀ ਮੈਨੂੰ ਅਤਿ ਚਾਹ ਹੈ। ਘਰ ਘਰ ਵਿੱਚ ਉਸ ਦੇ ਚੰਗੇ ਅਨੰਦ ਦੇ (ਗੀਤ) ਗਾਓ। ਸਭ ਥਾਂ, ਸਭ ਹਿਰਦਿਆਂ ਵਿੱਚ, ਉਸ ਦਾ ਵਾਸਾ ਹੈ।
੨. ਸੁਖ ਵਿੱਚ।
੩. ਸਿਮਰਨਾ।
੪. ਦੁੱਖ ਵਿੱਚ।
੫. ਕਿਸ ਵੇਲੇ।
੬. ਕ੍ਰੋੜ ਸੂਰਜਾਂ ਦਾ ਚਾਨਣਾ ਹੁੰਦਾ ਹੈ।
੭. ਅਗਿਆਨ ਰੂਪ ਹਨੇਰਾ।
੮. ਥਾਵਾਂ ਅਤੇ ਥਾਵਾਂ ਦੇ ਵਿਚਕਾਰ, ਭਾਵ ਸਭ ਜਗ੍ਹਾ ਜੋ (ਜੀਵ ਜੰਤ) ਦਿਸਦਾ ਹੈ ਸਭ ਤੇਰਾ ਹੈ।
੯. ਉਸ ਨੂੰ ਫੇਰ ਜਗਤ ਵਿੱਚ ਜੰਮਣਾ ਨਹੀਂ ਪੈਂਦਾ, ਜਨਮ-ਮਰਨ ਮੁੱਕ ਜਾਂਦਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ ੭੦੦।

## ਰਾਗ ਜੈਤਸਰੀ ਮਹਲਾ ੫ ਤਿੰਨ ਤਾਲ

| × | 2 | 0 | 3 |
|---|---|---|---|
| *ਸਥਾਈ* | | ਸ ਪ ਪ ਪ | ਮ॑ ਧੁ ਪ ਪ |
| | | ਲੋ ੜੀ ਦ ੜਾ | ਸਾ ऽ ਜ ਨੁ |
| ਮ॑ ਗ ਮ॑ ਗ | ਰੇ - ਸ - | ਮ॑ ਗ ਮ॑ ਗ | ਰੇ - ਸ ਸ |
| ਮੇ ऽ ऽ ऽ | ਰਾ ऽ ऽ ऽ | ਘ ਰਿ ਘ ਰਿ | ਮੈਂ ऽ ਗ ਲ |
| ਗ - ਪ- - | ਮ॑ ਧੁ ਪ - | ਮ॑ ਧੁ ਨੀ ਸਂ | ਨੀ ਧੁ- ਪ ਪ |
| ਗਾ ऽ ਵਹੁ ऽ | ਨੀ ऽ ਕੇ ऽ | ਘ ਟਿ ਘ ਟਿ | ਤਿ ਸਹਿ ऽ ਬ |
| ਮ॑ ਗ ਮ॑ ਗ | ਰੇ - ਸ - | | |
| ਸੋ ऽ ऽ ऽ | ਰਾ ऽ ऽ ऽ | | |
| *ਅੰਤਰਾ* | | ਪ ਧੁ ਪ ਧੁ | ਪਧੁ ਨੀਸਂ ਸਂ ਸਂ |
| | | ਸੁ ऽ ਖਿ ਅ | ਰਾऽ ऽऽ ਧ ਨੁ |
| ਸਂ - ਸਂ ਸਂ | ਰੇਂ - ਸਂ ਸਂ | ਰੇਂ ਰੇਂ ਰੇਂ ਰੇਂ | ਰੇਂ - ਰੇਂ - |
| ਦੂ ऽ ਖਿ ਅ | ਰਾ ऽ ਧ ਨੁ | ਬਿ ਸ ਰੈ ਨ | ਕਾ ऽ ਹੂ ऽ |
| ਰੇਂਨੀ ਧੁਨੀਰੇਂ ਨੀ | ਧੁ - ਪ - | ਸਂ ਨੀ ਧੁ ਪ | ਪ ਪ ਪ ਪ |
| ਬੇऽ ऽऽ ऽ ऽ | ਰਾ ऽ ऽ ऽ | ਨਾ ऽ ਮੁ ਜ | ਪ ਤ ਕੋ ਟਿ |
| ਮ॑ ਗ ਮ॑ ਗ | ਰੇ - ਸ - | ਮ॑ ਧੁ ਨੀ ਸਂ | ਨੀ ਧੁ ਪ ਪ |
| ਸੁ ਰ ਉ ऽ | ਜਾ ऽ ਰਾ ऽ | ਬਿ ਨ ਸੈ ऽ | ਭ ਰ ਮੁ ਅੰ |
| ਮ॑ ਗ ਮ॑ ਗ | ਰੇ - ਸ - | | |
| ਧੋ ऽ ऽ ऽ | ਰਾ ऽ ऽ ऽ* | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੮. ਟੋਡੀ

ਭਾਰਤੀ ਸੰਗੀਤ ਵਿਚ ਤੋੜੀ ਦੇ ਨਾਮ ਨਾਲ ਪ੍ਰਚਲਿਤ ਰਾਗ ਟੋਡੀ, ਗੁਰਮਤਿ ਸੰਗੀਤ ਵਿਚ ਪ੍ਰਚਲਿਤ ਮਧੁਰ ਰਾਗ ਹੈ। ਰਾਗਾਂਗ ਰਾਗ ਹੋਣ ਕਰਕੇ ਇਸ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ। ਉਤਰੀ ਭਾਰਤੀ ਸੰਗੀਤ ਪੱਧਤੀ ਦੇ ਦਸਾਂ ਥਾਟਾਂ ਵਿਚੋਂ ਇਹ ਰਾਗ ਤੋੜੀ ਥਾਟ ਦਾ ਆਸ਼ਰਯ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟੋਡੀ ਰਾਗ ਅਧੀਨ ਮਹਲਾ ੪, ੫, ੯ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਰਿਸ਼ਭ, ਗੰਧਾਰ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਸ ਦਾ ਵਾਦੀ ਧੈਵਤ, ਸੰਵਾਦੀ ਗੰਧਾਰ, ਥਾਟ ਤੋੜੀ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ ਹੈ।

**ਆਰੋਹ** : ਸ ਰੇ̱ ਗ̱, ਮ॑ ਪ ਮ॑ ਧ̱, ਨੀ ਸ̇।

**ਅਵਰੋਹ** : ਸ̇ ਨੀ ਧ̱, ਪ, ਮ॑ ਗ̱, ਰੇ̱ ਸ।

**ਮੁੱਖ ਅੰਗ** : ਧ̱̣ ਨ̣ੀ ਸ, ਰੇ̱ ਗ̱, ਮ॑ ਗ̱ ਰੇ̱ ਗ̱, ਰੇ̱ ਸ।

**ਸੁਰ ਵਿਸਥਾਰ** : ੧. ਸ, ਧ̱̣ ਨ̣ੀ ਸ ਰੇ̱ ਗ̱, ਰੇ̱ ਗ̱, ਰੇ̱ ਸ, ਨ̣ੀ ਸ ਰੇ̱
ਸ ਧ̱̣, ਮ̣॑ ਧ̱̣ ਨ̣ੀ ਧ̱̣, ਨ̣ੀ ਸ, ਰੇ̱ ਗ̱ ਮ॑ ਰੇ̱ ਗ̱,
ਰੇ̱ ਗ̱ ਮ॑ ਧ̱ ਪ, ਮ॑ ਧ̱ ਮ॑ ਗ̱, ਰੇ̱ ਗ̱ ਰੇ̱ ਸ।

੨. ਰੇ̱ ਗ ਮ॑ ਧ̱ ਪ, ਮ॑ ਗ̱ ਮ॑ ਧ̱ ਨੀ ਧ̱ ਪ, ਮ॑ ਧ̱ ਨੀ
ਸ̇, ਧ̱ ਨੀ ਸ̇ ਰੇ̱̇ ਗ̱̇, ਰੇ̱̇ ਗ̱̇ ਮ॑̇ ਗ̱̇, ਰੇ̱̇ ਗ̱̇ ਰੇ̱̇
ਸ̇, ਰੇ̱̇ ਨੀ ਧ̱, ਪ, ਮ॑ ਧ̱ ਮ॑ ਗ̱, ਰੇ̱ ਗ̱ ਰੇ̱ ਸ।

# ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

## ਰਾਗੁ ਟੋਡੀ ਮਹਲਾ ੪ ਘਰੁ ੧ ॥

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ।
ਮੇਰੇ ਪ੍ਰੀਤਮ ਪ੍ਰਾਨ [੧]ਹਰਿ ਪ੍ਰਭੁ ਗੁਰੁ ਮੇਲੇ [੨]ਬਹੁਰਿ ਨ ਭਵਜਲਿ ਫੇਰਾ।੧।ਰਹਾਉ॥
ਮੇਰੈ ਹੀਅਰੈ[੩] ਲੋਚ[੪] ਲਗੀ ਪ੍ਰਭ ਕੇਰੀ[੫] ਹਰਿ [੬]ਨੈਨਹੁ ਹਰਿ ਪ੍ਰਭੁ ਹੇਰਾ।
ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ[੭] ਹਰਿ ਪਾਧਰੁ[੮] ਹਰਿ ਪ੍ਰਭ ਕੇਰਾ।੧॥
ਹਰਿ ਰੰਗੀ[੯] ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ।
ਹਰਿ ਹਿਰਦੈ[੧੦] ਮਨਿ ਤਨਿ ਮੀਠਾ ਲਾਗਾ [੧੧]ਮੁਖਿ ਮਸਤਕਿ ਭਾਗੁ ਚੰਗੇਰਾ।੨॥
[੧੨]ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ।
ਓਇ ਮਨਮੁਖ[੧੩] ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ[੧੪]॥੩॥
ਬਿਬੇਕ[੧੫] ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ।
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ[੧੬]॥੪॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੧)*

---

੧. ਗੁਰੂ ਮਿਲਾ ਦੇਵੇ ਹਰੀ-ਪ੍ਰਭੂ ਨੂੰ, ਤਾਂ।
੨. ਫੇਰ ਸੰਸਾਰ ਸਮੁੰਦਰ ਵਿੱਚ ਨਹੀ ਆਉਣਾ ਪੈਂਦਾ, ਜਨਮ ਨਹੀਂ ਲੈਣਾ ਪੈਂਦਾ।
੩. ਮਨ ਵਿੱਚ।
੪. ਇੱਛਿਆ, ਮੰਗ, ਤਾਂਘ।
੫. ਕੀ, ਦੀ।
੬. ਅੱਖਾਂ ਨਾਲ ਹਰੀ ਨੂੰ ਦੇਖਿਆ।
੭. ਪੱਕਾ ਕਰਾਇਆ।
੮. ਰਸਤਾ। (ਨਾਮ) ਜੋ ਹਰੀ ਮਾਲਕ ਦਾ ਰਸਤਾ ਹੈ, ਜੋ ਹਰੀ ਤਕ ਪੁਚਾਣ ਦਾ ਵਸੀਲਾ ਹੈ।
੯. ਰੰਗੀਲੇ (ਹਰੀ ਦਾ ਨਾਮ)।
੧੦. ਮਨ ਵਿੱਚ ਤਨ ਵਿੱਚ।
੧੧. ਮੂੰਹ ਮੱਥੇ ਉਤੇ ਚੰਗਾ ਭਾਗ ਲਿਖਿਆ ਹੋਇਆ ਸੀ।
੧੨. ਵਿਗਾੜ (ਖਰਾਬੀ) ਕਰਨ ਵਾਲਾ ਲੋਭ ਜਿਨ੍ਹਾਂ ਦੇ ਮਨ ਨੂੰ ਲੱਗਾ ਹੈ, ਓਹਨਾਂ ਨੂੰ ਚੰਗਾ ਪੁਰਖ ਹਰੀ ਭੁਲ ਗਿਆ ਹੈ।
੧੩. ਆਪ-ਹੁਦਰੇ।
੧੪. ਮੰਦਾ, ਭੈੜਾ।
੧੫. ਚੰਗੇ ਮੰਦੇ ਦੀ ਪਰਖ ਕਰਨ ਵਾਲੀ ਮੱਤ।
੧੬. ਲਿਖਿਆ ਹੋਇਆ ਸੀ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ ੭੧੧।

## ਰਾਗ ਟੋਡੀ ਮਹਲਾ ੪ ਦੀਪਚੰਦੀ ਤਾਲ

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | ਧੁ | ਧੁ | ਗੁ | ਮੰ |
| | | | | | | | | | | ਹ | ਰਿ | ਬਿ | ਨੁ |
| ਧੁ- | - | - | - | - | ਧੁ | ਮੰ | ਗੁ | - | - | ਰੇ | - | ਗੁ | ਰੇ |
| ਰਹਿ | ऽ | ऽ | ऽ | ऽ | ਨ | ਸ | ਕੈ | ऽ | ऽ | ਮ | ऽ | ਨੁ | ऽ |
| ਸ | - | ਨ਼ੀ | ਸ | - | - | - | - | - | ਸਸ | ਨ਼ੀਧੁ | - | ਧੁ | ਧੁ |
| ਮੇ | ऽ | ऽ | ਰਾ | ऽ | ऽ | ऽ | ऽ | ऽ | ਮੇਰੇ | ਪ੍ਰੀ | ऽ | ਤ | ਮ |
| ਨ਼ੀਸਂ | - | - | ਸ | - | - | - | - | - | ਸਸ | ਸ | ਰੇ | ਗੁ | ਮੰ |
| ਪ੍ਰਾ | ऽ | ऽ | ਨ | ऽ | ऽ | ऽ | ऽ | ऽ | ਹਰਿ | ਪ੍ਰ | ਭੁ | ਗੁ | ਰੁ |
| ਧੁ | - | - | ਪ | - | - | - | - | - | - | - | - | - | - |
| ਮੇ | ऽ | ऽ | ਲੇ | ऽ | ऽ | ऽ | ऽ | ऽ | ऽ | ऽ | ऽ | ऽ | ऽ |
| - | - | - | ਸਂ | ਨੀ | ਧੁ | ਪ | ਪ | ਪ | - | ਮੰ | - | ਮੰ | - |
| ऽ | ऽ | ऽ | ਬ | ਹੁ | ਰਿ | ਨ | ਭ | ਵ | ऽ | ਜ | ऽ | ਲਿ | ऽ |
| ਧੁ | - | - | ਮੰ | ਗੁ | ਰੇ | ਗੁ | ਰੇ | ਸ | - | | | | |
| ਫੇ | ऽ | ऽ | ऽ | ऽ | ऽ | ऽ | ਰਾ | ऽ | ऽ | | | | |
| ***ਅੰਤਰਾ*** | | | | | | | | | ਧੁਧੁ | ਮੰ- | - | ਧੁ | - |
| | | | | | | | | | ਮੇਰੈ | ਹੀਅ | ऽ | ਰੈ | ऽ |
| ਸਂ | - | - | ਸਂ | - | - | - | - | - | ਸਂ | ਸਂ | - | ਰੇਂ | ਗੁਂ |
| ਲੋ | ऽ | ऽ | ਚ | ऽ | ऽ | ऽ | ऽ | ऽ | ਲ | ਗੀ | ऽ | ਪ੍ਰ | ਭ |
| ਰੇਂ | - | - | ਸਂ | - | - | - | - | - | ਗੁਂਗੁਂ | ਗੁਂ | - | ਗੁਂ- | ਰੇਂ |
| ਕੇ | ऽ | ऽ | ਰੀ | ऽ | ऽ | ऽ | ऽ | ऽ | ਹਰਿ | ਨੈ | ऽ | ਨਹੁ | ऽ |
| ਸਂ | ਸਂ | - | ਧੁ | - | ਧੁ | - | - | - | - | ਧੁ | - | ਮੰ | ਧੁ |
| ਹ | ਰਿ | ऽ | ਪ੍ਰ | ऽ | ਭੁ | ऽ | ऽ | ऽ | ऽ | ਹੇ | ऽ | ऽ | ऽ |
| ਨੀ | - | - | ਧੁ | - | - | - | - | - | - | ਧੁ | ਧੁ | ਮੰ | ਧੁ |
| ਰਾ | ऽ | ऽ | ऽ | ऽ | ऽ | ऽ | ऽ | ऽ | ऽ | ਸ | ਤਿ | ਗੁ | ਰਿ |
| ਸਂ- | - | - | ਸਂ | - | - | - | - | - | ਸਂਸਂ | ਸਂ | - | ਰੇਂ | ਗੁਂ |
| ਦਇ | ਆ | ऽ | ਲਿ | ऽ | ऽ | ऽ | ऽ | ऽ | ਹਰਿ | ਨਾ | ऽ | ਮੁ | ਦ੍ਰਿ |
| ਰੇਂ | - | - | ਸਂ- | - | - | - | - | - | ਧੁਧੁ | ਮੰ | - | ਧੁ | ਧੁ |
| ਙਾ | ऽ | ऽ | ਇਆ | ऽ | ऽ | ऽ | ऽ | ऽ | ਹਰਿ | ਪਾ | ऽ | ਧ | ਰੁ |
| ਸਂ | ਸਂ | - | ਨੀ | ਧੁ | - | - | - | - | - | ਗੁ | - | ਮੰ | - |
| ਹ | ਰਿ | ऽ | ਪ੍ਰ | ਭ | ऽ | ऽ | ऽ | ऽ | ऽ | ਕੇ | ऽ | ऽ | ऽ |
| ਧੁ | - | - | ਮੰ | ਗੁ | ਰੇ | ਗੁ | ਰੇ | - | ਸ | | | | |
| ਰਾ | ऽ | ऽ | ऽ | ऽ | ऽ | ऽ | ऽ | ऽ | ऽ * | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੨੯. ਬੈਰਾੜੀ

ਬੈਰਾੜੀ ਪ੍ਰਾਚੀਨ ਤੇ ਪ੍ਰਸਿੱਧ ਰਾਗ ਹੈ। ਪੁਰਾਤਨ ਸੰਗੀਤ ਗ੍ਰੰਥਾਂ ਵਿਚ ਇਸਦਾ ਉਲੇਖ ਬੈਰਾੜੀ, ਵਰਾਟੀ, ਬਰਾਰੀ ਆਦਿ ਨਾਵਾਂ ਨਾਲ ਕੀਤਾ ਗਿਆ ਹੈ। ਇਹ ਰਾਗ ਦੋਵੇਂ ਸੰਗੀਤ ਪੱਧਤੀਆਂ ਵਿਚ ਪ੍ਰਚਲਿਤ ਹੈ। ਇਸ ਰਾਗ ਵਿਚ ਮਹਲਾ ੪ ਤੇ ਮਹਲਾ ੫ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੈਰਾੜੀ ਰਾਗ ਆਮ ਪ੍ਰਚਲਿਤ ਨਹੀਂ। ਇਸ ਰਾਗ ਦੇ ਗਾਇਨ ਹਿਤ ਪ੍ਰੌਢਤਾ ਤੇ ਪਰਿਪਕਤਾ ਜ਼ਰੂਰੀ ਹੈ। ਬੈਰਾੜੀ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ ਵਾਦੀ ਗੰਧਾਰ, ਸੰਵਾਦੀ ਧੈਵਤ, ਥਾਟ : ਮਾਰਵਾ, ਸਮਾਂ ਦਿਨ ਦਾ ਚੌਥਾ ਪਹਿਰ ਅਤੇ ਜਾਤੀ ਵਕਰ-ਸੰਪੂਰਣ ਹੈ।

ਆਰੋਹ : ਨ਼ੀ ਰੇ̱ ਗ ਪ, ਮ॑ ਗ, ਮ॑ ਧ ਸਂ।

ਅਵਰੋਹ : ਸਂ ਨੀ ਧ ਪ, ਮ॑ ਗ, ਪ ਗ, ਰੇ̱ ਸ।

ਮੁੱਖ ਅੰਗ : ਪ⁀ਧ ਗ, ਮ॑ ਧ, ਮ॑ ਗ, ਰੇ̱ ਗ, ਮ॑ ਗ, ਰੇ̱ ਸ।

ਸੁਰ ਵਿਸਥਾਰ : ੧. ਸ, ਨੀ ਰੇ̱ ਗ, ਰੇ̱ ਸ, ਨੀ ਧ਼ ਪ਼, ਮ਼॑ ਧ਼, ਸ, ਨ਼ੀ ਰੇ̱ ਗ, ਮ॑ ਗ, ਗ ਪ, ਪ⁀ਧ ਗ, ਮ॑ ਧ ਮ॑ ਗ, ਰੇ̱ ਗ, ਮ॑ ਗ, ਰੇ̱ ਸ।

੨. ਪ ਮ॑ ਗ, ਪ ਧ ਪ, ਮ॑ ਧ ਸਂ, ਸਂ ਰੇ̱ਂ ਸਂ, ਨੀ ਰੇ̱ਂ ਗਂ, ਮ॑ ਗਂ ਰੇ̱ਂ ਸਂ, ਸਂ ਰੇ̱ਂ ਨੀ ਪ, ਪ ਧ ਨੀ ਪ, ਧ ਮ॑ ਗ, ਪ⁀ਧ ਗ, ਪ ਗ, ਰੇ̱ ਗ ਮ॑ ਗ, ਰੇ̱ ਸ।

# ਬੈਰਾੜੀ ਮਹਲਾ ੪ ॥

ਹਰਿ ਜਨੁ [1]ਰਾਮ ਨਾਮ ਗੁਨ ਗਾਵੈ॥

ਜੇ ਕੋਈ ਨਿੰਦ ਕਰੇ ਹਰਿ ਜਨ ਕੀ [2]ਅਪੁਨਾ ਗੁਨੁ ਨ ਗਵਾਵੈ॥੧॥ ਰਹਾਉ॥

ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ॥

ਹਰਿ ਆਪੇ ਹੀ ਮਤਿ ਦੇਵੈ ਸੁਆਮੀ [3]ਹਰਿ ਆਪੇ ਬੋਲਿ ਬੁਲਾਵੈ॥੧॥

[4]ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥

ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥੨॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੯)*

---

੧. ਰਾਮ ਨਾਮ ਦੇ ਗੁਣ ਗਾਉਂਦਾ ਹੈ।

੨. (ਤਾਂ ਭੀ ਉਹ ਹਰੀ-ਜਨ) ਆਪਣਾ ਜਸ ਗਾਉਣ ਵਾਲਾ ਸੁਭਾ ਨਹੀਂ ਛੱਡਦਾ।

੩. ਹਰੀ ਆਪ ਹੀ ਬੋਲ ਕੇ ਬੁਲਾਂਦਾ ਹੈ; ਭਾਵ ਅਸੀਂ ਜੋ ਗੁਣ ਬੋਲਦੇ ਹਾਂ, ਅਸਲ ਵਿੱਚ ਉਹ ਆਪ ਸਾਡੇ ਅੰਦਰੋਂ ਹੋ ਕੇ ਬੋਲਦਾ ਤੇ ਬੁਲਾਂਦਾ ਹੈ।

੪. ਹਰੀ ਆਪ ਹੀ ਪੰਜਾਂ ਤਤਾਂ (ਦੇ ਬਣੇ ਸੰਸਾਰ) ਨੂੰ ਖਿਲਾਰਦਾ ਹੈ; ਅਤੇ ਆਪ ਹੀ ਉਸ ਵਿੱਚ ਪੰਜ ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਪਾ ਦਿੰਦਾ ਹੈ। ਫਿਰ ਆਪੇ ਹੀ ਗੁਰੂ ਮਿਲਾ ਕੇ ਇਨ੍ਹਾਂ ਵਿਸ਼ਿਆਂ ਦੀ ਖਿਚੋਤਾਣ ਮੁਕਾ ਦਿੰਦਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ) ਪੰਨਾ ੭੧੯

**ਰਾਗ ਬੈਰਾੜੀ** | **ਮਹਲਾ ੪** | **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | | | ਪ | ਪ | ਧ | - | ਗ |
| | | | | | | | | | | | ਹ | ਰਿ | ਜ | - | ਨੁ |
| ਪ | - | ਪ | ਪ | ਮੰ | ਧ | ਮੰ | ਗ | ਮੰ | ਗ | ਰੇ̱ | ਸ | ਸ | ਰੇ̱ | ਗ | ਗ |
| ਰਾ | ऽ | ਮ | ਨਾ | ऽ | ਮ | ਗੁ | ਨ | ਗਾ | ऽ | ਵੈ | ऽ | ਜੋ | ऽ | ਕੋ | ਈ |
| ਪ | - | ਪ | ਪ | ਮੰ | - | ਧ | ਧ | ਸਂ | ਸਂ | ਸਂ | - | ਸਂ | ਨੀ | ਰੇ̱ਂ | - |
| ਨਿੰ | ऽ | ਦ | ਕ | ਰੇ | ऽ | ਹ | ਰਿ | ਜ | ਨ | ਕੀ | ऽ | ਅ | ਪੁ | ਨਾ | ऽ |
| ਨੀ | ਧ | ਪ | ਪ | ਪ | ਮੰ | ਗ | ਪ | ਗ | ਰੇ̱ | ਸ | | | | | |
| ਗੁ | ਨੁ | ਨ | ਗ | ਵਾ | ऽ | ऽ | ऽ | ਵੈ | ऽ | ऽ | | | | | |
| *ਅੰਤਰਾ* | | | | | | | | | | | | ਮੰ | - | ਧ | ਧ |
| | | | | | | | | | | | | ਜੋ | ऽ | ਕਿ | ਛੁ |
| ਸਂ | ਸਂ | - | ਸਂ | ਸਂ | - | ਸਂ | ਸਂ | ਰੇ̱ਂ- | - | ਸਂ | ਸਂਸਂ | ਨੀ | ਰੇ̱ਂ | ਗਂ | ਰੇ̱ਂ |
| ਕ | ਰੇ | ऽ | ਸੁ | ਆ | ऽ | ਪੇ | ऽ | ਸੁਆ | ऽ | ਮੀ | ਹਰਿ | ਆ | ऽ | ਪੇ | ऽ |
| ਸਂ | - | ਸਂ | ਸਂ | ਰੇ̱ਂਨੀ | ਪ | ਰੇ̱ਂ | - | ਨੀ | - | ਪ | - | ਮੰਮੰ | ਮੰ | ਧ | - |
| ਕਾ | ऽ | ਰ | ਕ | ਮਾऽ | ऽ | ऽ | ऽ | ਵੈ | ऽ | ऽ | ऽ | ਹਰਿ | ਆ | ਪੇ | ऽ |
| ਸਂ | - | ਸਂ | ਸਂ | ਸਂ | - | ਸਂ | ਨੀ | ਰੇ̱ਂ- | - | ਸਂ | - | ਨੀਨੀ | ਰੇ̱ਂ | ਗਂ | ਰੇ̱ਂ |
| ਹੀ | ऽ | ਮ | ਤਿ | ਦੇ | ऽ | ਵੈ | ऽ | ਸੁਆ | ऽ | ਮੀ | ऽ | ਹਰਿ | ਆ | ਪੇ | ऽ |
| ਸਂ | - | ਸਂ | ਸਂ | ਰੇ̱ਂਨੀ | ਧ | - | ਰੇ̱ਂ | ਨੀ | ਧ | ਪ | - | ਪਪ | ਪ | ਧ | ਗ |
| ਬੋ | ऽ | ਲਿ | ਬੁ | ਲਾ | ऽ | ऽ | ऽ | ਵੈ | ऽ | ऽ | ऽ | ਹਰਿ | ਆऽ | ਪੇ- | ऽ |
| ਪ | - | - | - | ਮੰ | ਗ | ਮੰ | ਗ | ਰੇ̱ | - | ਸ | | | | | |
| ਬੋ | ऽ | ਲਿ | ਬੁ | ਲਾ | ऽ | ऽ | ऽ | ਵੈ | ਨੋ | ऽ* | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੦. ਤਿਲੰਗ

ਰਾਗ ਤਿਲੰਗ ਪ੍ਰਸਿੱਧ ਅਤੇ ਮਨੋਹਰ ਰਾਗ ਹੈ। ਇਸ ਰਾਗ ਦਾ ਮਧੁਰ ਸੁਰਾਤਮਕ ਸਰੂਪ ਲੋਕ ਸੰਗੀਤ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਵਿਚ ਪ੍ਰਿਅ ਹੈ। ਤਿਲੰਗ ਰਾਗ ਵਿਚ ਮਹਲਾ ੧, ੪, ੫, ੯, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ। ਇਸ ਰਾਗ ਵਿਚ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਰਿਸ਼ਭ, ਧੈਵਤ ਨੂੰ ਪੂਰਨ ਰੂਪ ਵਿਚ ਵਰਜਿਤ ਕੀਤਾ ਜਾਂਦਾ ਹੈ। *ਨੀ ਪ* ਅਤੇ *ਗ ਮ ਗ* ਵਿਸ਼ੇਸ਼ ਸੁਰ ਸੰਗਤੀਆਂ ਹਨ ਜੋ ਇਸ ਰਾਗ ਦਾ ਸਰੂਪ ਸਥਾਪਤ ਕਰਨ ਵਿਚ ਸਹਾਈ ਹੁੰਦੇ ਹਨ। ਇਸ ਦਾ **ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਖਮਾਜ, ਸਮਾਂ ਦਿਨ ਦਾ ਤੀਜਾ ਪਹਿਰ** ਅਤੇ **ਜਾਤੀ ਔੜਵ-ਔੜਵ** ਹੈ।

**ਆਰੋਹ** : ਸ ਗ, ਮ ਪ, ਨੀ ਸਂ।

**ਅਵਰੋਹ** : ਸਂ ਨੁੀ ਪ, ਮ ਗ, ਸ।

**ਮੁੱਖ ਅੰਗ** : ਨ਼ੀ ਸ ਗ ਮ ਪ, ਨੁੀ ਪ, ਗ ਮ ਗ, ਸ।

**ਸੁਰ ਵਿਸਥਾਰ** :
੧. ਸ, ਨ਼ੀ ਸ, ਗ ਸ, ਨੁੀ ਪ਼, ਨ਼ੀ ਸ, ਨ਼ੀ ਸ ਗ, ਮ ਗ, ਗ ਮ ਪ ਨੁੀ ਪ, ਨੁੀ ਪ ਗ ਮ ਗ, ਮ ਪ ਮ ਗ, ਮ ਗ, ਸ।

੨. ਗ ਮ ਪ, ਨੁੀ ਪ, ਨੁੀ ਪ ਮ ਪ ਨੀ ਸਂ, ਪ ਨੀ ਸਂ ਗਂ, ਮਂ ਗਂ, ਸਂ, ਨੀ ਸਂ ਨੁੀ ਪ, ਪ ਨੁੀ ਪ ਮ ਪ ਗ ਮ ਗ, ਮ ਗ, ਸ, ਨ਼ੀ ਸ।

## ਤਿਲੰਗ ਮਹਲਾ ੯ ॥

[1]ਜਾਗ ਲੇਹੁ ਰੇ ਮਨਾ ਜਾਗ ਲੇਹੁ [2]ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥੧॥ਰਹਾਉ॥
ਮਾਤ ਪਿਤਾ [3]ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥੧॥
[4]ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥
ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ॥੨॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੬)*

---

੧. ਸੁਚੇਤ, ਖ਼ਬਰਦਾਰ ਹੋ ਜਾ।
੨. ਕਿਉਂ ਬੇਸੁਧ ਹੋ ਕੇ ਸੁੱਤਾ ਪਿਆ ਹੈਂ ? ਜਿਹੜਾ ਸ਼ਰੀਰ ਤੇਰੇ ਨਾਲ ਪੈਦਾ ਹੋਇਆ ਸੀ ਉਹ ਭੀ ਤੇਰੇ ਨਾਲ ਨਹੀਂ ਜਾਂਦਾ।
੩. ਪੁੱਤਰ ਅਤੇ ਰਿਸ਼ਤੇਦਾਰ ਜਿਨ੍ਹਾਂ ਨਾਲ ਪ੍ਰੇਮ ਲਾਇਆ ਹੈ, ਓਹ ਜਦੋਂ ਤੇਰੇ ਪ੍ਰਾਣ ਸ਼ਰੀਰ ਤੋਂ ਅਲੱਗ ਹੋਏ ਤਾਂ ਤੇਰੇ ਸ਼ਰੀਰ ਨੂੰ ਅੱਗ ਵਿੱਚ ਪਾ ਦੇਣਗੇ।
੪. ਸਮਝ ਲਓ ਕਿ ਜ਼ਿੰਦਗੀ ਤਕ ਹੀ ਸੰਸਾਰ ਦਾ ਕਾਰ ਵਿਹਾਰ ਹੈ। ਹਰੀ ਦੇ ਗੁਣ ਗਾ ਲਓ, ਕਿਉਂਕਿ ਬਾਕੀ ਸਭ ਕੁਝ ਸੁਪਨੇ ਵਾਂਗਰ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ ੭੨੬।

## ਰਾਗ ਤਿਲੰਗ ਮਹਲਾ ੯ ਤੀਵਰਾ ਤਾਲ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| ***ਸਥਾਈ*** | | | | | | | ਗ | - | ਗ | ਗ | - | ਮ | ਗ |
| | | | | | | | ਜਾ | ऽ | ਗ | ਲੇ | ऽ | ਹੁ | ऽ |
| ਮ | ਪ | ਪ | ਪ | - | - | - | ਪ | ਗ | ਮ | ਗ | - | ਗ | ਸ |
| ਰੇ | ऽ | ਮ | ਨਾ | ऽ | ऽ | ऽ | ਜਾ | ऽ | ਗ | ਲੇ | ऽ | ਹੁ | ऽ |
| ਗ | ਮ | ਪ | ਨੀ | - | ਸਂ | ਸਂ | ᵔᵔਨੀ | ਪ | - | ਮ- | - | ਗ | - |
| ਕ | ਹਾ | ऽ. | ਗਾ | ऽ | ਫ | ਲ | ਸੋ | ऽ | ऽ | ਇਆ | ऽ | ऽ | ऽ |
| - | ਗਮ | ਪਨੀ | ਨੀ | ਨੀ | ਨੀ- | - | ਨੀ | ਸਂ | ਨੀ | ਸਂ | - | ᵔਸਂ | ᵔਪ |
| ऽ | ਜੋऽ | ਤਨੁ | ਉ | ਪ | ਜਿਆ | ऽ | ਸੈਂ | ऽ | ਗ | ਹੀ | ऽ | ऽ | ऽ |
| ᵔᵔਗ | ਸਂ | ਨੀਸਂ | ਸਂ | ਨੁੀ | ਪ | ਪ | ਪ | ਗ | ਮ | ਗ- | - | - | - |
| ਸੋ | ਭੀ | ऽऽ | ਸੈਂ | ऽ | ਗਿ | ਨ | ਹੋ | ऽ | ऽ | ਇਆ | ऽ | ऽ | ऽ |
| ***ਅੰਤਰਾ*** | | | | | | | | ਗਮ | ਪਨੀ | ਨੀ | - | - | - |
| | | | | | | | | ਮਾऽ | ਤਪਿ | ਤਾ | ऽ | ऽ | ऽ |
| ਸਂਸਂ | ਸਂ | ਨੀ | ਸਂ | ਸਂ | - | - | - | ਸਂ | ਸਂ | ਨੁੀ | - | ਪ- | - |
| ਸੁਤ | ਬੰ | ਧ | ਜ | ਨ | ऽ | ऽ | ऽ | ਹਿ | ਤੁ | ਜਾ | ऽ | ਸਿਉ | ऽ |
| ਪ | ਗ | ਮ | ਗ | - | - | - | ਗ | ਮ | ਪਨੀ | ਨੀ | - | - | - |
| ਕੀ | ऽ | ऽ | ਨਾ | ऽ | ऽ | ऽ | ਜੀ | ਉ | ਛੂਟਿ | ਓ | ऽ | ऽ | ऽ |
| ਨੀਨੀ | ਸਂ | ਨੀ | ਸਂ | - | - | - | ਸਂ | ਸਂ | ਸਂ | ਨੁੀ | ਨੁੀ | ਪ | - |
| ਜਬ | ਦੇ | ਹ | ਤੇ | ऽ | ऽ | ऽ | ਡਾ | ਰਿ | ਅ | ਗ | ਨਿ | ਮੈ | ऽ |
| ਪ | ਗ | ਮ | ਗ | - | - | - | | | | | | | |
| ਦੀ | ऽ | ऽ | ਨਾ | ऽ | ऽ | ऽ * | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੧. ਤਿਲੰਗ ਕਾਫੀ

ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਦੀ ਵਿਆਖਿਆ ਕਰਦਿਆਂ ਸੰਗੀਤ ਵਿਦਵਾਨਾਂ ਨੇ ਆਸਾ ਕਾਫੀ ਵਾਂਗੂੰ ਤਿਲੰਗ ਕਾਫੀ ਨੂੰ ਵੀ ਇਕ ਸੁਤੰਤਰ ਰਾਗ ਸਵੀਕਾਰਿਆ ਹੈ। ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਉਚਾਰੀ ਹੈ। ਭਾਰਤੀ ਸੰਗੀਤ ਵਿਚ ਇਹ ਰਾਗ ਪ੍ਰਚਾਰ ਵਿਚ ਨਹੀਂ, ਇਸ ਕਰਕੇ ਇਸ ਰਾਗ ਦੀ ਰਚਨਾ ਅਤੇ ਪ੍ਰਚਾਰ ਗੁਰਮਤਿ ਸੰਗੀਤ ਪਰੰਪਰਾ ਵਿਚ ਹੀ ਹੈ। ਤਿਲੰਗ ਅਤੇ ਕਾਫੀ ਰਾਗਾਂ ਦੀਆਂ ਮਧੁਰ ਸੁਰਾਵਲੀਆਂ ਦੇ ਸੁਮੇਲ ਇਸ ਰਾਗ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ, ਰਿਸ਼ਭ, ਧੈਵਤ ਆਰੋਹ ਵਿਚ ਵਰਜਿਤ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਗੰਧਾਰ , ਸੰਵਾਦੀ ਸ਼ੁਧ ਨਿਸ਼ਾਦ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਨ਼ੀ ਸ, ਗ ਮ ਪ ਨ਼ੀ ਪ, ਮ ਪ ਨੀ ਸਂ।

**ਅਵਰੋਹ** : ਸਂ ਨ਼ੀ ਧ ਪ, ਮ ਪ, ਗ਼ ਰੇ ਸ।

**ਮੁੱਖ ਅੰਗ** : ਗ ਮ ਪ, ਨ਼ੀ ਪ, ਗ਼ ਰੇ ਸ ਰੇ ਨ਼ੀ ਸ।

**ਸੁਰ ਵਿਸਥਾਰ** :

੧. ਸ ਨ਼ੀ ਧ਼ ਪ਼, ਪ਼ ਨ਼ੀ ਸ, ਨ਼ੀ ਸ ਗ ਮ ਪ, ਨ਼ੀ ਪ, ਮ ਗ, ਪ ਨ਼ੀ ਧ ਪ ਮ ਪ, ਗ਼ ਰੇ ਸ।

੨. ਸ, ਨ਼ੀ ਸ ਗ ਮ ਪ, ਗ ਮ ਪ ਨ਼ੀ ਪ, ਗ ਮ ਪ ਨ਼ੀ ਪ, ਮ ਪ ਨੀ ਸਂ, ਸਂ ਨ਼ੀ ਧ ਪ, ਗ ਮ ਨ਼ੀ ਪ, ਨ਼ੀ ਧ ਪ, ਮ ਪ, ਗ਼ ਰੇ ਸ।

੩. ਪ, ਗ ਮ ਪ ਨ਼ੀ ਪ ਮ ਪ ਨੀ ਸਂ, ਗ਼ਂ ਰੇਂ ਸਂ, ਸਂ ਗਂ ਮਂ ਪਂ, ਮਂ ਪਂ, ਗ਼ਂ ਰੇਂ ਸਂ, ਸਂ ਨ਼ੀ ਧ ਪ, ਪ ਨ਼ੀ ਪ ਨੀ ਸਂ, ਨ਼ੀ ਧ ਪ, ਮ ਪ ਗ਼, ਰੇ ਸ।

## ਤਿਲੰਗ ਮਹਲਾ ੯ ਕਾਫੀ

## ੧ੴ ਸਤਿਗੁਰ ਪ੍ਰਸਾਦਿ ॥

[1]ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ਰਹਾਉ॥
ਹਰਿ ਗੁਨ ਕਾਹਿ[2] ਨ ਗਾਵਹੀ ਮੂਰਖ ਅਗਿਆਨਾ[3]॥
ਝੂਠੈ ਲਾਲਚਿ[4] ਲਾਗਿ ਕੈ ਨਹਿ ਮਰਨੁ ਪਛਾਨਾ॥੧॥
[5]ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥੨॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੬)*

---

੧. ਹੇ ਮਨੁੱਖ ! ਹਰੀ ਨੂੰ ਯਾਦ ਕਰਨਾ ਹੈ ਤਾਂ ਹੁਣੇ ਰਾਤ ਦਿਨ ਲੱਗ ਕੇ ਕਰ ਲੈ, ਕਿਉਂਕਿ ਹਰ ਘੜੀ ਉਮਰ ਬੀਤਦੀ ਜਾਂਦੀ ਹੈ, ਜਿਸ ਤਰ੍ਹਾਂ ਤਿੜਕੇ ਘੜੇ ਵਿੱਚੋਂ ਪਾਣੀ ਵੱਗਦਾ ਜਾਂਦਾ ਹੈ ।

੨. ਕਿਉਂ ?

੩. ਹੇ ਅਗਿਆਨੀ ਅਨਜਾਣ !

੪. ਲਾਲਚ ਵਿੱਚ ।

੫. ਅਜੇ ਵੀ ਕੁਝ ਨਹੀਂ ਵਿਗੜਿਆ ਜੇ ਹਰੀ ਦੇ ਗੁਣ ਗਾਵੇਂ ਤਾਂ । ਦਾਸ ਕਹਿੰਦਾ ਹੈ ਕਿ ਉਸ (ਹਰੀ) ਦੇ ਭਜਨ ਕਰਨ ਨਾਲ ਨਿਡਰਤਾ ਦਾ ਦਰਜਾ ਪਾ ਲਵੇਂਗਾ ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਦੂਜੀ), ਪੰਨਾ ੭੨੬ ।

## ਰਾਗ ਤਿਲੰਗ ਕਾਫੀ    ਮਹਲਾ ੯    ਤੀਵਰਾ ਤਾਲ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| *ਸਥਾਈ:* | | | | | | | ਸ | ਸ | ਸ | ਗ | - | ਮ | ਗ |
| | | | | | | | ਚੇ | ਤ | ਨਾ | ਹੈ | ऽ | ਤ | ਉ |
| ਗਮ | ਪਨ਼ੀ | ਪ | ਪ | - | - | - | - | - | ਸਂਸਂ | ਨ਼ੀ | ਧ | ਪ | ਮਪ |
| ਚੇऽ | ऽऽ | ਤ | ਲੈ | ऽ | ऽ | ऽ | ऽ | ऽ | ਨਿਸਿ | ਦਿ | ਨਿ | ਮੈ | ऽऽ |
| ਗੁ | - | - | ਰੇ | - | ਸ | - | - | ਗਗ | ਮਪ | ਨੀ | - | ਨੀ | - |
| ਪ੍ਰਾ | ऽ | ऽ | ਨੀ | ऽ | ऽ | ऽ | ऽ | ਛਿਨੁ | ਛਿਨੁ | ਅਉ | ऽ | ਧ | ऽ |
| - | ਨੀਸਂ | -ਨੀ | ਸਂ | - | - | - | ਸਂ | ਸਂ | - | ਨ਼ੀ | ਧ | ਪ- | - |
| ऽ | ਬਿਹਾ | ऽਤੁ | ਹੈ | ऽ | ऽ | ऽ | ਫੂ | ਟੈ | ऽ | ਘ | ਟ | ਜਿਉ | ऽ |
| ਗੁ | - | - | ਰੇ | - | ਸ | - | | | | | | | |
| ਪਾ | ऽ | ऽ | ਨੀ | ऽ | ऽ | ऽ | | | | | | | |
| *ਅੰਤਰਾ* | | | | | | | - | ਗਮ | ਪਨੀ | ਸਂ | - | ਨੀ | ਨੀ |
| | | | | | | | ऽ | ਹਰਿ | ਗੁਨ | ਕਾ | ऽ | ਹਿ | ਨ |
| - | -ਸਂ | -ਨੀ | ਸਂ | - | - | - | - | - | ਸਂ | ਰੇਂ | ਰੇਂ | ਸਂ | ਸਂ |
| ऽ | ऽਗਾ | ऽਵ | ਹੀ | ऽ | ऽ | ऽ | ऽ | ऽ | ਮੂ | ਰ | ਖ | ਅ | ਗਿ |
| ਨ਼ੀ | - | - | ਧ | - | ਪ | - | - | ਗਮ | ਪਨੀ | ਸਂ | - | ਨੀ | ਨੀ |
| ਆ | ऽ | ऽ | ਨਾ | ऽ | ऽ | ऽ | ऽ | ਝੂऽ | ਠੇऽ | ਲਾ | ऽ | ਲ | ਚਿ |
| - | -ਸਂ | -ਨੀ | ਸਂ | - | - | - | - | - | ਸਂ- | ਰੇਂ | ਰੇਂ | ਸਂ | ਸਂ |
| ऽ | ऽਲਾ | ऽਗਿ | ਕੈ | ऽ | ऽ | ऽ | ऽ | ऽ | ਨਹਿ | ਮ | ਰ | ਨੁ | ਪ |
| ਨ਼ੀ | - | - | ਧ | - | ਪ | - | - | - | ਪ- | ਪ | ਪ | ਪ | ਪ |
| ਛਾ | ऽ | ऽ | ਨਾ | ऽ | ऽ | ऽ | ऽ | ऽ | ਨਹਿ | ਮ | ਰ | ਨੁ | ਪ |
| ਗੁ | - | - | ਰੇ | - | ਸ | - | | | | | | | |
| ਛਾ | ऽ | ऽ | ਨਾ | ऽ | ऽ | ऽ * | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੨. ਸੂਹੀ

ਸੂਹੀ ਇਕ ਅਪ੍ਰਚਲਿਤ ਰਾਗ ਹੈ ਜਿਸ ਦਾ ਵੇਰਵਾ ਜਾਂ ਵਿਆਖਿਆ ਭਾਰਤੀ ਸੰਗੀਤ ਸ਼ਾਸਤਰਾਂ ਵਿਚ ਉਪਲਬਧ ਨਹੀਂ। ਅਪ੍ਰਸਿੱਧ ਰਾਗ ਹੋਣ ਕਰਕੇ ਇਸ ਦੇ ਸਰੂਪ ਸੰਬੰਧੀ ਵਿਦਵਾਨਾਂ ਵਿਚ ਕੁਝ ਮਤਭੇਦ ਹਨ। ਕੁਝ ਵਿਦਵਾਨ ਇਸ ਰਾਗ ਨੂੰ ਸੂਹਾ ਰਾਗ ਦੇ ਸਮਾਨ ਹੀ ਮੰਨਦੇ ਹਨ ਪਰੰਤੂ ਗੁਰ ਸ਼ਬਦ ਕੀਰਤਨ ਪਰੰਪਰਾ ਵਿਚ ਇਸਦਾ ਸੁਤੰਤਰ ਤੇ ਸਪੱਸ਼ਟ ਰੂਪ ਸਥਾਪਤ ਹੈ। ਇਸ ਰਾਗ ਵਿਚ ਮਹਲਾ ੧, ੨, ੩, ੪, ੫ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਸ਼ੇਖ ਫਰੀਦ ਜੀ ਨੇ ਬਾਣੀ ਉਚਾਰੀ ਹੈ। ਇਸ ਮੌਲਿਕ ਤੇ ਵਿਸ਼ਿਸ਼ਟ ਰਾਗ ਸੂਹੀ ਦਾ ਪ੍ਰਯੋਗ ਲੋਕ ਗਾਇਨ ਰੂਪਾਂ ਲਈ ਵਿਸ਼ੇਸ਼ਕਰ ਹੋਇਆ ਹੈ। ਇਸ ਰਾਗ ਵਿਚ ਨਿਸ਼ਾਦ ਦੇ ਦੋਵੇਂ ਰੂਪਾਂ ਨੂੰ ਪ੍ਰਯੋਗ ਕਰਦੇ ਹੋਏ ਬਾਕੀ ਸਾਰੇ ਸੁਰ ਸ਼ੁਧ ਲਗਾਏ ਜਾਂਦੇ ਹਨ। **ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਸ ਰੇ ਗ ਮ ਪ, ਨੀ ਧ ਨੀ ਸਂ।

**ਅਵਰੋਹ** : ਸਂ ਨ਼ੀ ਧ ਪ, ਮ ਗ, ਰੇ ਗ ਰੇ ਸ।

**ਮੁੱਖ ਅੰਗ** : ਸਂ ਨ਼ੀ ਪ, ਮ ਗ ਰੇ ਗ, ਮ ਗ ਰੇ'ਸ।

**ਸੁਰ ਵਿਸਥਾਰ** : ੧. ਸ, ਰੇ ਸ, ਨ਼ੀ ਸ, ਨ਼ੀ ਧ਼ ਪ਼, ਨ਼ੀ ਧ਼ ਨ਼ੀ ਸ, ਰੇ ਗ ਮ ਗ, ਰੇ ਗ ਮ ਪ, ਧ ਪ ਨ਼ੀ ਪ, ਰੇ ਗ ਮ ਪ, ਮ ਗ ਰੇ ਗ ਮ ਗ, ਰੇ ਸ।

੨. ਰੇ ਗ ਮ ਪ, ਨੀ ਧ ਨੀ ਸਂ, ਰੇਂ ਸਂ ਧ ਨੀ ਸਂ ਰੇਂ ਸਂ, ਰੇਂ ਗਂ ਮਂ ਗਂ ਰੇਂ ਸਂ, ਸਂ ਨ਼ੀ ਧ ਪ, ਗ ਮ ਪ ਨ਼ੀ ਧ ਪ, ਪ ਮ ਗ ਰੇ ਗ, ਰੇ ਸ।

## ਸੂਹੀ ਮਹਲਾ ੫ ॥

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ॥
ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ॥੧॥
ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥
ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥੧॥ ਰਹਾਉ॥
ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ॥
ਅੰਮ੍ਰਿਤ ਬਚਨ [੧]ਰਿਦੈ ਉਰਿ ਧਾਰੀ [੨]ਤਉ ਕਿਰਪਾ ਤੇ ਸੰਗੁ ਪਾਈ॥੨॥
[੩]ਅੰਤਰ ਕੀ ਗਤਿ ਤੁਧੁ ਪਹਿ ਸਾਰੀ[੪] ਤੁਧੁ ਜੇਵਡੁ ਅਵਰੁ ਨ ਕੋਈ॥
ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ॥੩॥
ਦੁਇ ਕਰ[੫] ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥
ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ॥੪॥੯॥੫੬॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪੯)*

---

੧. ਦਿਲ ਵਿੱਚ ਧੁਰ ਅੰਦਰ ਰੱਖਾਂ।
੨. ਤੇਰੀ ਕਿਰਪਾ ਨਾਲ।
੩. ਅੰਦਰ ਦੀ ਹਾਲਤ ਤੂਧ ਤੋੜੀ ਪੁਚਾਉਂਦਾ ਹਾਂ। ਦੇਖੋ ਪੰਨਾ ੩੯੮, ਨੋਟ ੫ ਅਤੇ ਪੰਨਾ ੭੦੯, ਫੁਟ ਨੋਟ*।
੪. ਸਾਰੀ, ਪੁਚਾਉਂਦਾ ਹਾਂ।
੫. ਹੱਥ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੭੪੯

## ਰਾਗ ਸੂਹੀ     ਮਹਲਾ ੫     ਚਾਰਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| ਗ | ਮ | ਗਰੇ | ਗਮ | ਪ | ਪ | ਗ | ਮ | ਨ਼ੀਧ | ਪ | ਪ | ਪ |
| ਮੇ | ਰੇ | ऽऽ | ਸਾऽ | ਹਿ | ਬ | ਮੇ | ਰੇ | ऽऽ | ਸਾ | ਹਿ | ਬ |
| ਪ | ਨੀਧ | ਨੀ | ਸਂ | ਸਂ | ਸਂ | ਨ਼ੀ | ਧ | ਪ | ਮਗ | ਰੇਗ | ਰੇਸ |
| ਤੂੰ | ऽऽ | ਮੈ | ਮਾ | ਣੁ | ਨਿ | ਮਾ | ऽ | ऽ | ਣੀऽ | ऽऽ | ऽऽ |
| ਸਸ | ਨ਼ੀ | ਧ਼ਧ਼ | ਪ਼ | ਪ਼ | ਪ਼ | ਨ਼ੀ | ਧ਼ | ਨ਼ੀ | ਸ | ਸ | - |
| ਅਰ | ਦਾ | ਸਿਕ | ਰੀ | ਪ੍ਰ | ਭ | ਅ | ਪ | ਨੇ | ਆ | ਗੈ | ऽ |
| ਪ- | ਨੀਧ | ਨੀ | ਸਂ | ਸਂ | ਸਂ | ਨ਼ੀਂ | ਧ | ਪ | ਮਗ | ਰੇਗ | ਰੇਸ |
| ਸੁਣਿ | ਸੁ | ਣਿ | ਜੀ | ਵਾ | ऽ | ਤੇ | ऽऽ | ਰੀ | ਬਾ | ऽ | ਣੀ |
| ***ਅੰਤਰਾ*** | | | | | | | | | | | |
| ਪਪ | ਨੀਧ | ਨੀ | ਸਂ | ਸਂ | - | ਸਂ | ਰੇਂ | ਗਂ | ਰੇਂ | ਸਂ | - |
| ਤੁਧੁ | ਚਿ | ਤਿ | ਆ | ਏ | ऽ | ਮ | ਹਾ | ਅ | ਨੰ | ਦਾ | ऽ |
| ਸਂਸਂ | ਨ਼ੀਨ਼ੀ | ਧ- | ਪ | - | - | ਗ | ਮ | ਨੀਧ | ਪ | ਪ | - |
| ਜਿਸੁ | ਵਿਸ | ਰਹਿ | ਸੋ | ऽ | ऽ | ਮ | ਰਿ | ਜਾ | ਏ | ऽ | ऽ |
| ਪਪ- | ਧ | ਨੀ | ਸਂ- | ਸਂ | ਸਂ | ਸਂ | ਰੇਂ | ਗਂ | ਰੇਂਰੇਂ | ਸਂ | - |
| ਦਇਆ | ਲੁ | ਹੋ | ਵਹਿ | ਜਿ | ਸੁ | ਊ | ਪ | ਰਿ | ਕਰ | ਤੇ | ऽ |
| ਸ | ਨ਼ੀ | ਧ | ਪਪ | - | - | ਗ- | ਮ | ਨ਼ੀਧ | ਪ | - | - |
| ਸੋ | ਤੁ | ਧੁ | ਸਦਾ | ऽ | ऽ | ਧਿਆ | ऽ | ऽऽ | ਏ | ऽ | ऽ |
| ਪ | ਨੀਧ | ਨੀ | ਸਂਸਂ | - | - | ਨ਼ੀ- | ਧ | ਪ | ਮਗ | ਰੇਗ | ਰੇਸ |
| ਸੋ | ਤੁऽ | ਧੁ | ਸਦਾ | ऽ | ऽ | ਧਿਆ | ऽ | ऽ | ਏऽ | ऽऽ | ऽऽ * |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੩. ਸੂਹੀ ਕਾਫੀ

ਰਾਗ ਸੂਹੀ ਵਾਂਗੂੰ ਸੂਹੀ ਕਾਫੀ ਰਾਗ ਵੀ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਹੀ ਆਉਂਦਾ ਹੈ। ਜਿਸ ਦਾ ਉਲੇਖ ਭਾਰਤੀ ਸੰਗੀਤ ਵਿਚ ਉਪਲਬਧ ਨਹੀਂ। ਇਹ ਰਾਗ ਸੂਹੀ ਤੇ ਕਾਫੀ ਰਾਗ ਦੇ ਮਧੁਰ ਸੁਮੇਲ ਤੋਂ ਉਪਜਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧ ਤੇ ਮਹਲਾ ੫ ਨੇ ਬਾਣੀ ਉਚਾਰੀ ਹੈ। ਇਸ ਰਾਗ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਸ ਰੇ ਗ ਮ ਪ, ਨੀ ਧ ਨੀ ਸਂ।

**ਅਵਰੋਹ** : ਸਂ ਨੁੀ ਧ ਪ, ਮ ਪ ਗੁ - ਰੇ ਸ।

**ਮੁੱਖ ਅੰਗ** : ਸ ਰੇ ਗ ਮ ਪ, ਮ ਪ ਗੁ - ਰੇ, ਸ।

**ਸੁਰ ਵਿਸਥਾਰ** :

੧. ਸ ਨ਼ੀ ਸ, ਗ ਮ ਗ ਰੇ, ਸ, ਨੁ਼ੀ ਧ਼ ਪ਼, ਨ਼ੀ ਧ਼ੁ ਨ਼ੀ ਸ, ਰੇ ਗ ਮ ਪ, ਧ ਪ ਮ ਪ, ਮ ਪ ਗੁ - ਰੇ, ਸ।

੨. ਸ, ਰੇ ਗ ਮ ਪ, ਨੁੀ ਧ ਪ, ਪ ਨੀ ਧ ਨੀ ਸਂ, ਸਂ ਨੁੀ ਧ ਪ, ਧ ਨੀ ਸਂ ਨੁੀ ਧ ਪ, ਮ ਪ, ਗੁ - ਰੇ, ਸ।

੩. ਪ, ਪ ਧ ਨੀ ਧ ਨੀ ਸਂ, ਗੁਂ ਰੇਂ ਸਂ, ਰੇਂ ਗਂ ਮਂ ਪਂ, ਮਂ ਪਂ ਗੁਂ - ਰੇਂ, ਸਂ ਸਂ ਨੁੀ ਧ ਪ, ਧ ਨੀ ਸਂ, ਨੁੀ ਧ ਪ, ਧ ਪ ਮ ਪ, ਗੁ - ਰੇ, ਸ।

## ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ

### ੧ੴ ਸਤਿਗੁਰ ਪ੍ਰਸਾਦਿ ॥

ਜੇ ਭੁਲੀ ਜੇ ਚੁਕੀ[੧] ਸਾਂਈ ਭੀ ਤਹਿੰਜੀ[੨] ਕਾਢੀਆ[੩]॥
ਜਿਨ੍ਹਾ ਨੇਹੁ ਦੂਜਾਣੇ[੪] ਲਗਾ ਝੂਰਿ[੫] ਮਰਹੁ ਸੇ ਵਾਢੀਆ[੬]॥੧॥
ਹਉ ਨਾ ਛੋਡਉ ਕੰਤ ਪਾਸਰਾ[੭]॥
ਸਦਾ ਰੰਗੀਲਾ[੮] ਲਾਲੁ ਪਿਆਰਾ ਏਹੁ ਮਹਿੰਜਾ[੯] ਆਸਰਾ॥੧॥ ਰਹਾਉ॥
ਸਜਣੁ ਤੂਹੈ ਸੈਣੁ[੧੦] ਤੂ ਮੈ ਤੁਝ ਉਪਰਿ ਬਹੁ ਮਾਣੀਆ[੧੧]॥
[੧੨]ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥੨॥
ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥
ਏਹਾ ਪਾਈ ਮੂ [੧੩]ਦਾਤੜੀ [੧੪]ਨਿਤ ਹਿਰਦੈ ਰਖਾ ਸਮਾਲਿ॥੩॥
ਪਾਵ[੧੫] ਜੁਲਾਈ[੧੬] ਪੰਧ ਤਉ ਨੈਣੀ ਦਰਸੁ ਦਿਖਾਲਿ॥
[੧੭]ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ[੧੮] ਕਿਰਪਾਲਿ॥੪॥
[੧੯]ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ॥
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ॥੫॥
ਸਹੀਆ ਤਊ[੨੦] ਅਸੰਖ ਮੰਞਹੁ[੨੧] ਹਭਿ ਵਧਾਣੀਆ॥
ਹਿਕ[੨੨] ਭੋਰੀ[੨੩] ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ॥੬॥
[੨੪]ਜੈ ਡਿਠੇ ਮਨੁ ਧੀਰੀਐ ਕਿਲਵਿਖ[੨੫] ਵੰਞਨ੍ਹਿ[੨੬] ਦੂਰੇ॥
ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ॥੭॥
ਹੋਇ ਨਿਮਾਣੀ ਢਹਿ ਪਈ ਮਿਲਿਆ [੨੭]ਸਹਜਿ ਸੁਭਾਇ॥
[੨੮]ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥੮॥੧॥੪॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੧)*

---

੧. ਉੱਕ ਗਈ, ਭੁੱਲੀ। ੨. (ਲਹਿੰਦੀ) ਤੇਰੀ। ੩. ਆਖੀ ਜਾਂਦੀ ਹਾਂ। ਫਿਰ ਭੀ ਤੇਰੀ ਹੀ ਅਖਵਾਂਦੀ ਹਾਂ। ੪. ਹੋਰ ਕਿਸੇ ਨਾਲ। ੫. ਝੂਰ ਕੇ, ਪਛਤਾ ਕੇ । ੬. ਵਾਂਢੀਆਂ, ਬਿਦੇਸ਼ ਗਈਆਂ, ਦੂਰ ਵਸਦੀਆਂ (ਪਤੀ ਤੋਂ), ਵਿਛੜੀਆਂ ਹੋਈਆਂ, ਛੁਟੜਾਂ। ਛੁਟੜਾਂ ਕੁੜ੍ਹ ਕੁੜ੍ਹ ਕੇ ਪਈਆਂ ਮਰਨ।੭. ਪਾਸਾ, ਪਹਿਲੂ। ੮. ਪਿਆਰ ਕਰਨ ਵਾਲਾ। ੯.(ਲਹਿੰਦੀ) ਮੇਰਾ । ੧੦. ਰਿਸ਼ਤੇਦਾਰ, ਸੰਬੰਧੀ। ੧੧. ਮਾਣ । ੧੨. ਜੇ ਤੂੰ ਮੇਰੇ ਅੰਦਰ ਹੋਵੇਂ ਤਾਂ ਮੈਂ ਸੁਖ ਹਾਂ, ਹੇ ਮੈਂ ਨਿਮਾਣੀ ਦੇ ਮਾਣ ! ੧੩. (ਲਹਿੰਦੀ) ਮੈਂ। ੧੪. ਦਾਤ । ੧੫. ਪੈਰ। ੧੬. (ਲਹਿੰਦੀ) ਚਲਾਵਾਂ। ਪੈਰ ਚਲਾਵਾ ਤੇਰੇ ਰਸਤੇ ਉੱਤੇ। ੧੭.. ਕੰਨੀ ਸੁਣਾਂ। ੧੮. ਹੋਵੇ। ੧੯. ਹੇ ਪਿਆਰੇ ! ਕਈ ਲੱਖਾਂ ਕ੍ਰੋੜਾਂ ਪ੍ਰਤਾਪੀ ਮਨੁੱਖ ਤੇਰੇ ਇਕ ਰੋਮ (ਵਾਲ) ਦੀ ਕੀਮਤ ਨੂੰ ਨਹੀ ਪੁੱਜ ਸਕਦੇ । ਪਿਰੀਏ =ਹੇ ਪਿਆਰੇ । ੨੦. ਤੇਰੀਆਂ । ੨੧. (ਲਹਿੰਦੀ) ਮੇਰੇ ਨਾਲੋ । ਸਭੇ ਸਈਆ ਮੇਰੇ ਨਾਲੋਂ ਵੱਧ ਚੜ੍ਹ ਕੇ ਹਨ । ੨੨. (ਲਹਿੰਦੀ) ਇਕ । ੨੩. ਰਤਾ । ਇਕ ਰਤਾ ਕੁ ਮੇਹਰ ਦੀ ਨਜ਼ਰ ਨਾਲ ਵੇਖ ਅਤੇ ਦੀਦਾਰ ਦਿਹ, ਤਾਂ ਜੋ ਮੈਂ ਵੀ ਅਨੰਦ ਲਵਾਂ । ੨੪. ਜਿਸ ਦੇ ਦੇਖਣ ਨਾਲ ਮਨ ਧੀਰਜ ਪਕੜ੍ਹਦਾ ਹੈ । ੨੫. ਪਾਪ । ੨੬. (ਲਹਿੰਦੀ) ਜਾਵਣ । ਪਾਪ ਦੂਰ ਹੁੰਦੇ ਹਨ । ੨੭. ਸੁਤੇ ਸਿਧ, ਨਿਰਯਤਨ ਹੀ । ੨੮. ਪਹਿਲੋਂ ਦਾ ਜੋ ਹੁਕਮ ਲਿਖਿਆ ਸੀ, ਉਹੋ ਮਿਲਿਆ ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੭੬੧

## ਰਾਗ ਸੂਹੀ ਕਾਫੀ　　　ਮਹਲਾ ੫　　　ਤੀਵਰਾ ਤਾਲ

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | | | |
| ਸ- | ਰੇ | ਗ | ਮ | - | ਪ- | - | ਨ̲ੀਧ | ਪ | ਮਪ | ਗੁ | ਗੁ | ਰੇ | ਸ |
| ਹਉ | ऽ | ਨ | ਛੋ | ऽ | ਡਉ | ऽ | ਕੰਤ | ऽ | ਤऽ | ਪਾ | ਸ | ਰਾ | ऽ |
| ਪ | ਪ | ਪ | ਧ | ਨੀ | ਸਂ | ਸਂ | ਨ̲ੀ | ਧ | ਪ | ਧ | ਨੀ | ਸਂ | - |
| ਸ | ਦਾ | ਰੰ | ਗੀ | ऽ | ਲਾ | ऽ | ਲਾ | ਲੁ | ਧਿ | ਆ | ऽ | ਰਾ | ऽ |
| ਨ̲ੀ | ਧ | ਪ | ਪ | - | ਪ | - | ਗੁ | - | ਗੁ | ਰੇ | - | ਸ | - |
| ਏ | ਹੁ | ਮ | ਹਿੰ | ऽ | ਜਾ | ऽ | ਆ | ऽ | ਸ | ਰਾ | ऽ | ऽ | ऽ |
| ***ਅੰਤਰਾ*** | | | | | | | | | | | | | |
| ਪ | - | ਪ | ਧ | ਨੀ | ਸਂ | - | ਨ̲ੀ | ਧ | ਪ | ਧ | ਨੀ | ਸਂ | - |
| ਜੇ | ऽ | ਭੁ | ਲੀ | ऽ | ਜੇ | ऽ | ਚੁ | ਕੀ | ऽ | ਸਾਂ | ऽ | ਈ | ऽ |
| ਗੁਂ | - | ਗੁਂ | ਰੇਂ | - | ਸਂ | - | ਨ̲ੀ | - | ਨ̲ੀ | ਧ | - | ਪ | - |
| ਭੀ | ऽ | ਤ | ਹਿੰ | ऽ | ਜੀ | ऽ | ਕਾ | ऽ | ਢੀ | ਆ | ऽ | ऽ | ऽ |
| ਪ | ਪ | - | ਧ | ਨੀ | ਸਂ | - | ਨ̲ੀ | ਧ | ਪ | ਧ | ਨੀ | ਸਂ | - |
| ਜਿ | ਨਾ | ऽ | ਨੇ | ऽ | ਹੁ | ऽ | ਦੂ | ਜਾ | ਣੇ | ਲ | ऽ | ਗਾ | ऽ |
| ਗੁਂ | ਗੁਂ | ਗੁਂ | ਰੇਂ- | - | ਸਂ | - | ਨ̲ੀ | - | ਨ̲ੀ | ਧ | - | ਪ | - |
| ਝੂ | ਰਿ | ਮ | ਰਹੁ | ऽ | ਸੇ | ऽ | ਵਾ | ऽ | ਢੀ | ਆ | ऽ | ऽ | ऽ |
| ਨ̲ੀ | ਧ | ਪ | ਪ- | - | ਪ | - | ਗੁ | - | ਗੁ | ਰੇ | - | ਸ | - |
| ਝੂ | ਰਿ | ਮ | ਰਹੁ | ऽ | ਸੇ | ऽ | ਵਾ | ऽ | ਢੀ | ਆ | ऽ | ऽ | ऽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੪. ਸੂਹੀ ਲਲਿਤ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਅਧੀਨ ਤਿੰਨ ਵੱਖੋ ਵੱਖਰੇ ਸਿਰਲੇਖ ਅੰਕਿਤ ਹਨ ੧. *ਸੂਹੀ ਕਬੀਰ ਜੀਉ ਲਲਿਤ* ੨. *ਸੂਹੀ ਲਲਿਤ ਕਬੀਰ ਜੀਉ* ੩. *ਸੂਹੀ ਲਲਿਤ (ਸ਼ੇਖ ਫਰੀਦ)*। ਇਕ ਮੱਤ ਅਨੁਸਾਰ ਸੂਹੀ ਲਲਿਤ ਨੂੰ ਸੂਹੀ ਦੇ ਇਕ ਪ੍ਰਕਾਰ ਵਜੋਂ ਅਤੇ ਦੂਸਰੇ ਮੱਤ ਅਨੁਸਾਰ ਸੂਹੀ ਅਧੀਨ ਲਲਿਤ ਨੂੰ ਸੁਤੰਤਰ ਰਾਗ ਵਜੋਂ ਪ੍ਰਵਾਨ ਕੀਤਾ ਗਿਆ ਹੈ। ਲਲਿਤ ਰਾਗ ਭਾਰਤੀ ਸੰਗੀਤ ਅਧੀਨ ਸੁਤੰਤਰ ਰੂਪ ਵਿਚ ਪ੍ਰਚਾਰ ਅਰੂੜ ਹੈ ਪਰੰਤੂ *ਰਾਗ ਨਿਰਣਾਇਕ ਕਮੇਟੀ* ਦੇ ਸਮੂਹ ਵਿਦਵਾਨਾਂ ਨੇ ਸੂਹੀ ਲਲਿਤ ਨੂੰ ਇਕ ਸੁਤੰਤਰ ਰਾਗ ਸਵੀਕਾਰਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਭਗਤ ਕਬੀਰ ਜੀ ਅਤੇ ਸ਼ੇਖ ਫਰੀਦ ਜੀ ਦੀ ਬਾਣੀ ਦਰਜ ਹੈ। ਰਾਗ ਸੂਹੀ ਲਲਿਤ ਦੇ ਅਵਰੋਹ ਵਿਚ ਪੰਚਮ ਵਰਜਿਤ ਕਰਦੇ ਹੋਏ ਰਿਸ਼ਭ, ਮਧਿਅਮ ਅਤੇ ਧੈਵਤ ਦੇ ਦੋਵੇਂ ਰੂਪ ਪ੍ਰਯੋਗ ਕੀਤੇ ਜਾਂਦੇ ਹਨ। ਇਹ ਰਾਗ ਗਾਇਨ ਹਿਤ ਕਠਿਨ ਰਾਗ ਹੈ। ਇਸ ਦਾ **ਵਾਦੀ ਮਧਿਅਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਨ-ਸ਼ਾੜਵ ਹੈ।**

**ਆਰੋਹ** : ਸ ਰੇ ਗ ਮ ਪ, ਨੀ ਧ ਨੀ ਸਂ।

**ਅਵਰੋਹ** : ਸਂ ਰ॒ੇਂ ਨੀ ਧ॒ ਮ॑ ਧ॒ ਮ॑ ਮ ਗ, ਮ॑ ਗ ਰ॒ੇ ਸ।

**ਮੁੱਖ ਅੰਗ** : ਪ ਨੀ ਧ, ਨੀ ਸਂ, ਰ॒ੇਂ ਨੀ ਧ॒, ਮ॑ ਮ ਗ, ਮ॑ ਗ ਰ॒ੇ ਸ।

**ਸੁਰ ਵਿਸਥਾਰ** : ੧. ਸ, ਸ ਰੇ ਸ ਸ ਨੀ ਸ, ਰ॒ੇ ਨ਼ੀ ਧ॒, ਮ਼॑ ਧ॒ ਨ਼ੀ ਧ॒,
ਮ਼॑ ਧ॒ ਮ਼॑ ਮ਼ ਪ਼ ਨ਼ੀ ਧ਼ ਨ਼ੀ ਸ।

੨. ਸ ਰੇ ਗ ਮ, ਰੇ ਗ ਮ ਪ, ਮ॑ ਧ॒ ਮ॑ ਮ ਗ, ਗ ਮ
ਪ ਧ, ਨੀ ਧ ਨੀ ਸਂ ਰੇਂ ਨੀ ਧ॒, ਮ॑ ਧ॒ ਨੀ ਧ॒ ਮ॑
ਧ॒ ਮ॑ ਮ ਗ, ਮ॑ ਗ ਰ॒ੇ ਸ।

੩. ਪ, ਨੀ ਧ ਨੀ ਸਂ, ਰੇਂ ਸਂ, ਸਂ ਰੇਂ ਗਂ ਮਂ, ਮ॑ ਮਂ
ਗਂ ਮ॑ ਗਂ ਰ॒ੇਂ ਨੀ ਸਂ ਧ॒ ਮ॑ ਮ, ਸਂ ਨੀ ਧ॒, ਮ॑ ਧ
ਮ॑ ਮ ਗ, ਮ॑ ਗ ਰ॒ੇ ਸ।

# ਸੂਹੀ ਲਲਿਤ ਕਬੀਰ ਜੀਉ ॥

[੧]ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥
[੨]ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥੧॥ਰਹਾਉ॥
[੩]ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥੨॥
[੪]ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥੩॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ[੫]॥੪॥੫॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੩)*

---

੧. (ਸਰੀਰ) ਇਕ ਕਿਲ੍ਹਾ ਹੈ, ਜਿਸ ਦੇ ਪੰਜ (ਕਾਮ, ਕ੍ਰੋਧ ਆਦਿਕ) ਹਾਕਮ ਹਨ ਅਤੇ ਪੰਜੇ ਮਾਮਲਾ ਮੰਗਦੇ ਹਨ (ਮਨ ਉਤੇ ਰਾਜ ਕਰਦੇ ਹਨ ਅਤੇ ਧੱਕੀ ਫਿਰਦੇ ਹਨ)। ਮੈਂ ਤਾਂ ਕਿਸੇ ਦੀ ਜ਼ਮੀਨ ਨਹੀ ਵਾਹੀ; ਮੈਨੂੰ ਐਵੇਂ ਹੀ ਮਾਮਲਾ ਦੇਣਾ ਔਖਾ ਲਗਦਾ ਹੈ। 'ਸਿਕਦਾਰ' ਪਠਾਣਾਂ ਦੇ ਰਾਜ ਵਿੱਚ ਇਕ ਹਾਕਮ ਹੁੰਦਾ ਸੀ, ਜਿਸ ਦਾ ਕੰਮ ਸ਼ਾਹੀ ਫ਼ਰਮਾਨਾਂ ਉਤੇ ਅਮਲ ਕਰਾਉਣਾ ਹੁੰਦਾ ਸੀ। ਹਾਲਾ=ਹਲ ਪ੍ਰਤੀ ਟੈਕਸ ਜਾਂ ਮਾਮਲਾ।

੨. ਹੇ ਪਰਮੇਸ਼ਰ ਦੇ ਭਗਤੋ ! ਮੈਨੂੰ ਪਟਵਾਰੀ, ਮੌਤ ਦਾ ਡਰ, ਨਿਤ ਸਤਾਉਂਦਾ ਹੈ। ਜਦੋਂ (ਨਿਮਾਣਿਆਂ ਵਾਂਗ) ਮੈਂ ਬਾਹਾਂ ਉੱਚੀਆਂ ਕਰ ਕੇ ਗੁਰੂ ਪਾਸ ਦੁਹਾਈ ਪਾਈ ਤਾਂ ਉਸ ਨੇ ਮੈਨੂੰ ਬਚਾ ਲਿਆ।

੩. ਡਾਂਡੀ=ਜਰੀਬ-ਕਸ਼, ਡੰਡੇ ਨਾਲ ਮਾਪਣ ਵਾਲੇ। ਬਿਸਟਾਲਾ=('ਵਿਸ਼ਟਾ' ਤੋਂ) ਗੰਦੀ ਖੱਟੀ, ਹਰਾਮ ਦੀ ਕਾਰ, ਵਿਗਾਰ, ਵੱਢੀ। ਨੌ ਜਰੀਬ-ਕਸ਼, ਭਾਵ ਸਰੀਰ ਦੇ ਨੌ ਦਰਵਾਜ਼ੇ ਅੱਖਾਂ, ਕੰਨ, ਨਕ ਆਦਿਕ, ਅਤੇ ਦਸ ਮਨਸਫ਼, ਪੰਜ ਗਿਆਨ ਤੇ ਪੰਜ ਕਰਮ ਇੰਦ੍ਰੇ, ਦੌੜੇ ਦੌੜੇ ਆਉਂਦੇ ਹਨ ਅਤੇ ਗਰੀਬ ਪਰਜਾ (ਗੁਣਾਂ) ਨੂੰ ਵੱਸਣ ਨਹੀ ਦਿੰਦੇ। ਪੂਰੀ ਰੱਸੀ (ਜਰੀਬ) ਨਾਲ ਨਹੀਂ ਮਿਣਦੇ ਅਤੇ ਬਹੁਤ ਵਿਗਾਰ ਜਾਂ ਵੱਢੀ ਲੈਂਦੇ ਹਨ।

੪. ਸਰੀਰ ਦੀਆਂ ਬਹੱਤਰ ਕੋਠੜੀਆਂ ਵਿੱਚ ਜੋ ਕਰਤਾਰ ਭਰਪੂਰ ਹੈ ਉਸ ਨੇ ਨਾਵਾਂ ਲਿਖਾ ਦਿੱਤਾ (ਮੇਰੇ ਹਿਸਾਬ ਵਿੱਚ ਰਕਮ ਜਮ੍ਹਾ ਕਰਾ ਦਿਤੀ), ਏਸ ਲਈ ਜਦੋਂ ਧਰਮਰਾਜ ਦਾ ਲੇਖਾ ਪੜਤਾਲਿਆ ਤਾਂ ਮੇਰੇ ਨਾਂ ਰਤਾ ਭਰ ਵੀ ਬਾਕੀ ਦੇਣਾ ਨਾ ਨਿਕਲਿਆ (ਹਰੀ ਦੀ ਕਿਰਪਾ ਨੇ ਕਰਮਾਂ ਦਾ ਹਿਸਾਬ ਨਿਬੇੜ ਦਿੱਤਾ)। ਰਿਜ਼ਮ=ਰੇਜ਼ਹ ਮਾਤਰ, ਜ਼ਰਾ ਭਰ।

੫. ਬਿਬੇਕ, ਗਿਆਨ, ਵਿਚਾਰ। (ਮਾਤ੍ਰਾ ਪੂਰੀਆਂ ਕਰਨ ਲਈ 'ਬਿਬੇਕੋ' ਕਰ ਦਿੱਤਾ ਹੈ, ਨਹੀ ਤਾਂ ਅਰਥਾਂ ਨਹੀ 'ਬਿਬੇਕ' ਹੀ ਹੈ।)

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੭੯੩

## ਰਾਗ ਸੂਹੀ ਲਲਿਤ ਭਗਤ ਕਬੀਰ ਜੀ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | ਮ | ਮ | ਪ | - | - | ਨੀ | ਧ | ਨੀ |
| | | | | | | | | ਹ | ਰਿ | ਕੇ | ऽ | ऽ | ਲੋ | ऽ | ऽ |
| ਸਂ | - | - | - | - | - | ਸਂ | ਸਂਨੀ | ਰੇਂ | - | ਨੀ | ਨੀ | ਧੁ | - | ਮਂ | ਧੁ |
| ਗਾ | ऽ | ऽ | ऽ | ऽ | ऽ | ਮੋ | ਕਉ | ਨੀ | ऽ | ਤਿ | ਡ | ਸੈ | ऽ | ਪ | ਟ |
| ਮਂ | - | ਮ | - | - | - | ਗ | - | ਮਂ | ਗ | ਰੇ | ਸ | ਸ | - | ਸਸ | ਸ |
| ਵਾ | ऽ | ਰੀ | ऽ | ऽ | ऽ | ऽ | ऽ | ਊ | ਪ | ਰਿ | ਭੁ | ਜਾ | ऽ | ਕਰਿ | ਮੈ |
| ਰੇ | ਰੇ | ਗ- | ਗ | ਮ | ਮ | ਪ | ਪ | ਪ | ਪ | ਧ- | ਨੀ | ਸਂ | ਸਂ | - | ਸਂ |
| ਗੁ | ਰ | ਪਹਿ | ਪੁ | ਕਾ | ਰਿ | ਆ | ऽ | ਤਿ | ਨਿ | ਹਉ | ऽ | ਲੀ | ਆ | ऽ | ਉ |
| ਸਂਧੁ | - | ਮਂ | ਧੁ | ਮਂ | ਮ | ਗ | - | | | | | | | | |
| ਬਾ | ऽ | ऽ | ऽ | ਰੀ | ऽ | ऽ | ऽ | | | | | | | | |
| ***ਅੰਤਰਾ*** | | | | | | | | ਪ | - | ਪ | - | ਧ | - | ਨੀ | - |
| | | | | | | | | ਏ | ऽ | ਕੁ | ऽ | ਕੋ | ऽ | ਟੁ | ऽ |
| ਸਂ | ਸਂ | ਸਂ | ਸਂ | ਰੇਂ | - | ਸਂ | - | ਸਂ | ਨੀ | ਧੁ | - | ਧੁ | - | ਧੁ- | - |
| ਪੰ | ਚ | ਸਿ | ਕ | ਦਾ | ऽ | ਰਾ | ऽ | ਪੰ | ऽ | ਚੇ | ऽ | ਮਾ | ऽ | ਗਹਿ | ऽ |
| ਮਂ | - | ਧੁ | - | ਪਮਂ | - | ਗਮ | - | ਪ | ਪ | - | ਪ | ਧ | - | ਨੀ | - |
| ਹਾ | ऽ | ऽ | ऽ | ਲਾ | ऽ | ऽ | ऽ | ਜਿ | ਮੀ | ऽ | ਨਾ | ਹੀ | ऽ | ਮੈ | ऽ |
| ਸਂ | ਸਂ | - | ਸਂ | ਰੇਂ | - | ਸਂ | - | ਸਂ | ਨੀ | ਧੁ | - | ਧੁ | - | ਧੁ | ਧੁ |
| ਕਿ | ਸੀ | ऽ | ਕੀ | ਬੋ | ऽ | ਈ | ऽ | ਐ | ऽ | ਸਾ | ऽ | ਦੇ | ऽ | ਠ | ਦੁ |
| ਮਂ | - | ਧੁ | - | ਪਮਂ | - | ਗਮ | - | | | | | | | | |
| ਖਾ | ऽ | ऽ | ऽ | ਲਾ | ऽ | ऽ | ऽ* | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੫. ਬਿਲਾਵਲ

ਰਾਗ ਬਿਲਾਵਲ ਭਾਰਤੀ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਪਰਸਿਧ ਰਾਗ ਹੈ। ਮੱਧਕਾਲ ਦੇ ਲਗਭਗ ਸਾਰੇ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦੇ ਉਲੇਖ ਤੋਂ ਇਸ ਰਾਗ ਦੀ ਲੋਕਪ੍ਰਿਯਤਾ ਬਾਰੇ ਪਤਾ ਲਗਦਾ ਹੈ। ਸੰਸਕ੍ਰਿਤ ਗ੍ਰੰਥਕਾਰਾਂ ਨੇ ਇਸ ਰਾਗ ਦਾ ਨਾਮ ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ ਅੰਕਿਤ ਕੀਤਾ ਹੈ। ਇਸ ਰਾਗ ਅਧੀਨ ਮਹਲਾ ੧, ੩, ੪, ੫ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਤੇ ਭਗਤ ਸਧਨਾ ਜੀ ਨੇ ਬਾਣੀ ਉਚਾਰੀ ਹੈ। ਰਾਗ ਬਿਲਾਵਲ ਸਬੰਧੀ ਗੁਰ ਫੁਰਮਾਨ ਹੈ:

***ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥***
***ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥***

***(ਸ੍ਰੀ ਗੁਰੂ ਗ੍ਰੰਥ ਸਾਹਿਬ, ੮੪੯)***

ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੋਣ ਕਾਰਨ ਇਸ ਨੂੰ ਸਵੇਰ ਦਾ ਕਲਿਆਣ ਵੀ ਕਿਹਾ ਜਾਂਦਾ ਹੈ। ਸ਼ੁੱਧ ਸਪਤਕ ਦੇ ਇਸ ਰਾਗ ਵਿਚ ਸਾਰੇ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ ਵਾਦੀ **ਧੈਵਤ, ਸੰਵਾਦੀ ਗੰਧਾਰ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ** ਅਤੇ **ਜਾਤੀ ਸੰਪੂਰਣ** ਹੈ।

**ਆਰੋਹ** : ਸ, ਰੇ ਗ, ਮ ਪ, ਧ, ਨੀ ਸਂ।

**ਅਵਰੋਹ** : ਸਂ ਨੀ ਧ, ਪ, ਮ ਗ, ਰੇ ਸ।

**ਮੁੱਖ ਅੰਗ** : ਗ ਰੇ, ਗ ਪ ਧ ਪ, ਮ ਗ, ਮ ਰੇ ਸ।

**ਸੁਰ ਵਿਸਥਾਰ** : ੧. ਸ, ਰੇ ਗ, ਮ ਗ, ਰੇ ਸ, ਨ਼ੀ ਧ਼ ਪ਼, ਧ਼ ਨ਼ੀ ਸ ਰੇ ਸ, ਰੇ ਗ ਮ ਗ, ਰੇ ਗ ਮ ਪ ਮ ਗ, ਗ ਮ ਪ, ਧ ਪ, ਰੇ ਗ ਮ ਪ ਮ ਗ, ਮ ਰੇ ਸ।

੨. ਰੇ ਗ ਮ ਪ, ਧ ਧ ਪ, ਧ ਨੀ ਸਂ, ਧ ਨੀ ਸਂ ਰੇਂ ਸਂ, ਸਂ ਰੇਂ ਗਂ, ਮਂ ਗਂ ਰੇਂ ਗਂ, ਮਂ ਪਂ ਮਂ ਗਂ, ਰੇਂ ਸਂ, ਸਂ ਨੀ ਧ ਧ ਪ, ਪ ਧ ਮ ਪ ਮ ਗ, ਰੇ ਗ ਮ ਗ, ਰੇ ਸ।

# ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮

## ੧ਓ ਸਤਿਗੁਰ ਪ੍ਰਸਾਦਿ ॥

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥
[1]ਈਘੈ ਨਿਰਗੁਨ ਊਘੈ ਸਰਗੁਨ ਕੇਲ[2] ਕਰਤ ਬਿਚਿ ਸੁਆਮੀ ਮੇਰਾ॥੧॥ਰਹਾਉ॥
ਨਗਰ[3] ਮਹਿ ਆਪਿ ਬਾਹਰਿ ਫੁਨਿ [4]ਆਪਨ ਪ੍ਰਭ ਮੇਰੇ ਕੋ [5]ਸਗਲ ਬਸੇਰਾ॥
ਆਪੇ ਹੀ ਰਾਜਨੁ ਆਪੇ ਹੀ ਰਾਇਆ[6] [7]ਕਹ ਕਹ ਠਾਕੁਰੁ ਕਹ ਕਹ ਚੇਰਾ॥੧॥
ਕਾ ਕਉ ਦੁਰਾਉ[8] ਕਾ ਸਿਉ ਬਲਬੰਚਾ[9] [10]ਜਹ ਜਹ ਪੇਖਉ ਤਹ ਤਹ ਨੇਰਾ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ [11]ਅਨ ਹੇਰਾ॥੨॥੧॥੧੧੭॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੨੭)

---

੧. ਇਕ ਪਾਸੇ ਨਿਰਗੁਣ ਸਰੂਪ ਹੈ ਤੇ ਦੂਜੇ ਪਾਸੇ ਸਰਗੁਣ ਸਰੂਪ ਹੈ। ਦੋਹਾਂ ਹਾਲਤਾਂ ਦੇ ਦਰਮਿਆਨ ਮੇਰਾ ਮਾਲਕ ਰਚਨਾ ਦੀ ਖੇਡ ਕਰ ਰਿਹਾ ਹੈ; ਭਾਵ ਹਰੀ ਆਪ ਹੀ ਦੋਹਾਂ ਵਿੱਚ ਹੋ ਕੇ ਰਚਨਾ ਦਾ ਕੰਮ ਚਲਾ ਰਿਹਾ ਹੈ।
੨. ਚੋਜ, ਖੇਡ।
੩. ਸਰੀਰ-ਨਗਰ।
੪. ਫੇਰ, ਭੀ।
੫. ਸਾਰੇ ਪਾਸੇ ਵਾਸਾ ਹੈ।
੬. ਰਿਆਇਆ, ਰਈਅਤ, ਪਰਜਾ।
੭. ਕਿਤੇ ਕਿਤੇ, ਕਿਸੇ ਥਾਂ। ਕਿਤੇ ਤਾਂ ਉਹ ਮਾਲਕ ਹੋ ਕੇ ਵਰਤਦਾ ਹੈ ਤੇ ਕਿਤੇ ਨੌਕਰ ਹੋ ਕੇ।
੮. ਲੁਕਾਉ। ਕਿਸ ਤੋਂ ਲੁਕਾਉ ?
੯. ਵਲ ਵੰਚ, ਵਲ-ਛੱਲ, ਠੱਗੀ।
੧੦. ਜਿਥੇ ਜਿਥੇ ਵੇਖਦਾ ਹਾਂ ਉਥੇ ਹੀ ਨੇੜੇ (ਮੌਜੂਦ) ਹੈ।
੧੧. ਵੱਖਰਾ ਨਹੀਂ ਦਿਸਦਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੨੭

## ਰਾਗ ਬਿਲਾਵਲ ਮਹਲਾ ੫ ਤਿੰਨਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | ਗਮ | ਰੇਗ | ਪ | ਮ | ਗ | ਰੇ | ਸਨ਼ੀ | ਸ |
| | | | | | | | | ਮੋੲ | ss | ਨਾ | s | ਹੀ | s | ਪ੍ਰਭ | ਭ |
| ਪ | ਪ | ਰੇ | ਗ | ਮ | ਪ | ਮ | ਗ | ਪ | - | ਪ | - | ਨੀ | ਧ | ਨੀ | ਨੀ |
| ਸ | ਭੁ | ਕਿ | ਛੁ | ਤੇ | s | ਰਾ | s | ਈ | s | ਘੈ | s | ਨਿ | ਰ | ਗੁ | ਨ |
| ਸਂ | - | ਸਂਰੇਂ | ਨੀਸਂ | ਧ | ਪ | ਮ | ਗ | ਗਮ | ਰੇਗ | ਪ | ਮ | ਗ | ਰੇ | ਸਨ਼ੀ | ਸ |
| ਊ | s | ਘੈs | ss | ਸ | ਰ | ਗੁ | ਨ | ਕੇs | ss | ਲ | ਕ | ਰ | ਤ | ਬਿs | ਚਿ |
| ਪ- | ਪ | ਰੇ | ਗ | ਮ | ਪ | ਮ | ਗ | | | | | | | | |
| ਸੁਆ | s | ਮੀ | s | ਮੇ | s | ਰਾ | s | | | | | | | | |
| *ਅੰਤਰਾ* | | | | | | | | | ਪਪ | ਪ | ਪ- | ਨੀ | ਧ | ਨੀ | - |
| | | | | | | | | | ਨਗ | ਰ | ਮਹਿ | ਆ | s | ਪਿ | s |
| ਸਂ | ਸਂਸਂ | ਸਂ | ਸਂ | ਧਨੀ | ਸਂਰੇਂ | ਸਂਨੀ | ਸਂ | ਸਂ | ਰੇਂ | ਗਂ | ਮਂ | ਗਂ | ਰੇਂ | ਸਂ- | - |
| ਬਾ | ਹਰਿ | ਫੁ | ਨਿ | ਆੲ | ss | ਪੲ | ਨ | ਪ੍ਰ | ਭ | ਮੇ | s | ਰੇ | s | ਕਉ | s |
| ਸਂ | ਸਂ | ਸਂ | ਸਂ | ਨੀਧ | - | ਪ | - | ਪ | ਪ | ਪ | - | ਨੀ | - | ਧ | ਨੀ |
| ਸ | ਗ | ਲ | ਬ | ਸੇ | s | ਰਾ | s | ਆ | ਪੇ | ਹੀ | s | ਰਾ | s | ਜ | ਨੁ |
| - | ਸਂ | ਸਂ | ਸਂ | ਧਨੀ | ਸਂਰੇਂ | ਸਂਨੀ | ਸਂ- | ਸਂ | ਰੇਂ | ਗਂ | ਮਂ | ਗਂ | ਰੇਂ | ਸਂ | ਸਂ |
| - | ਆ | ਪੇ | ਹੀ | ਰਾੲ | ss | ss | ਇਆ | ਕ | ਹ | ਕ | ਹ | ਠਾ | s | ਕੁ | ਰੁ |
| ਸਂ | ਸਂ | ਸਂ | ਸਂ | ਨੀਧ | - | ਪ | - | ਸਂ | ਸਂ | ਸਂ | ਸਂ | ਨੀ | ਧ | ਪ | ਪ |
| ਕ | ਹ | ਕ | ਹ | ਚੇ | s | ਰਾ | s | ਕ | ਹ | ਕ | ਹ | ਠਾ | s | ਕੁ | ਰ |
| ਗਪ | ਰੇਗ | ਪ | ਮ | ਗ | ਰੇ | ਸ | - | | | | | | | | |
| ਕs | ਹs | ਕ | ਹ | ਚੇ | s | ਰਾ | s * | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੯. ਬਿਲਾਵਲ ਦੱਖਣੀ

ਭਾਰਤੀ ਸੰਗੀਤ ਦੇ ਪੁਰਾਤਨ ਅਤੇ ਪ੍ਰਸਿੱਧ ਰਾਗ ਬਿਲਾਵਲ ਦਾ ਪ੍ਰਚਾਰ ਉੱਤਰੀ ਅਤੇ ਦੱਖਣੀ ਦੋਵੇਂ ਸੰਗੀਤ ਪੱਧਤੀਆਂ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਿਲਾਵਲ ਦੇ ਦੱਖਣੀ ਰੂਪ ਨੂੰ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਹੈ ਅਤੇ ਬਿਲਾਵਲ ਦੱਖਣੀ ਸਿਰਲੇਖ ਦਿੱਤਾ ਹੈ। ਇਸ ਰਾਗ ਵਿਚ ਕੋਮਲ ਗੰਧਾਰ ਦਾ ਪ੍ਰਯੋਗ ਕਰਦੇ ਹੋਏ, ਆਰੋਹ ਵਿਚ ਗੰਧਾਰ ਨਿਸ਼ਾਦ ਵਰਜਿਤ ਕੀਤੇ ਜਾਂਦੇ ਹਨ। **ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਔੜਵ-ਸੰਪੂਰਣ ਹੈ।**

**ਆਰੋਹ** : ਸ ਰੇ, ਮ ਪ, ਧ ਸਂ।

**ਅਵਰੋਹ** : ਸਂ ਨੀ, ਧ ਪ, ਮ ਗੁ, ਰੇ ਸ।

**ਮੁੱਖ ਅੰਗ** : ਸ ਰੇ, ਮ ਪ, ਮ ਗੁ ਰੇ, ਸ ਨ਼ੀ ਸ।

**ਸੁਰ ਵਿਸਥਾਰ** : ੧. ਸ ਰੇ ਸ, ਨ਼ੀ ਸ, ਨ਼ੀ ਧ਼ ਪ਼, ਧ਼ ਸ, ਸ ਰੇ, ਮ ਪ, ਧ ਪ, ਮ ਧ ਪ ਮ ਗੁ, ਸ।

੨. ਰੇ ਸ, ਰੇ ਮ ਸ ਰੇ, ਮ ਪ, ਧ ਪ ਮ ਗੁ, ਰੇ ਮ ਪ, ਧ ਪ ਧ ਸਂ, ਨੀ ਸ ਨੀ ਧ ਪ, ਮ ਪ ਧ ਪ, ਧ ਪ ਮ ਗੁ, ਰੇ ਮ ਪ, ਮ ਗੁ ਰੇ, ਸ ਨ਼ੀ ਸ।

# ਬਿਲਾਵਲੁ ਮਹਲਾ ੧ ਛੰਤ ਦਖਣੀ

## ੧ੴ ਸਤਿਗੁਰ ਪ੍ਰਸਾਦਿ ॥

ਮੁੰਧ[੧] ਨਵੇਲੜੀਆ[੨] ਗੋਇਲਿ[੩] ਆਈ ਰਾਮ॥

ਮਟੁਕੀ[੪] ਡਾਰਿ ਧਰੀ ਹਰਿ ਲਿਵ ਲਾਈ ਰਾਮ॥

ਲਿਵ ਲਾਇ ਹਰਿ ਸਿਉ ਰਹੀ ਗੋਇਲਿ [੫]ਸਹਜਿ ਸਬਦਿ ਸੀਗਾਰੀਆ॥

ਕਰ [੬]ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ॥

[੭]ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥

ਨਾਨਕ ਮੁੰਧ ਨਵੇਲ[੮] ਸੁੰਦਰਿ ਦੇਖਿ ਪਿਰੁ ਸਾਧਾਰਿਆ[੯]॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੩)*

---

੧. ਇਸਤਰੀ।
੨. ਨਵੀਂ। ਜਵਾਨ ਇਸਤ੍ਰੀ, ਜੀਵ।
੩. ਜਿਥੇ ਗੁੱਜਰ ਲੋਕ ਆਪਣੇ ਮਾਲ ਨੂੰ ਬਰਖਾ ਰੁਤ ਵਿੱਚ ਤਾਰਨ ਲਈ ਥੋੜ੍ਹੇ ਸਮੇਂ ਲਈ ਲੈ ਜਾਂਦੇ ਹਨ। ਇਹ ਸੰਸਾਰ ਵੀ ਥੋੜ੍ਹੇ ਸਮੇਂ ਲਈ ਜੀਵ ਦੀ ਯਾਤ੍ਰਾ ਹੈ, ਇਸ ਲਈ ਇਸ ਨੂੰ ਗੋਇਲ ਵਾਸਾ ਕਰਕੇ ਲਿਖਿਆ ਹੈ।
੪. ਚਾਟੀ ਭਾਵ ਜਗਤ-ਧੰਧੇ ਤੋਂ ਉਪਰਾਮ ਹੋ ਕੇ ਹਰੀ ਵਿੱਚ ਲਿਵ ਲਾ ਕੇ ਬੈਠ ਗਈ ਹੈ।
੫. ਕੁਦਰਤੀ ਢੰਗ ਨਾਲ ਸ਼ਬਦ ਦੁਆਰਾ ਆਪਣੇ ਆਪ ਨੂੰ ਸ਼ਿੰਗਾਰਿਆ ਹੈ।
੬. ਹੱਥ।
੭. ਇਸਤ੍ਰੀ ਦੀ ਪ੍ਰੇਮਾ ਭਗਤੀ ਵੇਖ ਕੇ ਉਸਦਾ ਕਾਮ ਕ੍ਰੋਧ ਪ੍ਰੀਤਮ ਦੂਰ ਕਰਦਾ ਹੈ।
੮. ਨਵੀਂ। ਜਵਾਨ ਇਸਤ੍ਰੀ, ਜੀਵ।
੯. ਆਸਰੇ ਸਹਿਤ ਹੋ ਗਈ ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੪੩

## ਰਾਗ ਬਿਲਾਵਲ ਦੱਖਣੀ — ਮਹਲਾ ੧ — ਦੀਪਚੰਦੀ ਤਾਲ

| | | | | | | | | | | | | | |
|---|---|---|---|---|---|---|---|---|---|---|---|---|---|
| × | | 2 | | | | 0 | | 3 | | | | | |
| **ਸਥਾਈ** | | | | | | | | | | | | | |
| ਸ | ਰੇ | ਮ | ਪ | - | - | - | - | - | ਪ | ਗੁ | - | ਰੇ | ਸ |
| ਮੁੰ | ऽ | ऽ | ਧ | ऽ | ऽ | ऽ | ऽ | ऽ | ਨ | ਵੇ | ऽ | ਲ | ੜੀ |
| ਰੇ | - | - | - | - | - | - | - | - | - | - | - | - | - |
| ਆ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਪ | ਧ | - | ਸੰਸੰ | - | - | - | - | - | - | ਸੰ | ਨੀ | ਧ | ਪ |
| ਗੋ | ऽ | ऽ | ਇਲਿ | ऽ | ऽ | ऽ | ऽ | ऽ | ऽ | ਆ | ऽ | ਈ | ऽ |
| ਪ | - | - | - | - | - | - | ਗੁ | - | - | ਰੇ | - | - | - |
| ਰਾ | ऽ | ऽ | ऽ | ऽ | ऽ | ऽ | ਮ | ऽ | ऽ | ऽ | ऽ | ऽ | ऽ |
| ਸ | - | - | ਪ | ਪ | ਪ | - | ਗੁ | - | - | ਰੇ | - | ਮ | - |
| ऽ | ऽ | ऽ | ਮ | ਟੁ | ਕੀ | ऽ | ਡਾ | ऽ | ऽ | ਰਿ | ऽ | ਧ | ऽ |
| ਪ | - | - | - | - | - | - | - | - | - | - | - | - | - |
| ਰੀ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ | ऽ |
| - | - | - | ਪ | ਪ | ਧ | ਧ | ਸੰ | - | - | ਸੰ | - | - | - |
| ऽ | ऽ | ऽ | ਹ | ਰਿ | ਲਿ | ਵ | ਲਾ | ऽ | ऽ | ਈ | ऽ | ऽ | ऽ |
| ਸੰ | - | - | ਪ | - | - | - | ਗੁ | - | - | ਰੇ | - | ਸ | - |
| ਰਾ | ऽ | ऽ | ऽ | ऽ | ऽ | ऽ | ਮ | ऽ | ऽ | ऽ | ऽ | ऽ | ऽ |
| **ਅੰਤਰਾ** | | | | | | | | | | ਧਧ | ਧ | ਪ | ਧ |
| | | | | | | | | | | ਲਿਵ | ਲਾ | ਇ | ऽ |
| ਸੰ | ਸੰ | - | ਸੰ- | - | - | - | - | - | - | ਸੰ | ਨੀ | ਧ | ਪ |
| ਹ | ਰਿ | ऽ | ਸਿਉ | ऽ | ऽ | ऽ | ऽ | ऽ | ऽ | ਰ | ਹੀ | ऽ | ऽ |
| ਸੰ | - | - | ਸੰ | - | ਸੰ | - | - | - | - | - | - | - | - |
| ਗੋ | ऽ | ऽ | ਇ | ऽ | ਲਿ | ऽ | ऽ | ऽ | ऽ | ऽ | ऽ | ऽ | ऽ |
| - | - | - | - | ਰੇਂ | ਰੇਂ | ਰੇਂ | ਸੰ | ਨੀ | - | ਧ | - | ਪ | - |
| ऽ | ऽ | ऽ | ऽ | ਸ | ਹਿ | ਜ | ਸ | ਬ | ऽ | ਦਿ | ऽ | ਸੀ | ऽ |
| ਧ | ਸੰ | ਸੰ | ਸੰ | - | - | - | - | - | - | - | ਧਧ | ਪ | ਧ |
| ਗਾ | ऽ | ਰੀ | ਆ | ऽ | ऽ | ऽ | ऽ | ऽ | ऽ | ऽ | ਕਰ | ਜੋ | ੜਿ |
| ਸੰ | ਸੰ | - | ਸੰ- | - | - | - | - | - | - | ਸੰ | ਨੀ | ਧ | ਪ |
| ਗੁ | ਰ | ऽ | ਪਹਿ | ऽ | ऽ | ऽ | ऽ | ऽ | ऽ | ਕ | ऽ | ਰਿ | ਥਿ |
| ਸੰ | - | - | ਸੰ | - | - | - | - | - | - | - | - | - | - |
| ਨੰ | ऽ | ऽ | ਤੀ | ऽ | ऽ | ऽ | ऽ | ऽ | ऽ | ऽ | ऽ | ऽ | ऽ |
| - | - | - | - | ਰੇਂਰੇਂ | ਰੇਂ | - | ਸੰ | ਨੀ | - | ਧ | - | ਪ | ਪ |
| - | ऽ | ऽ | ऽ | ਮਿਲ | ਹੁ | ऽ | ਸਾ | ऽ | ऽ | ਚਿ | ऽ | ਪਿ | ऽ |
| ਧ | ਸੰ | ਸੰ | ਸੰ | ਸੰਸੰ | ਨੀ | ਧ | ਪ | - | - | ਗੁ | - | ਰੇ | ਸ |
| ਆ | ऽ | ਰੀ | ਆ | ਮਿਲ | ਹੁ | ऽ | ऽ | ऽ | ऽ | ਸਾ | ऽ | ਚ | ਪਿ |
| ਰੇ | - | ਰੇ | ਸ | - | - | - | - | - | - | | | | |
| ਆ | ऽ | ਰੀ | ਆ | ऽ | ऽ | ऽ | ऽ | ऽ | ऽ * | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੭. ਬਿਲਾਵਲ ਮੰਗਲ

ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਬਿਲਾਵਲ ਮੰਗਲ, ਦੋ ਵਿਭਿੰਨ ਰਾਗਾਂ ਬਿਲਾਵਲ ਅਤੇ ਮੰਗਲ ਦਾ ਸੁਮੇਲ ਹੈ। ਇਹ ਭਾਰਤੀ ਸੰਗੀਤ ਦਾ ਇਕ ਅਪ੍ਰਸਿੱਧ ਰਾਗ ਪ੍ਰਕਾਰ ਹੈ ਜਿਸ ਦਾ ਪ੍ਰਯੋਗ ਕੇਵਲ ਗੁਰਮਤਿ ਪਰੰਪਰਾ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਗਿਆ ਹੈ। ਇਸ ਰਾਗ ਨੂੰ ਸਰਬ ਪ੍ਰਥਮ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਨੇ ਸੁਤੰਤਰ ਰਾਗ ਵਜੋਂ ਸਵੀਕਾਰਿਆ। ਆਪਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖ *ਛੰਤ ਬਿਲਾਵਲ ਮਹਲਾ ੪ ਮੰਗਲ* (ਪੰਨਾ ੮੪੪) ਅਤੇ *ਬਿਲਾਵਲ ਮਹਲਾ ੪ ਛੰਤ ਮੰਗਲ* ਨੂੰ ਆਧਾਰ ਰੂਪ ਵਿਚ ਪੇਸ਼ ਕੀਤਾ ਹੈ। ਇਸ ਰਾਗ ਵਿਚ ਕੇਵਲ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਹੀ ਦਰਜ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਵਰਜਿਤ ਕਰਦੇ ਹੋਏ ਬਾਕੀ ਸੁਰ ਵਕਰ ਰੀਤੀ ਤੋਂ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਦਿਨ ਦਾ ਪਹਿਲਾ ਪਹਿਰ** ਅਤੇ **ਜਾਤੀ ਸ਼ਾੜਵ-ਸੰਪੂਰਣ** ਹੈ।

**ਆਰੋਹ** : ਸ ਗ, ਮ ਰੇ ਸ, ਗ ਮ ਧ, ਨੀ ਸਂ

**ਅਵਰੋਹ** : ਸਂ ਨੀ ਧ ਪ, ਧ ਮ, ਪ ਗ, ਮ ਰੇ, ਸ

**ਮੁੱਖ ਅੰਗ** : ਗ ਮ ਧ ਪ ਮ, ਪ ਗ, ਮ ਰੇ, ਸ

**ਸੁਰ ਵਿਸਥਾਰ** :

੧. ਸ ਨ਼ੀ ਧ਼ ਨ਼ੀ ਸ, ਸ ਗ ਗ ਮ, ਸ ਰੇ ਸ ਸ ਨ਼ੀ, ਸ ਨ਼ੀ ਧ਼ ਸ ਗ ਮ, ਮ ਗ ਮ ਰੇ, ਸ ਗ ਗ ਮ, ਸ ਮ ਗ, ਗ ਪ ਮ, ਗ ਮ ਪ ਗ ਮ ਗ ਪ ਮ, ਗ ਪ ਮ ਪ, ਗ ਮ ਰੇ ਸ।

੨. ਸ ਗ ਮ ਪ ਗ ਮ ਪ ਧ, ਮ ਧ ਧ ਪ ਧ ਪ ਮ, ਪ ਗ ਮ ਧ, ਪ ਮ ਨੀ ਨੀ, ਧ ਧ ਪ ਪ ਧ ਪ ਮ, ਧ ਮ ਪ ਗ ਮ ਰੇ, ਗ ਮ ਪ ਗ ਮ ਰੇ, ਸ ਨ਼ੀ ਸ ਧ਼ ਨ਼ੀ ਸ।

੩. ਮ ਮ ਪ ਮ ਧ, ਗ ਮ ਧ ਨੀ ਧ ਮ ਧ ਨੀ ਸਂ, ਮ ਧ ਨੀ ਸਂ ਧ ਨੀ ਰੇਂ ਸਂ, ਧ ਨੀ ਸਂ ਰੇਂ ਨੀ ਸਂ ਗਂ, ਗਂ ਮਂ ਰੇਂ ਸਂ, ਸਂ ਰੇਂ ਨੀ ਸਂ ਧ ਨੀ ਸਂ, ਸਂ ਨੀ ਧ ਨੀ ਨੀ ਸਂ, ਮ ਧ ਨੀ ਧ ਪ ਮ, ਗ ਮ ਪ ਗ ਮ ਰੇ ਸ, ਨ਼ੀ ਨ਼ੀ ਰੇ ਸ।

# ਛੰਤ ਬਿਲਾਵਲੁ ਮਹਲਾ ੪ ਮੰਗਲ

## ੧ੴ ਸਤਿਗੁਰ ਪ੍ਰਸਾਦਿ ॥

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ[੧] ਮਾਣਾ ਰਾਮ॥
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ[੨] ਰਾਮ॥
ਹਰਿ ਪ੍ਰਭੁ ਹਰਿ ਸੋਹਾਗੁ[੩] ਹੈ ਨਾਨਕ ਮਨਿ ਭਾਣਾ ਰਾਮ॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੪੪)*

---

੧. ਮੌਜਾਂ।
੨. ਰਤਨ। ਮੱਥੇ ਤੇ ਭਾਗਾਂ ਦੀ ਮਣੀ ਹੈ।
੩. ਪਤੀ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੪੪

## ਰਾਗ ਬਿਲਾਵਲ ਮੰਗਲ ਮਹਲਾ ੪ ਬੀਰ ਤਾਲ

| × | 2 | 3 | 0 | 4 | 0 |
|---|---|---|---|---|---|
| ***ਸਥਾਈ*** | | | | | ਗ ਮ |
| | | | | | ਮੇ ਰਾ |
| ਧ ਪ ਮ ਪ | ਗ - ਮ | ਰੇ - ਸ | ਗ - - - | ਮ- - - | - - - |
| ਹ ਰਿ ਪ੍ਰ ਭੁ | ਸੇ ऽ ऽ | ਜੈ ऽ ऽ | ਆ ऽ ऽ ऽ | ਇਆ ऽ ऽ | ऽ ऽ ऽ |
| ਮਮ ਮ ਧ ਧ | ਨੀ - ਸਂ | - - - | ਸਂ -ਨੀ ਧ ਪ | ਮਪ -ਮ ਗ | - - - |
| ਮਨੁ ਸੁ ਖਿ ਸ | ਮਾ ऽ ਣਾ | ऽ ऽ ऽ | ਰਾ ऽऽ ऽ ऽ | ਮऽ ऽऽ ऽ | ऽ ऽ ऽ |
| ਗ ਮ ਧ ਨੀ | ਸਂ - - | - - - | ਸਂ ਸਂ ਸਂ ਸਂ | ਸਂ ਨੀ ੰਸਂ- | ਨੀ ਧ - |
| ਗੁ ਰਿ ਤੁ ऽ | ਠੈ ऽ ऽ | ऽ ऽ ऽ | ਹ ਰਿ ਪ੍ਰ ਭ | ਪਾ ऽ ਇਆ | ऽ ऽ ऽ |
| ਧਧ ਧਨੀ ਸਂ ਗਂ | ਰੇਂ - ਸਂ | - - - | ਸਂ -ਨੀ ਧ ਪ | ਮਪ -ਮ ਗ | - - - |
| ਰੰਗਿ ਰਲੀ ਆ ऽ | ਮਾ ऽ ਣਾ | ऽ ऽ ऽ | ਰਾ ऽऽ ऽ ऽ | ਮऽ ऽऽ ऽ | ऽ ऽ ऽ |
| ***ਅੰਤਰਾ*** | | | | | |
| ਗ ਮ ਧ ਨੀ | ਸਂ - - | - - - | ਸਂ ਸਂ - ਸਂ | ਸਂ ਨੀ ੰਸਂ | ਨੀ ਧ - |
| ਵ ਡ ਭਾ ਗੀ | ਆ ऽ ऽ | ऽ ऽ ऽ | ਸੋ ਹਾ ऽ ਗ | ਣੀ ऽ ऽ | ऽ ऽ ऽ |
| ਧਧ ਨੀਨੀ ਸਂ ਗਂ | ਰੇਂ - ਸਂ | - - - | ਸਂ -ਨੀ ਧ ਪ | ਮਪ -ਮ ਗ | - - - |
| ਹਰਿ ਮਸ ਤ ਕਿ | ਮਾ ऽ ਣਾ | ऽ ऽ ऽ | ਰਾ ऽऽ ऽ ऽ | ਮऽ ऽऽ ऽ | ऽ ऽ ऽ |
| ਗ ਮ ਧ ਨੀ | ਸਂ ਸਂ - | - - - | ਸਂ ਸਂ - ਸਂ | ਸਂ ਨੀ ੰਸਂ | ਨੀ ਧ - |
| ਹ ਰਿ ਪ੍ਰ ਭੁ | ਹ ਰਿ ऽ | ऽ ऽ ऽ | ਸੋ ਹਾ ऽ ਗੁ | ਹੈ ऽ ऽ | ऽ ऽ ऽ |
| ਧ ਨੀਨੀ ਸਂ ਗਂ | ਰੇਂ - ਸਂ | - - - | ਸਂ -ਨੀ ਧ ਪ | ਮਪ -ਮ ਗ | - |
| ਨਾ ਨਕ ਮ ਨਿ | ਭਾ ऽ ਣਾ | ऽ ऽ ऽ | ਰਾ ऽऽ ऽ ऽ | ਮऽ ऽऽ ऽ | ऽ * |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੮. ਗੌਂਡ

ਭਾਰਤੀ ਸੰਗੀਤ ਵਿਚ ਕਠਿਨ ਤੇ ਪੁਰਾਤਨ ਰਾਗ ਵਜੋਂ ਜਾਣੇ ਜਾਂਦੇ ਰਾਗ ਗੌਂਡ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ੪, ੫, ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਕੀਤੀ ਗਈ ਹੈ। ਭਾਰਤੀ ਸੰਗੀਤ ਵਿਚ ਅਪ੍ਰਚਲਿਤ ਰਾਗ ਗੌਂਡ ਸਿੱਖ ਕੀਰਤਨਕਾਰਾਂ ਵਿਚ ਵਿਸ਼ੇਸ਼ ਰੂਪ ਵਿਚ ਪ੍ਰਚਲਿਤ ਹੈ। ਇਸ ਰਾਗ ਵਿਚ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਦਾ **ਵਾਦੀ ਸ਼ੜਜ, ਸੰਵਾਦੀ ਮਧਿਅਮ, ਥਾਟ ਬਿਲਾਵਲ, ਸਮਾਂ ਦਿਨ** ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ ਹੈ।

**ਆਰੋਹ** : ਸ ਰੇ ਗ ਮ, ਪ ਧ ਨੀ ਧ ਨੀ ਸਂ।

**ਅਵਰੋਹ** : ਸਂ ਨੀ ਧ ਨੀ ਪ, ਮ ਗ, ਰੇ ਸ।

**ਮੁੱਖ ਅੰਗ** ; ਰੇ ਗ ਮ, ਪ ਮ, ਮ ਪ ਨੀ ਧ ਨੀ ਪ, ਧ ਮ ਗ ਮ, ਗ ਰੇ ਸ।

**ਸੁਰ ਵਿਸਥਾਰ** :

੧. ਸ, ਨ਼ੀ ਸ, ਸ ਰੇ ਨ਼ੀ ਸ, ਨ਼ੀ ਧ਼ ਨ਼ੀ ਪ਼, ਧ਼ ਨ਼ੀ ਸ, ਸ ਰੇ ਗ ਮ, ਗ ਰੇ ਗ ਮ, ਪ ਮ, ਗ ਰੇ ਮਗ, ਰੇ ਗ ਮ, ਗ ਰੇ ਸ।

੨. ਰੇ ਗ ਮ, ਗ ਰੇ ਗ ਮ ਪ ਮ, ਧ ਪ ਨੀ ਧ ਨੀ ਪ, ਧ ਨੀ ਸਂ, ਰੇਂ ਸਂ, ਰੇਂ ਗਂ ਮਂ, ਗਂ ਰੇਂ ਸਂ, ਨੀ ਸਂ ਨੀ ਧ ਨੀ ਪ, ਧ ਮ ਗ ਮ, ਰੇ ਮ ਗ, ਗ ਰੇ ਸ।

## ਗੋਂਡ (ਨਾਮਦੇਉ ਜੀ) ॥

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ॥

ਮੈ ਅਜਾਨੁ[1] ਜਨੁ ਤਰਿਬੇ[2] ਨ ਜਾਨਉ ਬਾਪ ਬੀਠੁਲਾ[3] [4]ਬਾਹ ਦੇ॥੧॥ ਰਹਾਉ॥

ਨਰ ਤੇ ਸੁਰ[5] ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥

[6]ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ[7] ਮੈ ਪਾਈ॥੧॥

[8]ਜਹਾ ਜਹਾ ਧੂਅ ਨਾਰਦੁ ਟੇਕੇ[9] [10]ਨੈਕੁ ਟਿਕਾਵਹੁ ਮੋਹਿ॥

ਤੇਰੇ ਨਾਮ ਅਵਿਲੰਬਿ[11] ਬਹੁਤੁ ਜਨ ਉਧਰੇ ਨਾਮੇ ਕੀ[12] ਨਿਜ ਮਤਿ ਏਹ॥੨॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੭੩)*

---

੧. ਬੇਸਮਝ।
੨. ਤਰਨਾ।
੩. ਵਾਹਿਗੁਰੂ।
੪. ਸਹਾਇਕ ਹੋਵੇ।
੫. ਦੇਵਤੇ।
੬. ਮਨੁੱਖ ਤੋਂ ਪੈਦਾ ਹੋ ਕੇ, ਮਨੁੱਖਾ ਜਨਮ ਲੈ ਕੇ (ਕਈਆਂ ਲਿਖਤੀ ਬੀੜਾਂ ਵਿੱਚ ਪਾਠ 'ਨਰ' ਦੀ ਥਾਂ 'ਨਰਕ' ਹੈ।)
੭. ਦਵਾਈ, ਸਾਧਨ।
੮. ਜਿਸ ਅਵਸਥਾ ਵਿੱਚ।
੯. ਟਿਕਾਏ ਹਨ।
੧੦. ਰਤਾ ਕੁ ਟਿਕਾਓ ਮੈਨੂੰ ਭੀ ਉਥੇ।
੧੧. (ਸੰ. ਅਵਲੰਬ=ਆਸਰਾ) ਆਸਰੇ। ਆਸਰਾ ਲੈ ਕੇ।
੧੨. ਆਪਣੀ ਪੱਕੀ ਰਾਏ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੭੩

## ਰਾਗ ਗੋਂਡ | ਭਗਤ ਨਾਮਦੇਵ ਜੀ | ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | ਸ | ਰੇ- | ਗ | ਮ | ਪ |
| | | | | | | | | | | | ਮੋ | ਕਉ | ਤਾ | ऽ | ਰਿ |
| ਮ | - | - | - | ਗ | ਰੇ | ਗ | ਮ | ਗ | ਰੇ | ਸ | - | ਨੀ | ਧ | ਨੀ | ਪ |
| ਲੇ | ऽ | ऽ | ऽ | ਰਾ | ਮਾ | ਤਾ | ਰਿ | ਲੇ | ऽ | ऽ | ऽ | ਮੈ | ऽ | ਅ | ਜਾ |
| ਧ | ਪ | ਮ | ਮ | ਗ | ਰੇ | ਗ | ਮ | ਗ | - | ਗ | - | ਪ਼ | - | ਨੀਧ | ਨੀ |
| ऽ | ਨੁ | ਜ | ਨੁ | ਤ | ਰਿ | ਬੇ | ਨ | ਜਾ | ऽ | ਨਉ | ऽ | ਬਾ | ऽ | ਪऽ | ਬੀ |
| ਸੰ | ਸੰ | ਸੰ | - | ਨੀ | ਧ | ਨੀ | ਪ | ਧ | ਮ | ਗ | | | | | |
| ऽ | ਠੁ | ਲਾ | ऽ | ਬਾ | ऽ | ऽ | ਹ | ਦੇ | ऽ | ऽ | | | | | |
| **ਅੰਤਰਾ** | | | | | | | | | | | | ਪ | ਪ | ਨੀਧ | ਨੀ |
| | | | | | | | | | | | | ਨ | ਰੇ | ਤੇऽऽ | |
| ਸੰ | ਸੰ | ਸੰ | ਸੰ | ਸੰ | ਰੇਂ | ਗਂ | ਮਂ | ਗਂ | ਰੇਂ | ਸੰ | - | ਨੀ | ਨੀ | ਧ | ਨੀ |
| ਸੁ | ਰ | ਹੋ | ਇ | ਜਾ | ऽ | ਤ | ਨਿ | ਮ | ਖ | ਮੈ | ऽ | ਸ | ਤਿ | ਗੁ | ਰ |
| ਪ | ਪ | ਮ | ਮ | ਗ | ਰੇ | ਗ | ਮ | ਗ | - | - | - | ਪ | ਪ | ਨੀਧ | ਨੀ |
| ਬੁ | ਧਿ | ਸਿ | ਖ | ਲਾ | ऽ | ऽ | ऽ | ਈ | ऽ | ऽ | ऽ | ਨ | ਰ | ਤੇऽ | ऽ |
| ਸੰ | ਸੰ | ਸੰ | ਸੰ | ਸੰ | ਰੇਂ | ਗਂ- | ਮਂ | ਗਂ | ਰੇਂ | ਸੰ- | ਸੰ | ਨੀ | - | ਧ | ਨੀ |
| ਉ | ਪ | ਜਿ | ਸੁ | ਰ | ਗ | ਕਉ | ऽ | ਜੀ | ऽ | ਤਿਓ | ऽ | ਸੋ | ऽ | ਅ | ਵ |
| ਪ | ਪ | ਮ | ਮ | ਗ | ਰੇ | ਗ | ਮ | ਗ | - | - | - | ਨੀ | ਨੀ | ਧ | ਨੀ |
| ਖ | ਧ | ਮੈ | ਪਾ | ਪਾ | ऽ | ऽ | ऽ | ਈ | ऽ | ऽ | ऽ | ਸੋ | ऽ | ਅ | ਵ |
| ਪ | ਪ | ਮ | - | ਗ | ਰੇ | ਗ | ਮ | ਗ | ਰੇ | ਸ | | | | | |
| ਖ | ਧ | ਮੈ | ऽ | ਪਾ | ऽ | ऽ | ऽ | ਈ | ऽ | ऽ* | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੩੯. ਬਿਲਾਵਲ ਗੋਂਡ

ਬਿਲਾਵਲ ਗੋਂਡ ਰਾਗ ਦਾ ਉਲੇਖ ਭਾਰਤੀ ਸੰਗੀਤ ਗ੍ਰੰਥਾਂ ਵਿਚ ਉਪਲੱਬਧ ਨਹੀਂ ਪਰੰਤੂ ਕੁਝ ਪਰੰਪਰਾਗਤ ਗਾਇਕਾਂ ਕੋਲੋਂ ਗਾਇਨ ਰੂਪ ਵਿਚ ਇਸ ਰਾਗ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦਾ ਕੇਵਲ ਇਕ ਸ਼ਬਦ ਇਸ ਰਾਗ ਅਧੀਨ ਅੰਕਿਤ ਹੈ (ਪੰਨਾ ੮੭੪)। ਮਿਸ਼ਰਤ ਰਾਗ ਪਰਿਪਾਟੀ ਅਨੁਸਾਰ ਇਸਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ ਜਿਵੇਂ ਗੋਂਡ ਮਲ੍ਹਾਰ, ਗੌਂਡ ਸਾਰੰਗ ਆਦਿ ਪਰ ਗੁਰਮਤਿ ਸੰਗੀਤ ਵਿਚ ਗੌਂਡ ਦਾ ਸਿਰਫ ਇਕ ਪ੍ਰਕਾਰ ਬਿਲਾਵਲ ਨਾਲ ਮਿਸ਼ਰਤ ਕਰਕੇ ਰਾਗ ਬਿਲਾਵਲ ਗੌਂਡ ਦੇ ਰੂਪ ਵਿਚ ਗਾਉਣ ਦੀ ਪ੍ਰਥਾ ਹੈ। ਇਸ ਰਾਗ ਵਿਚ ਸਾਰੇ ਸੁਰ ਸ਼ੁਧ ਅਤੇ ਵਕਰ ਰੀਤੀ ਨਾਲ ਲਗਦੇ ਹਨ। ਇਸ ਦਾ ਵਾਦੀ ਗੰਧਾਰ, ਸੰਵਾਦੀ ਧੈਵਤ, ਸਮਾਂ ਦਿਨ ਦਾ ਦੂਜਾ ਪਹਿਰ ਅਤੇ ਜਾਤੀ ਵਕਰ-ਸੰਪੂਰਣ ਹੈ।

| | | |
|---|---|---|
| ਆਰੋਹ | : | ਸ ਰੇ ਗ ਮ ਪ, ਧ ਨੀ ਸਂ। |
| ਅਵਰੋਹ | : | ਸਂ ਨੀ ਧ ਨੀ ਪ, ਮ ਗ ਰੇ ਮ ਗ, ਪ ਰੇ ਸ। |
| ਮੁੱਖ ਅੰਗ | : | ਸ ਰੇ ਗ ਮ ਪ, ਗ ਰੇ ਮ ਗ, ਪ ਰੇ ਸ। |
| ਸੁਰ ਵਿਸਥਾਰ | : | ੧. ਸ ਰੇ ਗ ਮ ਗ ਰੇ ਸ, ਧ਼ ਨ਼ੀ ਪ਼, ਧ਼ ਨ਼ੀ ਸ, ਰੇ ਗ ਮ ਪ, ਧ ਨੀ ਪ, ਮ ਗ ਰੇ ਮ ਗ, ਪ ਰੇ ਸ। |
| | | ੨. ਸ, ਰੇ ਗ ਮ ਪ, ਧ ਨੀ ਪ, ਧ ਨੀ ਸਂ, ਸਂ, ਧ ਨੀ ਪ, ਗ ਰੇ ਮ ਗ, ਰੇ ਗਮ ਪ, ਗ ਰੇ ਮ ਗ, ਪ ਰੇ ਸ। |
| | | ੩. ਪ, ਧ ਨੀ ਸਂ, ਗਂ ਰੇਂ ਮਂ ਗਂ, ਰੇਂ ਗਂ ਮਂ ਪਂ, ਮਂ ਗਂ, ਗਂ ਰੇਂ ਮਂ ਗਂ ਪਂ ਰੇਂ ਸਂ, ਸਂ ਧ ਨੀ ਧ, ਮ ਗ ਰੇ ਮ ਗ, ਪ ਰੇ ਸ। |

## ਬਿਲਾਵਲੁ ਗੋਂਡ (ਨਾਮਦੇਉ ਜੀ) ॥

ਆਜੁ ਨਾਮੇ ਬੀਠਲੁ[੧] ਦੇਖਿਆ ਮੂਰਖ ਕੋ ਸਮਝਾਊ ਰੇ॥ਰਹਾਉ॥
ਪਾਂਡੇ[੨] ਤੁਮਰੀ ਗਾਇਤ੍ਰੀ [੩]ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ[੪] ਟਗਰੀ[੫] ਤੋਰੀ [੬]ਲਾਂਗਤ ਲਾਂਗਤ ਜਾਤੀ ਥੀ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ[੭] ਬਲਦ ਚੜਿਆ ਆਵਤੁ ਦੇਖਿਆ ਥਾ॥
[੮]ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ[੯] ਹੋਈ ਘਰ ਕੀ ਜੋਇ[੧੦] ਗਵਾਈ ਥੀ॥੩॥
ਹਿੰਦੂ ਅੰਨ੍ਹਾ ਤੁਰਕੂ ਕਾਣਾ[੧੧]॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੭੪)*

---

੧. ਵਾਹਿਗੁਰੂ (ਮਰਾਠੀ ਵਿਚ ਵਿਸਨੂੰ ਜੀ 'ਵਿਠੱਲ' ਆਖਦੇ ਹਨ।
੨. ਹੇ ਪੰਡਤ !
੩. ਗਾਇਤ੍ਰੀ ਬ੍ਰਹਮਾ ਦੀ ਵਹੁਟੀ ਸੀ; ਸਰਾਪੀ ਜਾ ਕੇ ਗਊ ਬਣ ਗਈ, ਜੋ ਖੇਤ ਉਜਾੜਦੀ ਫਿਰਦੀ ਸੀ; ਕਿਸੇ ਲੋਧਾ ਕੌਮ ਦੇ ਜੱਟ ਨੇ ਇੱਕ ਲੱਤ ਭੰਨ ਦਿੱਤੀ। ਗਾਇਤ੍ਰੀ ਮੰਤਰ ਦੇ ਭੀ ਤਿੰਨ ਚਰਨ ਹਨ।
੪. ਸੋਟਾ।
੫. ਟੰਗ, ਲੱਤ।
੬. ਲੰਙਾ ਲੰਙਾ ਕੇ।
੭. ਚਿੱਟੇ। ਸ਼ਿਵ ਜੀ ਚਿੱਟੇ ਬਲਦ ਦੀ ਸਵਾਰੀ ਤੇ ਹੁੰਦਾ ਹੈ।
੮. ਭੰਡਾਰੀ ਦੇ ਘਰ ਖਾਣਾ ਪੱਕਿਆ, ਉਹ ਪਸੰਦ ਨਾ ਆਇਆ; ਸਰਾਪ ਦੇ ਕੇ ਉਸ ਦਾ ਲੜਕਾ ਮਾਰ ਦਿੱਤਾ।
੯. (ਬ੍ਰਾਬਰੀ) ਮੁਕਾਬਲਾ, ਲੜਾਈ।
੧੦. ਜ਼ੋਰੂ, ਇਸਤਰੀ, ਵਹੁਟੀ।
੧੧. ਇਕ-ਨੇਤ੍ਰਾ। ਧਰਮ ਅਤੇ ਜਗਤ ਵਿਹਾਰ ਦੇ ਨੇਤਰ ਹਨ। ਹਿੰਦੂ ਦੋਹਾਂ ਵਲੋਂ ਤਿਆਗੀ ਹੋਣ ਕਰਕੇ ਅੰਨ੍ਹੇ; ਤੇ ਮੁਸਲਮਾਨ ਧਰਮ ਨੂੰ ਛੱਡ ਕੇ ਨਿਰੇ ਸੰਸਾਰੀ ਹੋਣ ਕਰਕੇ ਕਾਣੇ ਹਨ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੭੪

ਰਾਗ ਬਿਲਾਵਲ ਗੌਂਡ ਭਗਤ ਨਾਮਦੇਵ ਜੀ ਤਿੰਨ ਤਾਲ

| × | 2 | 0 | 3 |
|---|---|---|---|
| *ਸਥਾਈ* | | - ਸ ਗ ਗ | ਮਗ ਰੇਮ ਗ - |
| | | ਨ ਆ ਨ ਜੁ | ਨਾਨ ਨਨ ਮੇ ਨ |
| ਪ - ਪ ਪ | ਰੇ ਰੇ ਸ - | - ਪ ਧ ਨੀ | ਸਂ - ਸਂ ਸਂ |
| ਬੀ ਨ ਠ ਲੁ | ਦੇ ਖਿ ਆ ਨ | ਨ ਮੂ ਰ ਖ | ਕੋ ਨ ਸ ਮ |
| ਪ - ਰੇ ਮ | ਗ - - - | - | |
| ਝਾ ਨ ਊ ਨ | ਰੇ ਨ ਨ ਨ | ਨ | |
| *ਅੰਤਰਾ* | | ਪ - ਪ - | ਧ ਧ ਨੀ - |
| | | ਪਾਂ ਨ ਡੇ ਨ | ਤੁ ਮ ਰੀ ਨ |
| ਸਂ- - - - | ਸਂ - - - | ਸਂ - ਸਂ - | ਨੀ ਧ ਨੀ ਪ |
| ਗਾਇ ਨ ਨ ਨ | ਤ੍ਰੀ ਨ ਨ ਨ | ਲੋ ਨ ਧੇ ਨ | ਕਾ ਨ ਖੇਤੁ |
| ਪ - ਪ - | ਰੇ ਮ ਗ - | ਪ - ਪ ਪ | ਧ - ਨੀ - |
| ਖਾ ਨ ਤੀ ਨ | ਥੀ ਨ ਨ ਨ | ਲੈ ਨ ਕ ਰਿ | ਠੇ ਨ ਗਾ ਨ |
| ਸਂ ਸਂ ਸਂ - | ਸਂ - ਸਂ - | ਸਂ - ਸਂ ਸਂ | ਨੀ ਧ ਨੀ ਪ |
| ਟ ਗ ਰੀ ਨ | ਤੋ ਨ ਰੀ ਨ | ਲਾਂ ਨ ਗ ਤ | ਲਾਂ ਨ ਗਾ ਤ |
| ਪ - ਪ - | ਰੇ ਮ ਗ - | - | |
| ਜਾ ਨ ਤੀ ਨ | ਥੀ ਨ ਨ ਨ | ਨ * | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੦. ਰਾਮਕਲੀ

ਰਾਮਕਲੀ ਭਾਰਤੀ ਸੰਗੀਤ ਦਾ ਪ੍ਰਾਚੀਨ, ਲੋਕਪ੍ਰਿਯ ਤੇ ਮਧੁਰ ਰਾਗ ਹੈ ਜਿਸਦਾ ਅੰਮ੍ਰਿਤ ਵੇਲੇ ਦੇ ਰਾਗਾਂ ਵਿਚ ਵਿਸ਼ੇਸ਼ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫, ੯ ਤੋਂ ਇਲਾਵਾ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਬੇਣੀ ਜੀ ਅਤੇ ਰਬਾਬੀ ਭਾਈ ਸੱਤਾ ਬਲਵੰਡ ਦੀ ਬਾਣੀ ਦਰਜ ਹੈ। ਰਾਮਕਲੀ ਸਬੰਧੀ ਗੁਰੂ ਸਾਹਿਬ ਦਾ ਫੁਰਮਾਨ ਹੈ:

***ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥***
***ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥***
***(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੦)***

ਸਿਧਾਂ ਜੋਗੀਆਂ ਦੇ ਪ੍ਰਿਯ ਪਿਆਰੇ ਰਾਗ ਰਾਮਕਲੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਉਪਦੇਸ਼ ਦੇਣ ਹਿੱਤ *ਸਿੱਧ ਗੋਸ਼ਟਿ* ਨਾਮਕ ਬਾਣੀ ਉਚਾਰੀ। ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਰਚਨਾ ਅਨੰਦ ਸਾਹਿਬ ਵੀ ਇਸੇ ਰਾਗ ਵਿਚ ਅੰਕਿਤ ਹੈ, ਜਿਸਦਾ ਵਿਸ਼ੇਸ਼ ਰੂਪ ਵਿਚ ਕੀਰਤਨ ਕੀਤਾ ਜਾਂਦਾ ਹੈ। ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਮਧਿਅਮ ਅਤੇ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕਰਦਿਆਂ ਆਰੋਹ ਵਿਚ ਰਿਸ਼ਭ ਵਰਜਿਤ ਕਰਦੇ ਹਨ। ਇਸ ਦਾ ਵਾਦੀ **ਪੰਚਮ**, **ਸੰਵਾਦੀ ਰਿਸ਼ਭ**, **ਥਾਟ ਭੈਰਵ**, **ਸਮਾਂ ਦਿਨ ਦਾ ਪਹਿਲਾ ਪਹਿਰ** ਅਤੇ **ਜਾਤੀ ਸ਼ਾੜਵ-ਸੰਪੂਰਣ** ਹੈ।

**ਅਰੋਹ** : ਸ, ਗ ਮ ਪ, ਧੁ, ਨੀ ਸਂ।
**ਅਵਰੋਹ** : ਸਂ ਨੀ ਧੁ, ਪ, ਮੰ ਪ ਧੁ ਨੁੀ ਧੁ ਪ, ਗ ਮ ਰੁੇ, ਸ।
**ਮੁੱਖ ਅੰਗ** : ਧੁ ਪ, ਮੰ ਪ ਧੁ ਨੁੀ ਧੁ ਪ, ਗ ਮ ਰੁੇ, ਸ।
**ਸੁਰ ਵਿਸਥਾਰ** : ੧. ਸ, ਰੁੇ ਰੁੇ ਸ, ਸ ਗ ਮ ਰੁੇ, ਸ, ਨ਼ੀ ਸ ਧੁ ਨੁੀ ਧੁ ਪ਼, ਧੁ ਨ਼ੀ ਸ, ਸ ਗ ਮ ਪ, ਮੰ ਪ ਗ ਮ ਧੁ, ਨੁੀ ਧੁ ਪ, ਮੰ ਪ ਗ ਮ ਰੁੇ, ਸ।
੨. ਗ ਮ ਪ, ਗ ਮ ਧੁ ਧੁ ਨੁੀ ਧੁ ਪ, ਮੰ ਪ ਧੁ ਨੁੀ ਧੁ ਪ, ਮ ਪ ਧੁ ਨੀ ਸਂ, ਰੁੇਂ ਰੁੇਂ ਸਂ, ਸਂ ਗਂ ਮਂ ਰੁੇਂ, ਸਂ, ਨੀ ਸਂ ਧੁ ਨੁੀ ਧੁ ਪ, ਮੰ ਪ ਧੁ ਨੁੀ ਧੁ ਪ, ਗ ਮ ਰੁੇ, ਸ।

# ਰਾਮਕਲੀ ਮਹਲਾ ੫ ॥

[੧]ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥੧॥
ਭਲੋ ਭਲੋ ਰੇ ਕੀਰਤਨੀਆ[੨]॥ ਰਾਮ ਰਮਾ[੩] ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ[੪]॥੧॥ਰਹਾਉ॥
[੫]ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ॥
ਬਾਜਾ ਮਾਣੁ ਤਾਣੁ ਤਜਿ ਤਾਨਾ[੬] ਪਾਉ ਨ ਬੀਗਾ ਘਾਲੈ॥
[੭]ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ [੮]ਬੰਧਿ ਪਾਲੈ॥੨॥
[੯]ਨਾਰਦੀ ਨਰਹਰ [੧੦]ਜਾਣਿ ਹਦੂਰੇ॥ ਘੂੰਘਰ ਖੜਕੁ ਤਿਆਗਿ ਵਿਸੂਰੇ[੧੧]॥
ਸਹਜ ਅਨੰਦ ਦਿਖਾਵੈ ਭਾਵੈ[੧੨]॥ [੧੩]ਏਹੁ ਨਿਰਤਿਕਾਰੀ ਜਨਮਿ ਨ ਆਵੈ॥੩॥
ਜੇ ਕੋ ਅਪਨੇ ਠਾਕੁਰ ਭਾਵੈ॥ [੧੪]ਕੋਟਿ ਮਧਿ ਏਹੁ ਕੀਰਤਨੁ ਗਾਵੈ॥
[੧੫]ਸਾਧਸੰਗਤਿ ਕੀ ਜਾਵਉ ਟੇਕ॥ ਕਹੁ ਨਾਨਕ ਤਿਸੁ ਕੀਰਤਨੁ ਏਕ॥੪॥੮॥
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੫)*

---

੧. ਰੱਬੀ-ਕਰੀਤਨੀਆ ਇਕੋ ਵਾਹਿਗੁਰੂ ਵਿੱਚ ਧੁਨੀ ਲਾਵੇ, ਇਕ ਉਸੇ ਦਾ ਰਾਗ ਅਲਾਪੇ, ਇਕ ਵਾਹਿਗੁਰੂ ਦੇ ਦੇਸ਼ ਦੇ ਰਹਿਣ ਵਾਲਾ ਹੋਵੇ ਅਤੇ ਇਕ ਉਸੇ ਨੂੰ ਜੋ ਸਾਰੇ ਵਿਆਪਕ ਹੈ ਦਿਖਾਵੇ (ਦਰਸ਼ਨ ਕਰਾਵੇ)। ਉਸ ਦੀ ਸੁਰਤੀ ਇਕ ਵਿੱਚ ਹੋਵੇ, ਸੇਵਾ ਭੀ ਇਕ ਦੀ ਹੋਵੇ, ਜੋ ਇਕ ਹਰੀ ਗੁਰ ਤੋਂ ਜਾਣਿਆ ਜਾਂਦਾ ਹੈ।

੨. ਕੀਰਤਨ ਕਰਨ ਵਾਲਾ। ੩. ਵਿਆਪਕ ਰਾਮ ਦੇ।

੪. ਸੁਆਰਥ, ਗ਼ਰਜ਼ਾਂ।

੫. ਪੰਜ (ਸੰਤੋਖ ਆਦਿ ਗੁਣਾਂ ਨੂੰ) ਵਾਜੇ ਬਣਾਵੇ ਅਤੇ ਲੈ (ਲਿਵਲੀਨਤਾ) ਸਤ ਸੁਰਾਂ (ਸਾ, ਰੇ, ਗਾ ਆਦਿ) ਹੋਣ, ਮਾਣ ਤਜਣਾ ਵਾਜਾ ਅਤੇ ਤਾਣ ਤਜਣਾ ਇਹ ਤਾਨ (ਪਲਟਾ) ਹੋਵੇ ਅਤੇ ਤਾਲ ਵੇਲੇ ਵਿੰਗਾ ਪੈਰ ਨਾ ਧਰਨਾ ਇਹ ਮੰਦੇ ਥਾਂ ਪੈਰ ਨਾ ਧਰਨਾ ਹੋਵੇ।

੬. ਪਲਟਾ। ਰਾਗ ਵਿਚ ਹਾ ਹਾ ਹਾ ਆਦਿ ਲਹਾਉ ਚੜ੍ਹਾਉ ਨਾਲ ਅਲਾਪ ਕਰਨਾ ਤਾਨ ਕਹਾਂਦਾ ਹੈ। ੭. ਫੇਰੀ ਇਹ ਹੋਵੇ ਕਿ ਮੁੜ ਫੇਰਾ ਨਾ ਪਵੇ (ਜਨਮ ਮਰਨ ਵਿੱਚ ਨਾ ਆਵੇ)। ੮. ਪੱਲੇ ਬੰਨ੍ਹੇ।

੯. ਨਾਰਦ ਦਾ ਪਾਰਟ ਅਦਾ ਕਰਨਾ ਵਾਹਿਗੁਰੂ ਨੂੰ ਹਜ਼ੂਰ ਜਾਨਣਾ ਹੋਵੇ।

੧੦. ਵਾਹਿਗੁਰੂ।

੧੧. ਝੋਰੇ। ਝੋਰੇ ਤਿਆਗਣਾ ਇਹ ਘੁੰਘਰੂਆਂ ਦਾ ਖੜਾਕ ਹੋਵੇ।

੧੨. ਹਾਵ ਭਾਵ ਦਿਖਾਣੇ । ਸਹਜ-ਸੁਖ ਹਾਵ ਭਾਵ ਹੋਣ। ਦੇਖੋ ਪੰਨਾ ੭੪੧, ਨੋਟ ੨੧।

੧੩. ਐਸਾ ਨਾਚ ਕਰਨ ਵਾਲਾ।

੧੪. ਕ੍ਰੋੜਾਂ ਵਿਚੋ ਕੋਈ ਵਿਰਲਾ ਇਹੋ ਜਿਹਾ ਕੀਰਤਨ ਕਰਦਾ ਹੈ, ਜੋ ਹਰੀ ਨੂੰ ਭਾਂਵਦਾ ਹੈ।

੧੫. ਸਾਧ-ਸੰਗਤ ਦੀ ਟੇਕ ਲੈਂਦਾ ਹੈ, ਕਿਉਕਿ ਉਥੇ ਇਕ ਰੱਬ ਦਾ ਕੀਰਤਨ ਹੁੰਦਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੮੮੫

## ਰਾਗ ਰਾਮਕਲੀ ਮਹਲਾ ੫ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| **ਆਰੋਹ** | | | | | | ਮੰ | ਪ | ਮੰਪ | ਧੁਨ਼ੀ | ਧ | ਪ | ਪ | ਪ | ਗ | ਮ |
| | | | | | | ਭ | ਲੋ | ਭऽ | ਲੋऽ | ਰੇ | ऽ | ਕੀ | ਰ | ਤ | ਨੀ |
| ਧੁ | - | - | ਪਮੰ | ਪ | - | - | - | ਗ | - | ਗ | ਰੇ | ਗ | ਮ | ਗਮ | ਪ |
| ਆ | ऽ | ऽ | ऽऽ | ऽ | ऽ | ऽ | ऽ | ਰਾ | ऽ | ਮ | ਰ | ਮਾ | ऽ | ਰਾऽ | ऽ |
| ਗ | - | ਗ | ਮ | ਰੇ | - | ਸ | - | ਨ਼ੀ | ਸ | ਗ | ਮ | ਪ- | - | ਪ | - |
| ਮਾ | ऽ | ਗੁ | ਨ | ਗਾ | ऽ | ਉ | ऽ | ਛੋ | ऽ | ਡਿ | ਮਾ | ਇਆ | ऽ | ਕੇ | ऽ |
| ਸਂ | .ਨੀ | ਧੁ | ਪ | ਮੰ | ਪ | | | | | | | | | | |
| ਧੰ | ऽ | ਧ | ਸੁ | ਆ | ਉ | | | | | | | | | | |
| **ਅਵਰੋਹ** | | | | | | | | ਗ | - | ਮ | - | ਧੁ | - | ਨੀ | - |
| | | | | | | | | ਓ | ऽ | ਐ | ऽ | ਕਾ | ऽ | ਰਿ | ऽ |
| ਸਂ | ਸਂ | ਸਂ | ਸਂ | ਰੇਂ | - | ਸਂ | - | ਨੀ | ਸਂ | ਗਂ | ਮਂ | ਰੇਂ | - | ਸਂ | ਸਂ |
| ਏ | ਕ | ਧੁ | ਨਿ | ਏ | ऽ | ਕੈ | ऽ | ਏ | ऽ | ਕੈ | ऽ | ਰਾ | ऽ | ਗੁ | ਅ |
| ਸਂ | - | ਸਂਰੇਂ | ਨੀਸਂ | ਧੁ | - | ਪ | - | ਗ | - | ਮ | - | ਧੁ | - | ਨੀ | - |
| ਲਾ | ऽ | ऽऽ | ऽऽ | ਪੈ | ऽ | ऽ | ऽ | ਏ | ऽ | ਕਾ | ऽ | ਦੇ | ऽ | ਸੀ | ऽ |
| ਸਂ | - | ਸਂ | ਸਂ | ਰੇਂ | - | ਸਂ | - | ਸਂ | ਰੇਂ | ਗਂ | ਮਂ | ਰੇਂ | ਰੇਂ | ਸਂ | ਸਂ |
| ਏ | ऽ | ਕੁ | ਦਿ | ਖਾ | ऽ | ਵੈ | ऽ | ਏ | ऽ | ਕੋ | ऽ | ਰ | ਹਿ | ਆ | ਬਿ |
| ਸਂ | - | ਸਂਰੇਂ | ਨੀਸਂ | ਧੁ | - | ਪ | - | ਸਂ | ਨੀ | ਧੁ | ਪ | ਪ | ਪ | ਪ | - |
| ਆ | ऽ | ऽऽ | ऽऽ | ਪੈ | ऽ | ऽ | ऽ | ਏ | ऽ | ਕਾ | ऽ | ਸੁ | ਰ | ਤਿ | ऽ |
| - | ਗ | ਗ | ਮ | ਰੇ | - | ਸ | ਸ | ਨ਼ੀ | ਸ | ਗ | ਮ | ਪ | ਪ | ਪ | - |
| ऽ | ਏ | ਕਾ | ਹੀ | ਸੇ | ऽ | ਵਾ | ऽ | ਏ | ऽ | ਕੋ | ऽ | ਗੁ | ਰ | ਤੇ | ऽ |
| ਸਂ | ਨੀ | ਧੁ | ਪ | ਮੰ | ਪ | | | | | | | | | | |
| ਜਾ | ऽ | ऽ | ऽ | ਪੈ | ऽ * | | | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੧. ਰਾਮਕਲੀ ਦੱਖਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ, ਦੱਖਣੀ ਰਾਗ ਪਰਕਾਰਾਂ ਦੀ ਲੜੀ ਵਿਚ ਰਾਗ ਰਾਮਕਲੀ ਦੱਖਣੀ ਅਨੂਠਾ ਰਾਗ ਹੈ ਜਿਸ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਓਅੰਕਾਰ ਦਰਜ ਹੈ (ਪੰਨਾ ੯੨੯-੯੩੦)। ਦੱਖਣੀ ਭਾਰਤੀ ਸੰਗੀਤਕਾਰਾਂ ਦੇ ਕਥਨ ਅਨੁਸਾਰ ਰਾਮਕਲੀ ਦਾ ਇਕ ਸਰੂਪ *ਭੈਰਵ ਸੀ ਹੈ ਰਾਮਕਲੀ ਬਰਜੇ ਮਾਨਿ ਆਰੋਹ* (ਰਾਗ ਚੰਦ੍ਰਿਕਾਸਾਰ) ਅਨੁਸਾਰ ਸਰੂਪਿਤ ਹੁੰਦਾ ਹੈ। ਇਸ ਰਾਗ ਵਿਚ ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਆਰੋਹ ਵਿਚ ਮਧਿਅਮ ਵਰਜਿਤ ਹੈ। **ਇਸ ਦਾ ਵਾਦੀ ਪੰਚਮ, ਸੰਵਾਦੀ ਰਿਸ਼ਭ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸ਼ਾੜਵ-ਸੰਪੂਰਣ ਹੈ।**

ਆਰੋਹ : ਸ ਰੁ ਗ ਪ, ਧੁ ਪ, ਧੁ ਨੀ ਸਂ।

ਅਵਰੋਹ : ਸਂ ਨੀ ਧੁ ਪ, ਮੇ ਗ, ਰੁ, ਸ।

ਮੁੱਖ ਅੰਗ : ਰੁ, ਗ ਪ, ਧੁ ਪ, ਮੇ ਗ ਰੁ, ਸ।

ਸੁਰ ਵਿਸਥਾਰ : ੧. ਸ, ਰੁ ਸ, ਨ਼ੀ ਧੁ, ਪ਼, ਧੁ ਪ਼ ਧੁ ਨ਼ੀ ਸ, ਸ ਰੁ, ਗ ਪ, ਧੁ ਪ, ਗ ਮੇ ਗ ਰੁ, ਰੁ ਗ , ਮ ਗ ਰੁ, ਸ।

੨. ਸ, ਰੁ ਸ, ਰੁ ਗ ਪ, ਗ ਪ ਧੁ ਪ, ਮੇ ਗ ਰੁ, ਗ ਪ, ਧੁ, ਪ, ਧੁ ਨੀ ਸਂ, ਰੁਂ ਸ, ਨੀ ਧੁ ਪ, ਧੁ ਪ ਮੇ ਗ ਰੁ, ਗ ਪ, ਮੇ ਗ ਰੁ, ਸ।

# ਰਾਮਕਲੀ ਮਹਲਾ ੧ ਦਖਣੀ ਓਅੰਕਾਰੁ

## ੧ਓ ਸਤਿਗੁਰ ਪ੍ਰਸਾਦਿ॥

[੧]ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥
[੨]ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ[੩]॥
[੪]ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖਿ[੫] ਤਰੇ॥
[੬]ਓਨਮ ਅਖਰ ਸੁਣਹੁ ਬੀਚਾਰੁ॥ ਓਨਮ [੭]ਅਖਰੁ ਤ੍ਰਿਭਵਣ ਸਾਰੁ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
[੯]ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੯)*

---

੧. ਵਾਹਿਗੁਰੂ ਤੋਂ ਬ੍ਰਹਮਾ ਦੀ ਉਤਪਤੀ ਹੋਈ।
੨. ਜਿਸ ਬ੍ਰਹਮਾ ਨੇ ਓਅੰਕਾਰ ਨੂੰ ਚਿਤ ਵਿੱਚ ਆਂਦਾ।
੩. ਉਸੇ ਹਰੀ ਤੋਂ ਪਹਾੜ ਤੇ ਸਮੇਂ ਦੀਆਂ ਵੰਡਾਂ ਹੋਈਆਂ।
੪. (ਸੰ. ਨਿਰਮਾਣ (ਨਿੰਮਣ)=ਰਚਣਾ) ਉਤਪਤ ਹੋਏ, ਬਣੇ।
੫. ਓਅੰਕਾਰ ਤੋਂ ਹੀ ਸ਼ਬਦ ਦੁਆਰਾ ਤਰੇ।
੬. ਗੁਰੂ ਨੂੰ ਮੰਨਣ ਵਾਲੇ।
੭. 'ਓਅੰ' ਅੱਖਰ ਦਾ ਭਾਵ ਸੁਣੋ। 'ਓਨਮ' ਓਮਨਮੋ ਦਾ ਸੰਖੇਪ ਹੈ। ਪੱਟੀਆਂ ਤੇ ਲਿਖਿਆ ਜਾ ਕੇ ਇਕ ਅੱਖਰ ਸਮਝਿਆ ਜਾਂਦਾ ਹੈ, ਭਾਵੇਂ ਕਈ ਅੱਖਰਾਂ ਦਾ ਸਮੁੰਦਾਇ ਹੈ। ਇਥੇ ਇਸ ਨੂੰ ਇਕ ਅੱਖਰ ਕਰਕੇ ਕਿਹਾ ਹੈ।
੮. ਉਹ ਤਿੰਨ ਲੋਕਾਂ ਦਾ ਤੱਤ ਹੈ।
੯. ਗੁਰਾਂ ਦਵਾਰੇ ਗੋਪਾਲ ਦਾ ਰਾਮ-ਨਾਮ ਲਿਖੋ।
੧੦. ਸਸੇ ਅੱਖਰ ਦਵਾਰਾ ਕਹਿੰਦੇ ਹਨ ਕਿ ਸਾਰਾ ਜਗਤ ਉਸ ਨੇ ਸਹਿਜੇ ਹੀ ਪੈਦਾ ਕੀਤਾ ਅਤੇ ਤਿੰਨ ਲੋਕਾਂ ਵਿੱਚ ਇਕੋ ਜੋਤ ਧਰੀ।
੧੧. ਗੁਰੂ ਦੁਆਰੇ।
੧੨. ਜੋਤਿ (ਨਾਮ) ਵਸਤ, ਨਾਮ-ਪਦਾਰਥ।
੧੩. ਅੰਦਰ।
੧੪. ਚੰਗੀ ਤਰ੍ਹਾਂ ਅੰਦਰ, ਹਿਰਦੇ ਵਿੱਚ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੯੨੯

## ਰਾਗ ਰਾਮਕਲੀ ਦਖਣੀ ਮਹਲਾ ੧ ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | ਗਗ | ਰੇਸ | ਰੇਗ | ਪਧੁ |
| | | | | | | | | ਸੁऽ | ਣਿऽ | ਪਾऽ | ऽऽ |
| ਪ | - | - | - | - | - | ਮੰ | ਗ | ਗ | ਗ | ਧੁ | - |
| ਡੇ | ऽ | ऽ | ऽ | ऽ | ऽ | ऽ | ऽ | ਸੁ | ਣਿ | ਪਾ | ऽ |
| ਪ | - | - | - | - | - | - | ਪ- | ਪ | ਧੁ- | ਨੀ | ਨੀ |
| ਡੇ | ऽ | ऽ | ऽ | ऽ | ऽ | ऽ | ਕਿਆ | ਲਿ | ਖਹੁ | ऽ | ਜੰ |
| ਨੀ | ਧੁ | ਪ | - | ਮੰਗ | ਰੇ | ਸ | - | ਗਗ | ਪ | ਧੁ | ਧੁ |
| ਜਾ | ऽ | ऽ | ऽ | ऽऽ | ਲਾ | ऽ | ऽ | ਲਿਖੁ | ਰਾ | ऽ | ਮ |
| ਪਧੁ | ਨੀਸਂ | ਸਂ | ਸਂ | - | - | - | - | ਸਰੇਂ | ਨੀਸਂ | ਸਂ | ਸਂ |
| ਨਾऽ | ऽऽ | ऽ | ਮ | ऽ | ऽ | ऽ | ऽ | ਗੁਰ | ਮੁऽ | ਖਿ | ਗੋ |
| ਸਂ | - | ਧੁ | - | ਗ | ਧੁ | ਪ | - | | | | |
| ਪਾ | ऽ | ऽ | ऽ | ऽ | ऽ | ਲਾ | ऽ | | | | |
| ***ਅੰਤਰਾ*** | | | | | | | | ਗ | - | ਪ | ਧੁ |
| | | | | | | | | ਓ | ऽ | ਅੰ | ऽ |
| ਪਧੁ | ਨੀਸਂ | - | ਸਂ | - | - | - | - | ਸਂ- | - | ਸਂ | - |
| ਕਾऽ | ऽऽ | ऽ | ਰਿ | ऽ | ऽ | ऽ | ऽ | ਬ੍ਰਹ | ऽ | ਮਾ | ऽ |
| ਰੇਂ | ਰੇਂ | - | ਸਂ | ਸਂ | - | - | - | ਸਂ | - | ਰੇਂ | ਗਂ |
| ਉ | ਤ | ऽ | ਪ | ਤਿ | ऽ | ऽ | ऽ | ਓ | ऽ | ਅੰ | ऽ |
| ਗਂ | - | - | ਗਂ | - | - | - | - | ਰੇਂ | ऽ | ਸਂ | ਨੀ |
| ਕਾ | ऽ | ऽ | ਰੁ | ऽ | ऽ | ऽ | ऽ | ਕੀ | ऽ | ਆ | ऽ |
| ਸਂ | ਸਂ | - | ਸਂ | ਸਂ | - | - | - | ਸਂ | - | ਪ | ਧੁ |
| ਜਿ | ਨਿ | ऽ | ਚਿ | ਤਿ | ऽ | ऽ | ऽ | ਓ | ऽ | ਅੰ | ऽ |
| ਪਧੁ | ਨੀਸਂ | - | ਸਂ | - | - | - | - | ਸਂ | ਸਂ | ਸਂ | ਸਂ |
| ਕਾऽ | ऽऽ | ऽ | ਰਿ | ऽ | ऽ | ऽ | ऽ | ਸੈ | ਲ | ਜੁ | ਗ |
| ਰੇਂ- | - | - | ਸਂ | - | - | - | - | ਸਂ | - | ਰੇਂ | ਗਂ |
| ਭਏ | ऽ | ऽ | ऽ | ऽ | ऽ | ऽ | ऽ | ਓ | ऽ | ਅੰ | ऽ |
| ਗਂ | - | - | ਗਂ | - | - | - | - | ਰੇਂ | ਰੇਂ | ਸਂ | ਨੀ |
| ਕਾ | ऽ | ऽ | ਰਿ | ऽ | ऽ | ऽ | ऽ | ਬੇ | ਦ | ਨਿ | ਰ* |

* ਬਾਕੀ ਸੁਰਲਿਪੀ ਵੇਖੋ ਅਗਲੇ ਪੰਨੇ ਉਤੇ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਸੰ- | - | - | - | - | - | - | - | ਗ | - | ਪ | ਧੁ |
| ਮਏ | ऽ | ऽ | ऽ | ऽ | ऽ | ऽ | ऽ | ਓ | ऽ | ਐਂ | ऽ |
| ਸੰ | - | - | ਸੰ | - | - | - | - | - | ਸੰ | ਸੰ | ਸੰ |
| ਕਾ | ऽ | ऽ | ਰਿ | ऽ | ऽ | ऽ | ऽ | ऽ | ਸ | ਬ | ਦਿ |
| ਰੇਂ | ਰੇਂ | - | ਸੰ | - | - | - | - | ਸੰ | - | ਰੇਂ | ਗਾਂ |
| ਉ | ਧ | ऽ | ਰੇ | ऽ | ऽ | ऽ | ऽ | ਓ | ऽ | ਐਂ | ऽ |
| ਗਾਂ | - | - | ਗਾਂ | - | - | - | - | ਰੇਂ | ਰੇਂ | ਸੰ | ਨੀ |
| ਕਾ | ऽ | ऽ | ਰਿ | ऽ | ऽ | ऽ | ऽ | ਗੁ | ਰ | ਮੁ | ਖਿ |
| ਸੰ | ਸੰ | - | - | - | - | - | - | ਗ | - | ਪ | ਧੁ |
| ਤ | ਰੇ | ऽ | ऽ | ऽ | ऽ | ऽ | ऽ | ਓ | ऽ | ਨ | ਮ |
| ਸੰ | ਸੰ | - | ਸੰ | - | - | - | - | ਸੰ | ਸੰ- | - | ਸੰ |
| ਅ | ਖ | ऽ | ਰ | ऽ | ऽ | ऽ | ऽ | ਸੁ | ਨ੍ਹ | ऽ | ਬੀ |
| ਰੇਂ | - | - | ਸੰ | - | - | - | - | ਸੰ | - | ਰੇਂ | - |
| ਚਾ | ऽ | ऽ | ਰੁ | ऽ | ऽ | ऽ | ऽ | ਓ | ऽ | ਨ | ਮ |
| ਗਾਂ | ਗਾਂ | ਗਾਂ | - | - | - | - | - | ਰੇਂ | ਰੇਂ | ਸੰ | ਨੀ |
| ਅ | ਖ | ਰੁ | ऽ | ऽ | ऽ | ऽ | ऽ | ੜ੍ਹ | ਭ | ਵ | ਣ |
| ਸੰ | - | - | ਸੰ | - | - | - | - | | | | |
| ਸਾ | ऽ | ऽ | ਰੁ | ऽ | ऽ | ऽ | ऽ | | | | |

# ੪੨. ਨਟ ਨਾਰਾਇਣ

ਪੁਰਾਤਨ ਰਾਗ ਨਟ ਨਾਰਾਇਣ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਖ ਰਾਗ ਵਜੋਂ ਅੰਕਿਤ ਕੀਤਾ ਗਿਆ ਹੈ। ਇਸ ਦੀ ਗਣਨਾ ਰਾਗ ਰਾਗਣੀ ਪੱਧਤੀ ਦੇ ਪ੍ਰਮੁੱਖ ਛੇ ਰਾਗਾਂ ਵਿਚ ਕੀਤੀ ਜਾਂਦੀ ਹੈ। ਪੁਰਾਤਨ ਰਾਗ ਹੋਣ ਕਰਕੇ ਹੀ *ਸੰਗੀਤ* ਦਰਪਣ ਦੇ ਰਚੇਤਾ ਪੰਡਤ ਦਮੋਦਰ ਨੇ ਇਸ ਦੀ ਰਚਨਾ ਪਾਰਬਤੀ ਦੇ ਮੁੱਖ ਤੋਂ ਮੰਨੀ ਹੈ। ਗੁਰਮਤਿ ਸੰਗੀਤ ਪਰੰਪਰਾ ਦੇ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਦੋਵੇਂ ਮਧਿਅਮ ਅਤੇ ਬਾਕੀ ਸੁਰ ਸ਼ੁਧ ਲਗਾਉਂਦਿਆਂ ਇਸ ਰਾਗ ਦੇ ਆਰੋਹ ਵਿਚ ਗੰਧਾਰ ਅਤੇ ਧੈਵਤ ਦਾ ਅਲਪ ਪ੍ਰਯੋਗ ਕੀਤਾ ਜਾਂਦਾ ਹੈ। ਇਸ **ਦਾ ਵਾਦੀ ਪੰਚਮ, ਸੰਵਾਦੀ ਰਿਸ਼ਭ, ਥਾਟ ਬਿਲਾਵਲ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਸੰਪੂਰਣ-ਔੜਵ ਹੈ।**

**ਆਰੋਹ** : ਸ ਮ ਗ ਮ ਰੇ, ਮ̍ ਪ ਧ ਨੀ ਸਂ।

**ਅਵਰੋਹ** : ਸਂ ਧ ਪ ਮ̍ ਧ ਪ, ਗ ਮ ਰੇ ਸ।

**ਮੁੱਖ ਅੰਗ** : ਸ ਗ ਮ ਰੇ ਪ, ਮ̍ ਧ ਪ, ਮ ਗ ਮ, ਰੇ ਸ ਰੇ ਸ।

**ਸੁਰ ਵਿਸਥਾਰ** : ੧. ਸ, ਸ ਮ ਗ ਮ ਰੇ ਸ, ਸ ਨ਼ੀ ਸ, ਧ਼ ਨ਼ੀ ਸ, ਧ਼ ਪ਼, ਮ਼̍ ਧ਼ ਪ਼, ਧ਼ ਨ਼ੀ ਸ, ਰੇ ਗ ਮ ਰੇ, ਮ̍ ਪ, ਮ̍ ਧ ਪ, ਗ ਮ ਰੇ ਸ ਰੇ ਸ।

੨. ਰੇ ਮ̍ ਪ, ਪ ਧ ਪ, ਗ ਮ ਧ ਪ, ਮ̍ ਪ ਧ ਨੀ ਸਂ, ਸਂ ਰੇਂ ਸਂ, ਗਂ ਮਂ ਰੇਂ, ਸਂ, ਧ ਪ, ਮ̍ ਧ ਪ, ਗ ਮ ਰੇ ਸ।

## ਨਟ ਨਾਰਾਇਨ ਮਹਲਾ ੫ ਦੁਪਦੇ

### ੧ੴ ਸਤਿਗੁਰ ਪ੍ਰਸਾਦਿ ॥

ਉਲਾਹਨੋ[੧] ਮੈ ਕਾਹੂ[੨] ਨ ਦੀਓ॥
ਮਨ ਮੀਠ ਤੁਹਾਰੋ ਕੀਓ[੩]॥੧॥ਰਹਾਉ॥
ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ[੪]॥
ਈਹਾਂ ਊਹਾ[੫] ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ [੬]ਮੰਤ੍ਰੁ ਦ੍ਰਿੜੀਓ॥੧॥
ਜਬ ਤੇ ਜਾਨਿ ਪਾਈ ਏਹ ਬਾਤਾ ਤਬ [੭]ਕੁਸਲ ਖੇਮ ਸਭ ਥੀਓ॥
ਸਾਧਸੰਗਿ ਨਾਨਕ ਪਰਗਾਸਿਓ[੮] ਆਨ[੯] ਨਾਹੀ ਰੇ ਬੀਓ॥੨॥੧॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੮)*

---

੧. ਉਲਾਹਮੇ, ਸ਼ਿਕਾਇਤ।
੨. ਕਿਸੇ ਨੂੰ।
੩. ਤੇਰਾ ਕੀਤਾ ਮਨ ਨੂੰ ਮਿੱਠਾ ਲੱਗਦਾ ਹੈ।
੪. ਜੀਂਵਦਾ ਹਾਂ।
੫. ਇਥੇ ਉਥੇ, ਲੋਕ ਪ੍ਰਲੋਕ।
੬. ਸਿਖਿਆ ਪੱਕੀ ਤਰ੍ਹਾਂ ਲਈ ਹੈ।
੭. ਹਰ ਤਰ੍ਹਾਂ ਦਾ ਸੁਖ ਅਨੰਦ ਹੋ ਗਿਆ ਹੈ।
੮. ਇਹ ਹਰੀ ਸਾਧ-ਸੰਗ ਦੁਆਰਾ ਪ੍ਰਗਟ ਹੋਇਆ ਹੈ।
੯. ਹੋਰ।
੧੦. ਦੂਸਰਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੯੭੮

## ਰਾਗ ਨਟ ਨਾਰਾਇਣ ਮਹਲਾ ੫ ਤਿੰਨ ਤਾਲ

| × | 2 | 0 | 3 |
| --- | --- | --- | --- |
| ***ਸਥਾਈ*** ਸ | ਗ ਗ ਮ ਰੇ | ਮਂ - ਧ ਮਂਪ | ਗ ਮ ਰੇ ਸ |
| ਉ | ਲਾ ਹ ਨੋ ਽ | ਮੈ ਽ ਕਾ಼ ਽ | ਹੂ ਨ ਽ ਦੀ |
| ਰੇ - ਸ - | ਮਂਮਂ ਮਂ ਪ ਪ | ਧ ਨੀ ਸਂ - | ਸਂ - ਧ ਪ |
| ਓ ಽ ಽ ಽ | ਮਨ ਮੀ ਠ ਤੁ | ਹਾ ಽ ਰੋ ಽ | ਕੀ ಽ ಽ ಽ |
| ਮਂ ਧ ਪ | | | |
| ਓ ಽ ಽ | | | |
| ***ਅੰਤਰਾ*** | ਮਂ -- ਪ- - | ਧ - ਨੀ ਨੀ | ਸਂ ਸਂ ਸਂ ਸਂ |
| | ਆ ಽಽ ਗਿਆ | ਮਾ ಽ ਨਿ ਜਾ | ಽ ਨਿ ਸੁ ਖੁ |
| ਨੀ ਰੇਂ ਸਂ- - | ਸਂ ਰੇਂ ਗਂ ਮਂ | ਰ਼ੇਂ - ਸਂ ਸਂ | ਸਂ - ਧ ਪ |
| ਪਾ ಽ ਇਆಽ | ਸੁ ਨਿ ਸੁ ਨਿ | ਨਾ ಽ ਮੁ ਤੁ | ਹਾ ಽ ਰੋ ಽ |
| ਮਂ ਧ ਪ - | ਮਂ - ਪ ਪ | ਧ - ਨੀ ਨੀ | ਸਂ ਸਂ ਸਂ - |
| ਜੀ ಽ ਓ ಽ | ਈ ಽ ਹਾਂ ਊ | ਹਾ ಽ ਹ ਰਿ | ਤੁ ਮ ਹੀ ಽ |
| ਨੀ ਰੇਂ ਸਂ - | ਸਂ- ਸਂਸਂ ਗਂ ਮਂ | ਰੇਂ - ਸਂ ਸਂ | ਸਂ - ਧ ਪ |
| ਤੁ ਮ ਹੀ ಽ | ਇਹੁ ਗੁਰ ਤੇ ಽ | ਮੈਂ ಽ ਤ੍ਰ ਦ੍ਰਿ | ੜੀ ಽ ಽ ಽ |
| ਮਂ ਧ ਪ - | ਮਂ- ਪਪ ਧ ਨੀ | ਸਂ ਧ ਧ ਪ | ਗ ਮ ਰੇ - |
| ਓ ಽ ಽ ಽ | ਇਹੁ ਗੁਰ ਤੇ ಽ | ਮੈਂ ಽ ਤ੍ਰ ਦ੍ਰਿ | ੜੀ ಽ ಽ ಽ |
| ਨ਼ੀ ਰੇ ਸ | | | |
| ਓ ಽ ಽ * | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੩. ਨਟ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਟ ਨਾਰਾਇਣ ਅਧੀਨ ਰਾਗ ਨਟ ਅੰਕਿਤ ਕੀਤਾ ਗਿਆ ਹੈ ਜਿਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਇਸ ਰਾਗ ਦੇ ਸੰਜੋਗ ਤੋਂ ਕਈ ਰਾਗ ਪ੍ਰਕਾਰ ਹੋਂਦ ਵਿਚ ਆਏ ਹਨ ਜਿਵੇਂ ਨਟ ਕੇਦਾਰ, ਨਟ ਸਾਰੰਗ, ਨਟ ਮਲ੍ਹਾਰ, ਨਟ ਭੈਰਵ ਆਦਿ। ਨਟ ਦੇ ਇਹ ਪ੍ਰਕਾਰ ਮੱਧਕਾਲ ਤੋਂ ਵਰਤਮਾਨ ਸਮੇਂ ਤਕ ਪ੍ਰਚਲਿਤ ਹਨ ਜੋ ਕਿ ਨਟ ਦੇ ਪ੍ਰਕਾਰ ਹੁੰਦਿਆਂ ਹੋਇਆਂ ਵੀ ਵੱਖੋ ਵੱਖਰੇ ਨਿਵੇਕਲੇ ਸਰੂਪ ਦੇ ਧਾਰਣੀ ਹਨ। ਇਸ ਰਾਗ ਵਿਚ ਸਾਰੇ ਸੱਤ ਸੁਰ, ਸ਼ੁਧ ਰੂਪ ਵਿਚ ਪ੍ਰਯੋਗ ਕੀਤੇ ਜਾਂਦੇ ਹਨ। **ਇਸ ਦਾ ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਬਿਲਾਵਲ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਵਕਰ ਸੰਪੂਰਣ ਹੈ।**

**ਆਰੋਹ** : ਸ, ਗ ਮ, ਪ ਗ ਮ, ਰੇ ਗ ਮ ਧ, ਧ ਨੀ ਸਂ।

**ਅਵਰੋਹ** : ਸਂ ਧ, ਨੀ ਪ, ਮ ਗ, ਰੇ ਗ, ਮ ਪ, ਸ ਰੇ ਸ।

**ਮੁੱਖ ਅੰਗ** : ਸ ਗ ਮ, ਮ ਧ ਮ, ਗ ਮ, ਰੇ ਗ ਮ ਪ, ਸ ਰੇ ਸ।

**ਸੁਰ ਵਿਸਥਾਰ** :

੧. ਸ ਰੇ ਗ ਗ ਮ, ਰੇ ਗ ਗ ਮ ਪ, ਪ ਗ ਮ ਰੇ ਗ ਮ, ਪ ਗ ਮ, ਰੇ ਗ ਮ ਪ, ਧ ਪ ਮ ਗ ਮ ਰੇ ਸ, ਸ ਧ਼ ਨ਼ੀ ਪ਼, ਧ਼ ਨ਼ੀ ਸ।

੨. ਰੇ ਗ ਗ ਮ, ਪ ਮ ਗ ਮ, ਰੇ ਗ ਮ ਪ, ਪ ਨੀ ਧ ਧ ਨੀ ਸਂ, ਨੀ ਧ ਸਂ, ਸਂ ਧ ਨੀ ਪ, ਸਂ ਧ ਪ ਮ ਗ ਮ, ਰੇ ਗ ਮ ਪ, ਗ ਸ ਰੇ ਸ।

੩. ਪ ਨੀ ਧ ਨੀ ਸਂ, ਸਂ ਰੇਂ ਸਂ, ਰੇਂ ਗਂ ਗਂ ਮਂ, ਰੇਂ ਗਂ ਮਂ ਪਂ, ਗਂ ਮਂ ਰੇਂ ਸਂ, ਸਂ ਧ ਨੀ ਪ, ਮ ਗ ਮ ਰੇ ਗ ਮ, ਪ ਰੇ ਗ ਮ ਪ, ਮ ਗ ਮ ਰੇ, ਸ ਰੇ ਸ।

## ਨਟ ਪੜਤਾਲ ਮਹਲਾ ੫

## ੧ੴ ਸਤਿਗੁਰ ਪ੍ਰਸਾਦਿ ॥

ਕੋਊ ਹੈ ਮੇਰੋ ਸਾਜਨੁ ਮੀਤੁ॥
ਹਰਿ ਨਾਮੁ ਸੁਨਾਵੈ ਨੀਤ[੧]॥
ਬਿਨਸੈ ਦੁਖੁ ਬਿਪਰੀਤਿ[੨]॥
ਸਭੁ ਅਰਪਉ ਮਨੁ ਤਨੁ ਚੀਤੁ॥੧॥ ਰਹਾਉ॥
ਕੋਈ ਵਿਰਲਾ ਆਪਨ ਕੀਤ॥
ਸੰਗਿ ਚਰਨ ਕਮਲ ਮਨੁ ਸੀਤ[੩]॥
ਕਰਿ ਕਿਰਪਾ ਹਰਿ ਜਸੁ ਦੀਤ[੪]॥੧॥
ਹਰਿ ਭਜਿ [੫]ਜਨਮੁ ਪਦਾਰਥੁ ਜੀਤ॥
[੬]ਕੋਟਿ ਪਤਿਤ ਹੋਹਿ ਪੁਨੀਤ॥
ਨਾਨਕ ਦਾਸ [੭]ਬਲਿ ਬਲਿ ਕੀਤ॥੨॥੧॥੧੦॥੧੯॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੮੦)*

---

੧. ਨਿੱਤ।
੨. (ਸੰ: ਵੈਪਰੀਤਯ) ਉਲਟਾਪਣ, ਪੁੱਠਾ ਚਲਣ ਦਾ ਸੁਭਾ।
੩. ਸੀਤਾ; ਪਰੋਇਆ।
੪. ਦਿੱਤਾ।
੫. ਪਦਾਰਥ ਰੂਪ ਜਨਮ ਜਿੱਤ ਲਿਆ, ਮਨੁੱਖਾ ਜਨਮ ਸਫਲ ਕਰ ਲਿਆ।
੬. ਕ੍ਰੋੜਾਂ ਡਿੱਗੇ ਹੋਏ (ਭਾਵ ਪਾਪੀ) ਪਵਿੱਤਰ ਹੋਂਦੇ ਹਨ।
੭. ਬਲਿਹਾਰ ਹਾਂ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੯੮੦

## ਰਾਗ ਨਟ (ਪੜਤਾਲ) ਮਹਲਾ ੫ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | | | | ਸ | ਸ | ਗ | - | ਗ |
| | | | | | | | | | | | ਕੋ | ਊ | ਹੈ | ऽ | ਮੇ |
| ਮ | - | - | - | ਪ | - | ਪ | ਪ | ਸ | ਰੇ | ਸ | - | ਗਗ | ਗਮ | ਧ | ਧ |
| ਰੋ | ऽ | ऽ | ऽ | ਸਾ | ऽ | ਜ | ਨੁ | ਮੀ | ऽ | ਤੂ | ऽ | ਹਰਿ | ਨਾऽ | ਮੁ | ਸੁ |
| ਧ | - | ਧ | - | - | ਪਮ | ਪ | - | - | - | ਮਗ | ਮ | - | ਮ | ਮ | ਧ |
| ਨਾ | ऽ | ਵੈ | ऽ | ऽ | ਨੀऽ | ऽ | ऽ | ऽ | ऽ | ਤऽ | ऽ | ऽ | ਬਿ | ਨ | ਸੈ |
| - | ਨੀਨੀ | ਨੀ | ਨੀ | ਸਂ | - | - | ਨੀ | ਸਂ | - | - | - | ਸਂਸਂ | ਸਂਸਂ | ਧ | ਨੀ |
| ऽ | ਦੁਖੁ | ਬਿ | ਪ | ਰੀ | ऽ | ऽ | ऽ | ਤ | ऽ | ऽ | ऽ | ਸਭ | ਅਰ | ਪਉ | ऽ |
| ਨੀ | ਨੀ | ਪ | ਧ | ਪਮ | ਪ | - | - | ਮਗ | ਮ | - | ਸਂਸਂ | ਧ | ਨੀ | ਪ | ਧ |
| ਮ | ਨੁ | ਤ. | ਨੁ | ਚੀऽ | ऽ | ऽ | ऽ | ਤੁऽ | ऽ | ऽ | ਸਭ | ਅ | ਰ | ਪ | ਉ |
| ਮ | ਮ | ਪ | ਪ | ਗਮ | ਪ | - | - | ਸ | ਰੇ | ਸ | | | | | |
| ਮ | ਨੁ | ਤ | ਨੁ | ਚੀऽ | ऽ | ऽ | ऽ | ਤੂ | ऽ | ऽ | | | | | |

## ਰਾਗ ਨਟ ਅੰਤਰਾ - I ਦੀਪਚੰਦੀ ਤਾਲ

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| | | | | | | | | | | ਗ | ਮ | ਧ | ਨੀ |
| | | | | | | | | | | ਕੋ | ਈ | ਵਿ | ਰ |
| ਸਂ | - | - | - | - | - | - | - | - | - | ਸਂ | - | ਸਂ | ਸਂ |
| ਲਾ | ऽ | ऽ | ऽ | ऽ | ऽ | ऽ | ऽ | ऽ | ऽ | ਆ | ऽ | ਪ | ਨ |
| ਨੀ | ਧ | ਨੀ | ਪ | - | - | - | - | - | - | - | - | - | ਧਧ |
| ਕੀ | ऽ | ऽ | ਤ | ऽ | ऽ | ऽ | ऽ | ऽ | ऽ | ऽ | ऽ | ऽ | ਸੰਗਿ |
| ਮ | ਮ | - | ਪ | - | - | - | - | - | - | ਪਪ | ਪ | ਪ | ਪ |
| ਚ | ਰ | ऽ | ਨ | ऽ | ऽ | ऽ | ऽ | ऽ | ऽ | ਕਮ | ਲ | ਮ | ਨੁ |
| ਸ | ਰੇ | - | ਸ | - | - | - | - | - | - | ਗ | ਮ | ਧ | ਨੀ |
| ਸੀ | ऽ | ऽ | ਤ | ऽ | ऽ | ऽ | ऽ | ऽ | ऽ* | ਕ | ਰਿ | ਕਿ | ਰ |

* ਬਾਕੀ ਸੁਰਲਿਪੀ ਵੇਖੋ ਅਗਲੇ ਪੰਨੇ ਉਤੇ।

**ਰਾਗ ਨਟ ਅੰਤਰਾ - I** — **ਇਕ ਤਾਲ**

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | | | | | | | ਗ | ਮ | ਧ | ਨੀ |
| | | | | | | | | ਕ | ਰਿ | ਕਿ | ਰ |
| ਸਂ | - | - | - | - | - | - | - | ਸਂ | ਸਂ | ਸਂ | ਸ |
| ਪਾ | ऽ | ऽ | ऽ | ऽ | ऽ | ऽ | ऽ | ਹ | ਰਿ | ਜ | ਸੁ |
| ਨੀ | ਧ | ਨੀ | ਪ | - | - | - | - | - | - | ਧ | ਧ |
| ਦੀ | ऽ | ऽ | ਤ | ऽ | ऽ | ऽ | ऽ | ऽ | ऽ | ਕ | ਰ |
| ਮ | ਮ | - | ਪ | - | - | - | - | ਪ | ਪ | ਪ | ਪ |
| ਕਿ | ਰ | ऽ | ਪਾ | ऽ | ऽ | ऽ | ऽ | ਹ | ਰਿ | ਜ | ਸੁ |
| ਸ | ਰੇ | - | ਸ | - | - | - | ਸ | ਸ | ਗ | - | ਗ |
| ਦੀ | ऽ | ऽ | ਤ | ऽ | ऽ | ऽ | ਕੋ | ਊ | ਹੈ | ऽ | ਮੇ... |

**ਰਾਗ ਨਟ ਅੰਤਰਾ - II** — **ਬੀਰ ਤਾਲ**

| × | | | | 2 | | | 3 | | | 0 | | | | 4 | | | 0 | | |
|---|---|---|---|---|---|---|---|---|---|---|---|---|---|---|---|---|---|---|---|
| ਗ | ਮ | ਧ | ਨੀ | ਸਂ | ਸਂ | - | ਸਂ | - | ਸਂ | ਸਂ | - | ਸਂ | ਸਂ | ਨੀ | ਧ | ਨੀ | ਪ | - | - |
| ਹ | ਰਿ | ਭ | ਜਿ | ਜ | ਨ | ऽ | ਮੁ | ऽ | ਪ | ਦਾ | ऽ | ਰ | ਥੁ | ਜੀ | ऽ | ऽ | ਤ | ऽ | ऽ |
| - | ਧ | - | ਧ | ਮ | ਮ | - | ਪ | - | - | ਪ | - | ਪ | ਪ | ਸ | - | ਰੇ | ਸ | - | - |
| - | ਕੋ | ऽ | ਟਿ | ਪ | ਤਿ | ऽ | ਤਿ | ऽ | ऽ | ਹੋ | ऽ | ਹਿ | ਪੁ | ਨੀ | ऽ | ऽ | ਤ | ऽ | ऽ |

**ਰਾਗ ਨਟ ਅੰਤਰਾ - II** — **ਤਿੰਨ ਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ਗ | - | ਮ | ਮ | ਧ | - | ਨੀ | - | ਸਂ | ਸਂ | ਸਂ | ਸਂ | ਸਂ | - | ਸਂ | ਸਂ |
| ਨਾ | ऽ | ਨ | ਕ | ਦਾ | ऽ | ਸ | ऽ | ਬ | ਲਿ | ਬ | ਲਿ | ਕੀ | ऽ | ਤ | ऽ |
| ਸਂ | - | ਸਂ | ਨੀ | ਧ | ਨੀ | ਪ | - | ਪ | ਪ | ਪ | ਪ | ਸ | ਰੇ- | ਸ | ਪਪ |
| ਨਾ | ऽ | ਨ | ਕ | ਦਾ | ऽ | ਸ | ऽ | ਬ | ਲਿ | ਬ | ਲਿ | ਕੀ | ਤऽ | ਬ | ਲਿऽ |
| ਪ | ਪ | ਸ | ਰੇਸ | ਪ | ਪ | ਪ | ਪ | ਸ | ਰੇ | ਸ | ਸ | ਸ | ਗ | - | ਗ |
| ਬ | ਲਿ | ਕੀ | ਤऽ | ਬ | ਲਿ | ਬ | ਲਿ | ਕੀ | ऽ | ਤ | ਕੋ | ਊ | ਹੈ | ऽ | ਮੇ |

# ੪੪. ਮਾਲੀ ਗਉੜਾ

ਮਾਲੀ ਗਉੜਾ ਭਾਰਤੀ ਤੇ ਗੁਰਮਤਿ ਸੰਗੀਤ ਰਾਗ ਪਰੰਪਰਾ ਦਾ ਇਕ ਜਟਿਲ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਇਸ ਰਾਗ ਅਧੀਨ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਭਗਤ ਨਾਮਦੇਵ ਜੀ ਦੀ ਬਾਣੀ ਦਰਜ ਹੈ। ਉੱਤਰੀ ਭਾਰਤੀ ਸੰਗੀਤ ਵਿਚ ਇਸਨੂੰ ਰਾਗ ਮਾਲੀਗੌਰਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਪਰ ਗੁਰਮਤਿ ਸੰਗੀਤ ਵਿਚ ਇਹ ਮਾਲੀ ਗਉੜਾ ਨਾਮ ਨਾਲ ਹੀ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਦੋਵੇਂ ਧੈਵਤ ਪ੍ਰਯੋਗ ਕਰਦਿਆਂ ਬਾਕੀ ਸੁਰ ਸ਼ੁਧ ਲਗਾਏ ਜਾਂਦੇ ਹਨ। ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਮਾਰਵਾ, ਸਮਾਂ ਦਿਨ ਦਾ ਚੌਥਾ ਪਹਿਰ ਅਤੇ ਜਾਤੀ ਸੰਪੂਰਣ ਹੈ।

**ਆਰੋਹ** : ਸ ਰੇ̱, ਸ, ਨ਼ੀ ਧ਼ ਨ਼ੀ ਰੇ̱ ਗ ਮ॑ ਪ, ਮ॑ ਧ ਨੀ ਧ ਸਂ।

**ਅਵਰੋਹ** : ਸਂ ਨੀ ਧ̱ ਪ, ਮ॑ ਨੀ ਧ ਮ॑ ਗ ਰੇ̱, ਸ।

**ਮੁੱਖ ਅੰਗ** : ਮ॑ ਗ ਰੇ̱, ਸ, ਧ਼ ਨ਼ੀ ਸ ਰੇ̱, ਗ ਮ॑ ਪ, ਨੀ ਧ̱ ਪ, ਮ॑ ਧ ਮ॑ ਗ ਰੇ̱, ਸਂ।

**ਸੁਰ ਵਿਸਥਾਰ** :

੧. ਸ, ਨ਼ੀ ਰੇ̱, ਸ, ਰੇ̱ ਨ਼ੀ ਧ̱ ਪ਼, ਮ਼॑ ਧ਼ ਨ਼ੀ ਧ਼ ਸ, ਧ਼ ਨ਼ੀ ਰੇ̱, ਨ਼ੀ ਰੇ̱, ਗ ਮ॑ ਪ, ਪ ਧ̱ ਪ, ਮ॑ ਧ ਮ॑ ਗ ਰੇ̱, ਮ॑ ਗ ਰੇ̱, ਸ।

੨. ਨੀ ਰੇ̱, ਗ ਮ॑ ਪ, ਮ॑ ਧ ਨੀ ਧ ਸਂ, ਨੀ ਰੇ̱ਂ, ਸਂ, ਨੀ ਰੇ̱ਂ ਗਂ ਰੇ̱ਂ, ਮ॑ ਗਂ ਰੇ̱ਂ, ਸਂ, ਨੀ ਰੇ̱ਂ ਸਂ, ਨੀ ਰੇ̱ਃ ਨੀ ਧ̱ ਪ, ਪ ਮ॑ ਗ, ਮ॑ ਧ ਮ॑ ਗ ਰੇ̱, ਸ।

# ਮਾਲੀ ਗਉੜਾ (ਭਗਤ ਨਾਮਦੇਵ)

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ[1] ਬੋਲੈ ਰੇ॥੧॥ ਰਹਾਉ॥
[2]ਏਕਲ ਮਾਟੀ ਕੁੰਜਰ ਚੀਟੀ[3] ਭਾਜਨ ਹੈਂ ਬਹੁ ਨਾਨਾ ਰੇ॥
ਅਸਥਾਵਰ[4] ਜੰਗਮ[5] ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥੧॥
[6]ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥
ਪ੍ਰਣਵੈ ਨਾਮਾ [7]ਭਏ ਨਿਹਕਾਮਾ [8]ਕੋ ਠਾਕੁਰੁ ਕੋ ਦਾਸਾ ਰੇ॥੨॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੮੮)*

---

੧. ਹੋਰ ਕਿਹੜਾ ?
੨. ਇਕੋ ਮਿੱਟੀ ਦੇ ਹਾਥੀ ਕੀੜੇ ਹੁੰਦੇ ਹਨ।
੩. ਭਾਂਡੇ ਕਈ ਤਰ੍ਹਾਂ ਦੇ ਹੁੰਦੇ ਹਨ।
੪. ਰੁੱਖ ਆਦਿਕ ਇਕ ਥਾਂ ਖੜੇ।
੫. ਲੱਤਾਂ ਵਾਲੇ, ਤੁਰਨ ਵਾਲੇ ਜੀਵ।
੬. ਇਕੋ ਅਨੰਤ ਦੀ ਹੀ ਆਸ ਰਖੋ।
੭. ਮੈਂ ਨਿਸ਼ਕਾਮ ਹੋ ਗਿਆ ਹਾਂ।
੮. ਠਾਕਰ ਤੇ ਦਾਸ ਇੱਕ ਰੂਪ ਹੋ ਗਏ ਹਨ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੯੮੮

## ਰਾਗ ਮਾਲੀ ਗਉੜਾ ਭਗਤ ਨਾਮਦੇਓ ਜੀ ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | ਮ॑ | ਗ | ਰੇ̱ | ਸ |
| | | | | | | | | ਸ | ਭੈ | ਘ | ਟ |
| ਰੇ̱ | - | ਰੇ̱ | ਸ | - | ਸ | ਸ | ਨ਼ੀ | ਧ਼̱ | ਰੇ̱ | - | ਰੇ̱ |
| ਰਾ | ऽ | ਮੁ | ਬੋ | ऽ | ਲੈ | ਰਾ | ऽ | ਮਾ | ਬੋ | ऽ | ਲੈ |
| - | - | ਰੇ̱ਂ | ਨੀ | ਨੀ | ਧ̱ | ਧ̱ | ਪ | - | ਪ | - | - |
| ऽ | ऽ | ਰਾ | ऽ | ਮ | ਖਿ | ਨਾ | ऽ | ऽ | ਕੋ | ऽ | ऽ |
| ਮ॑ | ਨੀ | ਧ | - | ਮ॑ | ਗ | ਰੇ̱ | - | | | | |
| ਬੋ | ऽ | ਲੈ | ਰੇ | ऽ | ऽ | ऽ | ऽ | | | | |
| ***ਅੰਤਰਾ*** | | | | | | | | ਮ॑ | - | ਧ | ਧ |
| | | | | | | | | ਏ | ऽ | ਕ | ਲ |
| ਨੀ | ਧ | - | ਸਂ | - | - | - | - | ਸਂ | - | ਸਂ | ਨੀ |
| ਮਾ | - | - | ਟੀ | ऽ | ऽ | ऽ | ऽ | ਕੁੰ | ऽ | ਜ | ਰ |
| ਰੇ̱ਂ | - | - | ਸਂ | - | - | - | - | ਨੀ | - | ਰੇ̱ਂ | ਰੇ̱ਂ |
| ਚੀ | ऽ | ऽ | ਟੀ | ऽ | ऽ | ऽ | ऽ | ਭਾ | ऽ | ਜ | ਨ |
| ਰੇ̱ਂ | - | - | - | - | - | - | - | ਰੇਂ | ਗਂ | ਰੇ̱ਂ | ਨੀ |
| ਹੈਂ | ऽ | ऽ | ऽ | ऽ | ऽ | ऽ | ऽ | ਬਹੁ | ਨਾ | ਨਾ | ਨਾ |
| ਸਂ | - | - | - | - | - | - | - | ਪਪ | ਪ | ਪ | ਪ |
| ਰੇ | ऽ | ऽ | ऽ | ऽ | ऽ | ऽ | ऽ | ਅਸ | ਥਾ | ਵ | ਰ |
| ਨੀ | ਧ | - | ਸਂਸਂ | - | - | - | - | ਸਂ | - | ਸਂ | ਸਂ |
| ਜੰ | ऽ | ऽ | ਗਮ | ऽ | ऽ | ऽ | ऽ | ਕੀ | ऽ | ਟ | ਪ |
| ਰੇ̱ਂ | - | - | ਸਂ | - | - | - | - | ਰੇ̱ਂ | ਰੇ̱ਂ | ਰੇ̱ਂ | ਰੇ̱ਂ |
| ਤੰ | ऽ | ऽ | ਗ | ऽ | ਮ | ऽ | ऽ | ਘ | ਟਿ | ਘ | ਟਿ |
| ਰੇ̱ਂ | - | - | ਰੇ̱ਂ | - | - | - | - | ਰੇ̱ਂ | ਗਂ | ਰੇ̱ਂ | ਰੇ̱ਂ |
| ਰਾ | ऽ | ऽ | ਮੁ | ऽ | ऽ | ऽ | ऽ | ਸ | ਮਾ | ਨਾ | ऽ |
| ਸਂ | - | - | - | - | - | - | - | ਰੇ̱ਂ | ਨੀ | ਨੀ | ਧ̱ |
| ਰੇ | ऽ | ऽ | ऽ | ऽ | ऽ | ऽ | ऽ | ਘ | ਟਿ | ਘ | ਟਿ |
| ਧ̱ | ਪ | - | ਪ | - | - | - | - | ਪ | ਮ॑ | ਨੀ | ਧ |
| ਰਾ | ऽ | ऽ | ਮੁ | ऽ | ऽ | ऽ | ऽ | ਸ | ਮਾ | ਨਾ | ऽ |
| ਮ॑ | ਗ | ਰੇ̱ | - | - | - | - | - | | | | |
| ਰੇ | ऽ | ऽ | ऽ | ऽ | ऽ | ऽ | ऽ * | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੫. ਮਾਰੂ

ਮਾਰੂ ਪੁਰਾਤਨ ਪਰ ਕਠਿਨ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੩, ੪, ੫, ੯ ਤੋਂ ਇਲਾਵਾ ਭਗਤ ਕਬੀਰ ਜੀ, ਨਾਮਦੇਵ ਜੀ, ਜੈਦੇਵ ਜੀ ਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਇਸ ਰਾਗ ਦੀ ਮਹਿਮਾ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

***ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ॥***
***ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ॥੩॥***

***(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੫)***

ਪੁਰਾਤਨ ਸੰਗੀਤ ਗ੍ਰੰਥਾਂ ਵਿਚ ਰਾਗ ਮਾਰੂ ਨੂੰ ਮਾਰੁਵ, ਮਾਰਵਾ, ਮਾਰਵਿਕ ਆਦਿ ਨਾਵਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਮਾਰੂ ਰਾਗ ਨਾਮ ਨਾਲ ਦਰਜ ਹੈ। ਸਿੱਖ ਧਰਮ ਵਿਚ ਪ੍ਰਾਣੀ ਦੇ ਅਕਾਲ ਚਲਾਣੇ ਉਤੇ ਜਦ ਤਕ ਦੇਹ ਅਜੇ ਘਰ ਵਿਚ ਹੁੰਦੀ ਹੈ, ਮਾਰੂ ਦੇ ਸ਼ਬਦਾਂ ਤੇ ਮਾਰੂ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਰਿਸ਼ਭ ਵਰਜਿਤ ਕਰਦਿਆਂ ਦੋਵੇਂ ਮਧਿਅਮ, ਦੋਵੇਂ ਧੈਵਤ ਅਤੇ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਖਮਾਜ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਸ਼ਾੜਵ-ਸੰਪੂਰਣ ਹੈ।**

**ਆਰੋਹ** : ਸ ਗ ਮ ਪ, ਧ ਨੀ ਸਂ।

**ਅਵਰੋਹ** : ਸਂ ਨ਼ੀ ਧ ਪ, ਮੇ ਪ ਧ਼ ਨੀ ਧ਼ ਪ, ਮ ਗ ਰੇ ਸ।

**ਮੁੱਖ ਅੰਗ** : ਪ ਪ ਨ਼ੀ ਧ ਪ, ਮੇ ਪ ਧ਼ ਨੀ ਧ਼ ਪ, ਪ ਧ ਪ ਗ, ਰੇ, ਗ ਰੇ ਸ।

**ਸੁਰ ਵਿਸਥਾਰ** :

੧. ਸ, ਗ ਰੇ ਸ, ਨ਼ੀ ਧ਼ ਪ਼, ਪ਼ ਧ਼ ਨ਼ੀ ਸ, ਸ ਗ ਮ ਗ, ਮ ਗ ਮ ਪ, ਪ ਧ ਮੇ ਪ, ਮੇ ਪ ਧ਼ ਨੀ ਧ਼ ਪ, ਪ ਧ ਪ ਗ, ਰੇ ਗ ਰੇ ਸ।

੨. ਮ ਗ ਮ ਪ, ਧ਼ ਨੀ ਧ਼ ਪ, ਧ ਨੀ ਸਂ, ਰੇਂ ਸਂ, ਗਂ ਰੇਂ ਸਂ, ਮਂ ਗਂ ਰੇਂ ਗਂ ਸਂ, ਨ਼ੀ ਧ ਪ, ਮੇ ਪ ਧ਼ ਨੀ ਧ਼ ਪ, ਪ ਧ ਮੇ ਪ, ਪ ਧ ਪ ਗ, ਰੇ ਗ ਸ।

## ੧ਓ ਸਤਿਗੁਰ ਪ੍ਰਸਾਦਿ ॥

## ਮਾਰੂ ਮਹਲਾ ੯ ॥

ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ[੧] ਉਧਰਿਓ ਗਨਿਕਾ[੨] ਹੂ [੩]ਗਤਿ ਪਾਈ॥੧॥ਰਹਾਉ॥
ਪੰਚਾਲੀ[੪] ਕਉ [੫]ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ[੬] ਕਰੁਣਾ ਮੈ[੭] ਅਪਨੀ ਪੈਜ ਬਢਾਈ[੮]॥੧॥
ਜਿਹ ਨਰ ਜਸੁ [੯]ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ[੧੦] ਸਰਨਾਈ॥੨॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੮)*

---

੧. ਓਹ ਪਾਪੀ ਜੋ ਪੁਤ (ਨਾਰਾਇਣ) ਦਾ ਨਾਮ ਉਚਾਰਦਾ ਪਾਰ ਉਤਰਿਆ। ਦੇਖੋ ਪੰਨਾ ੮੩੦, ਨੋਟ ੨੮।
੨. ਵੇਸਵਾ ਜੋ ਤੋਤੇ ਨੂੰ ਨਾਰਾਇਣ ਪੜ੍ਹਾਂਦੀ ਮੁਕਤ ਹੋਈ। ਦੇਖੋ ਪੰ: ੮੩੦, ਨੋਟ ੨੯।
੩. ਭੀ।
੪. ਪੰਚਾਲ ਦੇਸ਼ ਦੀ ਸ਼ਾਹਜ਼ਾਦੀ, ਦਰੋਪਦੀ।
੫. ਦੁਰਯੋਧਨ ਦੇ ਦਰਬਾਰ ਵਿੱਚ (ਜਿਥੇ ਦ੍ਰੋਪਦੀ ਨੂੰ ਨੰਗਾ ਕਰਨ ਦਾ ਹੁਕਮ ਮਿਲਿਆ ਸੀ)।
੬. ਦੂਰ ਕੀਤਾ।
੭. ਦਇਆ ਸਰੂਪ ਹਰੀ ਨੇ।
੮. ਵਧਾਈ।
੯. ਮਿਹਰ ਦੇ ਭੰਡਾਰ (ਹਰੀ) ਦਾ।
੧੦. ਆਣ ਕੇ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੧੦੦੮

## ਰਾਗ ਮਾਰੂ ਮਹਲਾ ੫ ਤਿੰਨ ਤਾਲ

| × | 2 | 0 | 3 |
|---|---|---|---|
| *ਸਥਾਈ* | ਸ ਗ ਮ ਪ | ਮੰਪ ਧੁਨੀ ਧੁ ਪ | ਮ ਗ ਰੇ ਸ |
| | ਹ ਰਿ ਕੋ ऽ | ਨਾऽ ऽऽ ਮੁ ਸ | ਦਾ ऽ ਸੁ ਖ |
| ਗ - - ਗ | ਸ ਨ਼ੀ ਧ਼- ਪ਼ | ਧ਼ ਨ਼ੀ ਸ ਸ | ਗ - ਮ ਮ |
| ਦਾ ऽ ऽ ਈ | ਜਾ ऽ ਕਉ ऽ | ਸਿ ਮ ਰਿ ਅ | ਜਾ ऽ ਮ ਲੁ |
| ਮ ਮ ਪ- - | ਸੰ ਸੰ ਸੰ - | ਨ਼ੀ ਧ ਪ ਪ | ਮੰਪ ਧੁਨੀ ਧੁ ਪ |
| ਉ ਧ ਰਿਓ ऽ | ਗ ਨਿ ਕਾ ऽ | ਹੂ ऽ ਗ ਤਿ | ਪਾऽ ऽऽ ऽ ऽ |
| ਮ ਗ - - | | | |
| ਈ ऽ ऽ ऽ | | | |
| *ਅੰਤਰਾ* | ਮੰਪ ਧੁਨੀ ਧੁ ਪ | ਨੀਂਧ - ਨੀ- - | ਸੰ - ਸੰ ਸੰ |
| | ਪੰऽ ऽऽ ਚਾ ऽ | ਲੀ ऽ ਕਉ ऽ | ਰਾ ऽ ਜ ਸ |
| ਸੰ - ਸੰ- - | ਗਾਂ - ਗਾਂ ਮਂ | ਰੇਂ ਰੇਂ ਸੰ ਸੰ | ਨੀ ਨੀ ਧ ਪ |
| ਭਾ ऽ ਮਹਿ ऽ | ਰਾ ऽ ਮ ਨਾ | ऽ ਮ ਸੁ ਧਿ | ਆ ऽ ऽ ऽ |
| ਧ ਨੀ ਸੰ - | ਮੰਪ ਧੁਨੀ ਧੁ ਪ | ਨੀਂਧ ਧ ਨੀ ਨੀ | ਸੰ - ਸੰ ਸੰ |
| ਈ ऽ ऽ ऽ | ਤਾऽ ऽऽ ਕੋ ऽ | ਦੁ ਖੁ ਹ ਰਿ | ਓ ऽ ਕ ਰੁ |
| ਸੰ - ਸੰ - | ਗਾਂ ਗਾਂ ਗਾਂ ਮਂ | ਰੇਂ - ਸੰ ਸੰ | ਨੀ - ਧ ਪ |
| ਨਾ ऽ ਮੈ ऽ | ਅ ਪ ਨੀ ऽ | ਪੈ ऽ ਜ ਬ | ਢਾ ऽ ऽ ऽ |
| ਧ ਨੀ ਸੰ - | ਸੰ ਸੰ ਸੰ - | ਨੀ ਧ ਪ ਪ | ਮੰਪ ਧੁਨੀ ਧੁ ਪ |
| ਈ ऽ ऽ ऽ | ਅ ਪ ਨੀ ऽ | ਪੈ ऽ ਜ ਬ | ਢਾऽ ऽऽ ऽ ऽ |
| ਮ ਗ - - | | | |
| ਈ ऽ ऽ ऽ * | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੯. ਮਾਰੂ ਕਾਫੀ

ਮਾਰੂ ਅਤੇ ਕਾਫੀ ਰਾਗਾਂ ਦੀਆਂ ਸੁਰਾਵਲੀਆਂ ਤੋਂ ਵਿਕਸਿਤ ਰਾਗ ਮਾਰੂ ਕਾਫੀ ਸੁਤੰਤਰ ਰਾਗ ਪਰਕਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ *ਰਾਗ ਮਾਰੂ ਕਾਫੀ* ਅਧੀਨ ਕੇਵਲ ਗੁਰੂ ਨਾਨਕ ਜੀ ਦੀ ਦੀ ਬਾਣੀ ਅੰਕਤ ਹੈ। ਭਾਰਤੀ ਸੰਗੀਤ ਵਿਚ ਇਹ ਰਾਗ ਪ੍ਰਚਾਰ ਨਾ ਹੋਣ ਕਾਰਨ ਇਸ ਨੂੰ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲਾਚਰਣ ਤੋਂ ਬਾਅਦ ਇਸ ਰਾਗ ਦਾ ਸਿਰਲੇਖ '*ਮਾਰੂ ਕਾਫੀ ਮਹਲਾ ੧ ਘਰੁ ੨*' ਅੰਕਿਤ ਹੈ। ਇਸ ਵਿਚ ਗੰਧਾਰ, ਮਧਿਅਮ ਤੇ ਨਿਸ਼ਾਦ ਦੇ ਦੋਵੇਂ ਰੂਪ ਅਤੇ ਬਾਕੀ ਸਾਰੇ ਸੁਰ ਸ਼ੁਧ ਲਾਏ ਜਾਂਦੇ ਹਨ। **ਇਸ ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਸ ਗ ਮ ਪ, ਪ ਮ॑ ਪ, ਧ ਮ ਪ, ਧ ਸਂ ਨੀ ਸਂ।

**ਅਵਰੋਹ** : ਸਂ ਨ਼ੀ ਧ ਪ, ਧ ਪ ਗੁ ਰੇ, ਪ ਗੁ ਰੇ ਨ਼ੀ ਸ।

**ਮੁੱਖ ਅੰਗ** : ਸ ਗ ਮ ਪ, ਪ ਧ ਪ ਗ ਮ ਪ, ਪ ਮ॑ ਪ, ਨ਼ੀ ਧ ਪ, ਮ ਪ ਗੁ ਰੇ ਸ।

**ਸੁਰ ਵਿਸਥਾਰ** :

**੧.** ਸ ਗ ਮ ਪ, ਪ ਮ॑ ਪ, ਪ ਗੁ ਰੇ ਨ਼ੀ ਸ, ਗ ਮ ਪ, ਪ ਧ ਪ ਗ ਮ ਪ, ਪ ਗੁ ਰੇ ਸ।

**੨.** ਗ ਮ ਪ, ਧ ਮ॑ ਪ, ਨ਼ੀ ਧ ਪ, ਧ ਮ ਪ, ਧ ਸਂ, ਨੀ ਸਂ ਰੇਂ ਗੁਂ ਰੇਂ ਸਂ, ਨ਼ੀ ਧ ਪ, ਧ ਮ॑ ਪ, ਪ ਧ ਪ ਗੁ ਰੇ, ਗ ਮ ਪ, ਪ ਗੁ ਰੇ ਸ, ਧ ਪ ਗੁ ਰੇ ਸ।

**੩.** ਧ ਮ ਪ ਧ ਸਂ, ਨੀ ਸਂ ਰੇਂ ਗੁਂ ਰੇਂ ਸਂ, ਸਂ ਗਂ ਮਂ ਪਂ, ਪਂ ਗੁਂ ਰੇਂ ਸਂ, ਸਂ ਨੀ ਸਂ, ਨ਼ੀ ਧ ਪ, ਧ ਮ॑ ਪ, ਪ ਨ਼ੀ ਧ ਪ, ਪ ਧ ਮ ਪ, ਸਂ ਨ਼ੀ ਧ ਪ, ਧ ਮ॑ ਪ, ਨ਼ੀ ਧ ਪ, ਧ ਪ ਗੁ ਰੇ ਸ।

## ੧ੴ ਸਤਿਗੁਰ ਪ੍ਰਸਾਦਿ ॥

## ਮਾਰੂ ਕਾਫੀ ਮਹਲਾ ੧ ਘਰੁ ੨ ॥

ਆਵਉ ਵੰਞਉ [੧]ਡੁੰਮਣੀ ਕਿਤੀ ਮਿਤ੍ਰ ਕਰੇਉ॥
ਸਾ ਧਨ[੨] ਢੋਈ ਨ ਲਹੈ ਵਾਢੀ[੩] ਕਿਉ ਧੀਰੇਉ[੪]॥੧॥
ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ॥
ਹਉ ਘੋਲਿ ਘੁਮਾਈ ਖੰਨੀਐ[੫] ਕੀਤੀ ਹਿਕ ਭੋਰੀ ਨਦਰਿ ਨਿਹਾਲਿ॥੧॥ਰਹਾਉ॥
ਪੇਈਅੜੈ[੬] ਡੋਹਾਗਣੀ ਸਾਹੁਰੜੈ ਕਿਉ ਜਾਉ॥
ਮੈ ਗਲਿ ਅਉਗਣ ਮੁਠੜੀ [੭]ਬਿਨੁ ਪਿਰ ਝੂਰਿ ਮਰਾਉ॥੨॥
ਪੇਈਅੜੈ ਪਿਰੁ ਸੰਮਲਾ[੮] ਸਾਹੁਰੜੈ ਘਰਿ ਵਾਸੁ॥
ਸੁਖਿ ਸਵੰਧਿ[੯] ਸੋਹਾਗਣੀ ਪਿਰੁ ਪਾਇਆ ਗੁਣਤਾਸੁ[੧੦]॥੩॥
ਲੇਫੁ ਨਿਹਾਲੀ[੧੧] ਪਟ ਕੀ ਕਾਪੜੁ ਅੰਗਿ ਬਣਾਇ॥
ਪਿਰੁ ਮੁਤੀ[੧੨] ਡੋਹਾਗਣੀ ਤਿਨ ਡੁਖੀ[੧੩] ਰੈਣਿ ਵਿਹਾਇ[੧੪]॥੪॥
ਕਿਤੀ [੧੫]ਚਖਉ ਸਾਡੜੇ[੧੬] ਕਿਤੀ ਵੇਸ ਕਰੇਉ॥
ਪਿਰ ਬਿਨੁ ਜੋਬਨੁ[੧੭] ਬਾਦਿ ਗਇਅਮੁ ਵਾਢੀ[੧੮] ਝੂਰੇਦੀ ਝੂਰੇਉ॥੫॥
ਸਚੇ[੧੯] ਸੰਦਾ ਸਦੜਾ ਸੁਣੀਐ ਗੁਰ ਵੀਚਾਰਿ॥
ਸਚੇ[੨੦] ਸਚਾ ਬੈਹਣਾ ਨਦਰੀ ਨਦਰਿ ਪਿਆਰਿ॥੬॥
ਗਿਆਨੀ ਅੰਜਨੁ[੨੧] ਸਚ ਕਾ ਡੇਖੈ ਡੇਖਣਹਾਰੁ[੨੨]॥
ਗੁਰਮੁਖਿ[੨੩] ਬੂਝੈ ਜਾਣੀਐ ਹਉਮੈ [੨੪]ਗਰਬੁ ਨਿਵਾਰਿ॥੭॥
ਤਉ [੨੫]ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥
ਨਾਨਕ ਨਾਹੁ[੨੬] ਨ ਵੀਛੁੜੈ ਤਿਨ ਸਚੈ ਰਤੜੀਆਹ॥੮॥੧॥੯॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੧੪)*

---

੧. ਮੈਂ ਡੁੰਮਣੀ (ਦੁਚਿਤੀ, ਉਦਾਸ) ਆਉਂਦੀ ਜਾਂਦੀ ਹਾਂ ਤੇ ਕਿਤਨੇ ਹੀ ਆਪਣੇ ਮਿੱਤਰ ਬਣਾਂਦੀ ਹਾਂ। ੨. ਇਸਤਰੀ। ੩. (ਪਰਦੇਸ ਗਈ ਹੋਈ) ਵਿਛੜੀ ਹੋਈ। ੪. ਧੀਰਜ ਫੜੇ।
੫. ਟੋਟੇ ਹੋ ਜਾਵਾਂ (ਵਾਰਨੇ ਜਾਵਾਂ) ਜੇ ਤੂੰ ਇਕ ਰਤਾ ਪਰ ਮਿਹਰ ਦੀ ਨਜ਼ਰ ਨਾਲ ਵੇਖੇਂ।
੬. ਪੇਕੇ (ਇਸ ਜਨਮ ਵਿੱਚ) ਛੁਟੜ ਹਾਂ; ਸੌਹਰੇ (ਪਤੀ ਦੇ ਹਜ਼ੂਰ) ਕਿਵੇਂ ਜਾ ਸਕਦੀ ਹਾਂ ?
੭. ਮੋਹੀ ਹੋਈ। ੮. ਯਾਦ ਕਰਾਂ। ੯. ਸੌਂਦੀਆਂ ਹਨ। (ਕਈ ਬੀੜਾਂ ਵਿੱਚ ਪਾਠ 'ਸਵਨਿ' ਹੈ।) ੧੦. ਗੁਣਾਂ ਦਾ ਖ਼ਜ਼ਾਨਾ। ੧੧. ਤੁਲਾਈ। ੧੨. ਛੱਡੀਆਂ ਹੋਈਆਂ। ੧੩. ਦੁਖੀ।
੧੪. ਉਮਰ ਰੂਪ ਰਾਤ ਗੁਜ਼ਰਦੀ ਹੈ। ੧੫. ਕਿਤਨੇ ਹੀ। ੧੬. ਸੁਆਦ। ੧੭. ਫ਼ਜ਼ੂਲ, ਬੇਅਰਥ ਜਾਂਦਾ ਹੈ ਮੇਰਾ। ੧੮. (ਪਰਦੇਸ ਗਈ ਹੋਈ) ਵਿਛੜੀ ਹੋਈ। ੧੯. ਸੱਚੇ ਦਾ ਉਪਦੇਸ਼ ਗੁਰੂ ਦੀ ਵਿਚਾਰ ਦੁਆਰਾ ਸੁਣੀਏ। ੨੦. ਸੱਚੇ ਦਾ ਸੱਚਾ ਅਸਥਾਨ ਹੈ (ਸਤਸੰਗ ਰੂਪ); ਨਦਰੀ (ਬਖਸ਼ਿੰਦ) ਦੀ ਮਿਹਰ ਹੋਵੇ ਤਾਂ ਉਸ ਦੇ ਪਿਆਰ ਵਿੱਚ ਲਗੀਦਾ ਹੈ।
੨੧. ਸੁਰਮਾ। ੨੨. ਦੇਖਣਹਾਰ ਹਰੀ ਨੂੰ। ੨੩. ਗੁਰੂ ਦੁਆਰਾ। ੨੪. ਹੰਕਾਰ ਦੂਰ ਕਰ ਕੇ।
੨੫. ਜਿਹੜੀਆਂ ਤੈਨੂੰ ਚੰਗੀਆਂ ਲੱਗਦੀਆਂ ਹਨ, ਓਹ ਤੇਰੇ ਵਰਗੀਆਂ ਹਨ, ਹੋਰ ਮੇਰੇ ਜਹੀਆਂ ਤਾਂ ਕਈ ਹਨ। ੨੬. ਪਤੀ। ਉਨ੍ਹਾਂ ਸੱਚੇ ਨਾਲ ਰੱਤੀਆਂ ਤੋਂ ਉਨ੍ਹਾਂ ਦਾ ਪਤੀ ਨਹੀ ਵਿਛੜਦਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੧੦੧੪

## ਰਾਗ ਮਾਰੂ ਕਾਫੀ — ਮਹਲਾ ੧ — ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | ਮੰ | - | ਪ | - | - | ਧਧ | ਮ | ਪ |
| | | | | | | | | ਮੈ | ऽ | ਡਾ | ऽ | ऽ | ਮऽ | ਨੁ | ਰ |
| ਸਂ | - | - | - | ਨੀ | - | ਸਂ | - | - | ਸਂ | ਨੀ | ਧ | ਪ | - | ਪ | ਪ |
| ਤਾ | ऽ | ऽ | ऽ | ऽ | ऽ | ऽ | ऽ | ऽ | ਆ | ਪ | ਨ | ੜੇ | ऽ | ਪਿ | ਰ |
| ਗੁ | - | - | - | ਰੇ | - | ਸ | - | ਸ- | ਸ | ਗ | ਗ | ਮ | - | ਪ | - |
| ਨਾ | ऽ | ऽ | ऽ | ਲਿ | ऽ | ऽ | ऽ | ਹਉ | ਘੋ | ਲਿ | ਘੁ | ਮਾ | ऽ | ਈ | ऽ |
| - | ਧਧ | ਮ | - | ਪ | - | ਪ | - | ਧਧ | ਸਂ | ਸਂ | - | ਸਂ | ਨੀ | ਸਂ | ਸਂ |
| ऽ | ਖੰਨੀ | ਐ | ऽ | ਕੀ | ऽ | ਤੀ | ऽ | ਹਿਕ | ਭੋ | ਰੀ | ऽ | ਨ | ਦ | ਰਿ | ਨਿ |
| ਸਂ | ਨੀ | ਧ | ਪ | ਗੁ | - | ਰੇ | ਸ | | | | | | | | |
| ਹਾ | ऽ | ऽ | ऽ | ਲ | ऽ | ऽ | ऽ | | | | | | | | |
| *ਅੰਤਰਾ* | | | | | | | | - | ਪ | ਪ- | - | ਧ | ਮ | ਪ- | ਧ |
| | | | | | | | | - | ਆ | ਵਉ | ऽ | ਵੰ | ऽ | ਞਉ | ऽ |
| ਸਂ | - | - | ਨੀ | ਸਂ | - | - | - | - | ਗੁਂ | ਗੁਰੇਂ | ਸਂ | ਸਂ | - | ਸ | ਸਂ |
| ਡੁੰ | ऽ | ऽ | ਮ | ਣੀ | ऽ | ऽ | ऽ | ऽ | ਕਿ | ਤੀऽ | ऽ | ਮਿ | ऽ | ਤ੍ਰ | ਕ |
| ਨੀ | - | - | - | ਧ | - | ਪ | - | - | ਪ | ਪ | ਪ | ਧ | ਮ | ਪ | ਧ |
| ਰੇ | ऽ | ऽ | ऽ | ਉ | ऽ | ऽ | ऽ | ऽ | ਸਾ | ਧ | ਨ | ਢੋ | ऽ | ਈ | ऽ |
| ਸਂ | - | - | ਨੀ | ਸਂ | - | - | - | - | ਗੁਂ | ਗੁਰੇਂ | ਸਂ | ਸਂ- | - | - | ਸਂ |
| ਨ | ऽ | ऽ | ਲ | ਹੈ | ऽ | ऽ | ऽ | ऽ | ਵਾ | ਢੀऽ | ऽ | ਕਿਉ | ऽ | ऽ | ਧੀ |
| ਨੀ | - | - | - | ਧ | - | ਪ | - | - | ਸਂ | ਨੀ | ਧ | ਪ- | - | - | ਪ |
| ਰੇ | ऽ | ऽ | ऽ | ਉ | ऽ | ऽ | ऽ | ऽ | ਵਾ | ਢੀ | ऽ | ਕਿਉ | ऽ | ऽ | ਧੀ |
| ਗੁ | - | - | - | ਰੇ | - | ਸ | - | | | | | | | | |
| ਰੇ | ऽ | ऽ | ऽ | ਉ | ऽ | ऽ | ऽ * | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੭. ਮਾਰੂ ਦੱਖਣੀ

ਗੁਰਮਤਿ ਸੰਗੀਤ ਵਿਚ ਮਾਰੂ ਰਾਗ ਅਧੀਨ ਅੰਕਿਤ ਰਾਗ ਮਾਰੂ ਦੱਖਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਬਾਣੀ ਉਚਾਰੀ।

ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਦੱਖਣੀ ਰਾਗ ਪਰਕਾਰਾਂ ਦੀ ਲੜੀ ਵਿਚ ਆਉਂਦਾ ਹੈ। ਮਾਰੂ ਦੱਖਣੀ ਰਾਗ ਦੇ ਆਰੋਹ ਵਿਚ ਰਿਸ਼ਭ ਵਰਜਿਤ ਕਰਦੇ ਹੋਏ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸਭ ਸੁਰ ਸ਼ੁਧ ਲਾਏ ਜਾਂਦੇ ਹਨ। **ਇਸ ਦਾ ਵਾਦੀ ਧੈਵਤ, ਸੰਵਾਦੀ ਰਿਸ਼ਭ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਸ਼ਾੜਵ-ਸੰਪੂਰਣ ਹੈ।**

**ਆਰੋਹ** : ਸ ਗ, ਮ ਪ ਧ̱, ਨੀ ਧ̱ ਪ, ਸਂ।

**ਅਵਰੋਹ** : ਸਂ ਨੀ ਧ̱, ਪ, ਮ ਧ̱ ਮ ਪ, ਮ ਗ ਰੇ̱, ਸ।

**ਮੁੱਖ ਅੰਗ** : ਨੀ ਧ̱, ਪ, ਮ ਧ̱ ਮ ਪ, ਮ ਗ ਰੇ̱, ਸ।

**ਸੁਰ ਵਿਸਥਾਰ** :

੧. ਸ, ਸ ਗ ਰੇ̱ ਸ, ਨ਼ੀ ਧ̱, ਪ਼, ਸ, ਰੇ̱ ਸ, ਸ ਗ ਮ ਪ, ਮ ਪ ਧ̱, ਪ, ਮ ਗ ਰੇ̱, ਸ।

੨. ਸ, ਰੇ ਸ ਗ ਮ ਪ, ਮ ਪ ਧ̱, ਪ, ਮ ਧ̱, ਮ ਪ, ਨੀ ਧ̱, ਪ, ਸਂ, ਸਂ ਨੀ ਧ̱, ਪ, ਮ ਧ, ਮ ਪ, ਮ ਗ ਰੇ̱, ਸ।

੩. ਪ, ਮ ਧ̱ ਪ, ਨੀ ਧ̱ ਪ, ਸਂ, ਰੇਂ ਸਂ, ਸਂ ਗਂ ਮਂ ਗਂ ਰੇ̱ਂ, ਸਂ, ਰੇਂ ਸਂ ਨੀ ਸਂ ਨੀ ਧ̱, ਪ, ਮ ਧ̱ ਮ ਪ, ਸ ਗ ਮ ਪ ਮ ਗ ਰੇ̱, ਸ।

# ਮਾਰੂ ਮਹਲਾ ੧ ਦਖਣੀ[੧]

ਕਾਇਆ[੨] ਨਗਰੁ ਨਗਰ ਗੜ ਅੰਦਰਿ॥
ਸਾਚਾ ਵਾਸਾ ਪੁਰਿ ਗਗਨੰਦਰਿ॥
ਅਸਥਿਰੁ ਥਾਨੁ ਸਦਾ ਨਿਰਮਾਇਲੁ[੩] ਆਪੇ[੪] ਆਪੁ ਉਪਾਇਦਾ॥੧॥
ਅੰਦਰਿ ਕੋਟ[੫] ਛਜੇ ਹਟਨਾਲੇ[੬]॥
ਆਪੇ ਲੇਵੈ ਵਸਤੁ ਸਮਾਲੇ॥
ਬਜਰ[੭] ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੩)*

---

੧. ਦਖਣੀ ਤਰਜ਼ ਦਾ ਮਾਰੂ ਰਾਗ। ਦੇਖੋ ਪੰ. ੯੨੯, ਫੁਟ ਨੋਟ*।

੨. ਨਗਰਾਂ ਤੇ ਗੜ੍ਹਾਂ ਵਿਚੋ ਇਕ ਕਾਇਆਂ ਵੀ ਨਗਰ ਹੈ। ਸਚੇ ਦਾ ਵਾਸਾ ਗਗਨੰਦਰ ਪੁਰੀ (ਦਸਮ ਦੁਆਰ) ਵਿੱਚ ਹੈ। ਦੇਖੋ ਪੰ. ੧੦੦੨, ਫੁਟ ਨੋਟ ੧੮।

੩. ਨਿਰਮਲ।

੪. ਆਪ ਹੀ ਆਪਣੇ ਆਪ ਨੂੰ ਹਰੀ ਉਸ ਥਾਂ ਤੇ ਟਿਕਾਂਦਾ ਹੈ।

੫. ਕਿਲ੍ਹੇ।

੬. ਜਿਥੇ ਹੱਟੀਆਂ ਨਾਲ ਨਾਲ ਹੋਣ, ਬਾਜ਼ਾਰ। 'ਜੋ ਬ੍ਰਹਮੰਡੇ ਸੋਈ ਪਿੰਡੇ' ਵਾਲਾ ਭਾਵ ਹੈ। ਦੇਖੋ ਪੰ. ੯੫੪, ਫੁਟ ਨੋਟ* ਵਾਲਾ ਸ਼ਬਦ, ਅਤੇ ਪੰ. ੯੫, ਨੋਟ ੧੬।

੭. ਕਰੜੇ ਦਰਵਾਜ਼ੇ ਜੜੇ (ਮਾਰੇ ਹੋਏ) ਹਨ, ਉਹ ਹਰੀ ਆਪ ਹੀ ਦਰਵਾਜ਼ੇ ਬੰਦ ਕਰਨਾ ਜਾਣਦਾ ਹੈ ਅਤੇ ਆਪ ਹੀ ਗੁਰ-ਸ਼ਬਦ ਦੁਆਰਾ ਉਹ ਦਰਵਾਜ਼ੇ ਖੋਲ੍ਹਦਾ ਹੈ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਤੀਜੀ) ਪੰਨਾ ੧੦੩੩

## ਰਾਗ ਮਾਰੂ ਦੱਖਣੀ  ਮਹਲਾ ੧  ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | | | ਸ | ਗ | ਮਪ |
| | | | | | | | | | | | | | ਕਾ | ऽ | ਇਆ |
| ਧੁ | ਧੁ | ਪ | ਪ | ਮ | ਧੁ | ਮ | ਪ | ਮ | ਗ | ਰੇ | ਰੇ | ਸਂ | ਸਂ | ਧੁ | ਪ |
| ਨ | ਗ | ਰੁ | ਨ | ਗ | ਰ | ਗ | ੜ | ਅੰ | ऽ | ਦ | ਰਿ | ਸਾ | ऽ | ਚਾ | ऽ |
| ਸਂ | - | ਸਂ | - | ਸਂਰੇ | ਨੀਸਂ | ਧੁ | ਪ | ਮ | - | ਗ | ਗ | ਸਂ | ਸਂ | ਧੁ | ਪ |
| ਵਾ | ऽ | ਸਾ | ऽ | ਪੁऽ | ਰਿऽ | ਗ | ਗ | ਨੰ | ऽ | ਦ | ਰਿ | ਅ | ਸ | ਥਿ | ਰੁ |
| ਸਂ | - | ਸਂ | ਸਂ | ਸਂ | - | ਸਂ | ਸਂ | ਰੇਂ | - | ਸਂ | ਸਂ | - | ਗਂ | ਰੇਂ | ਸਂ |
| ਥਾ | ऽ | ਨੁ | ਸ | ਦਾ | ऽ | ਨਿ | ਰ | ਮਾ | ऽ | ਇ | ਲੁ | ऽ | ਆ | ऽ | ਪੇ |
| ਸਂ | - | ਸਂਨੀ | ਧੁਪ | ਮ | ਧੁ | ਮ | ਪ | ਮ | ਗ | ਰੇ | - | - | | | |
| ਆ | ऽ | ਪੁऽ | ऽऽ | ਉ | ਪਾ | ਇ | ऽ | ਦਾ | ऽ | ऽ | ऽ | ऽ | | | |
| ***ਅੰਤਰਾ*** | | | | | | | | | | | | ਸਂ | - | ਧੁ | ਪ |
| | | | | | | | | | | | | ਅੰ | ऽ | ਦ | ਰਿ |
| ਸਂ | - | ਸਂ | - | - | ਸਂ | ਸਂ | ਸਂਸਂ | ਰੇਂ | - | ਸਂ | - | ਗਂ | - | ਰੇਂ | ਸਂ |
| ਕੋ | ऽ | ਟ | ऽ | ऽ | ਛ | ਜੇ | ਹਟ | ਨਾ | ऽ | ਲੇ | ऽ | ਆ | ऽ | ਪੇ | ऽ |
| ਸਂ | - | ਸਂਨੀ | ਧੁਪ | ਪ | ਪ | ਪ | ਪ | ਮਧੁ | ਪਮ | ਗ | - | ਸਂ | ਸਂ | ਧੁ | ਪ |
| ਲੇ | ऽ | ਵੈऽ | ऽऽ | ਵ | ਸ | ਤੁ | ਸ | ਮਾऽ | ऽऽ | ਲੇ | ऽ | ਬ | ਜ | ਰ | ਕ |
| ਸਂ | - | ਸਂ | ਸਂ | ਸਂ | - | ਸਂ | ਸਂ | ਰੇਂ | - | ਸਂ | - | ਗਂ | ਗਂ | ਰੇਂ | ਸਂ |
| ਪਾ | ऽ | ਟ | ਜ | ਝੇ | ऽ | ਜ | ਫ਼ਿ | ਜਾ | ऽ | ਣੈ | ऽ | ਗੁ | ਰ | ਸ | ਬ |
| ਸਂ | - | ਸਂਨੀ | ਧੁਪ | ਮ | ਧੁ | ਮ | ਪ | ਮ | ਗ | ਰੇ | - | - | | | |
| ਦੀ | ऽ | ऽऽ | ऽऽ | ਖੇ | ਲਾ | ऽ | ਇ | ਦਾ | ऽ | ऽ | ऽ | ऽ * | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੮. ਤੁਖਾਰੀ

ਰਾਗ ਤੁਖਾਰੀ ਪੰਜਾਬ ਦੀ ਸੰਗੀਤ ਪਰੰਪਰਾ ਦਾ ਨਿਵੇਕਲਾ ਤੇ ਮੌਲਿਕ ਰਾਗ ਹੈ। ਪੁਰਾਤਨ ਲਿਖਤਾਂ ਅਨੁਸਾਰਾ ਹਿਮਾਲਾ ਦੇ ਉੱਤਰ ਪੱਛਮ ਦਾ ਦੇਸ਼ 'ਤੁਖਾਰ' (ਤੁਸ਼ਾਰ) ਕਿਹਾ ਜਾਂਦਾ ਸੀ, ਇਸ ਇਲਾਕੇ ਦੀ ਗਾਉਣ ਧੁਨ ਤੋਂ ਹੀ 'ਤੁਖਾਰੀ' ਰਾਗ ਵਿਕਸਿਤ ਹੋਇਆ ਮੰਨਿਆਂ ਜਾਂਦਾ ਹੈ। ਤੁਸ਼ਾਰ' ਖਿਤੇ ਦੀ ਸੰਗੀਤ ਪਰੰਪਰਾ ਤੋਂ ਵਿਕਸਿਤ ਰਾਗ ਤੁਖਾਰੀ 'ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਾਮਾਹਾ ਬਾਣੀ ਦੀ ਰਚਨਾ ਵਿਸ਼ੇਸ਼ ਰੂਪ ਵਿਚ ਕੀਤੀ ਹੈ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਰਾਗ ਵਿਚ ਆਪਣੀ ਬਾਣੀ ਉਚਾਰੀ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਦਾ ਪ੍ਰਚਲਨ ਬਿਲਕੁਲ ਨਹੀਂ ਹੈ। ਇਸ ਰਾਗ ਵਿਚ ਕੋਮਲ ਗੰਧਾਰ, ਤੀਵਰ ਮਧਿਅਮ ਅਤੇ ਦੋਨੋਂ ਨਿਸ਼ਾਦ, ਬਾਕੀ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਇਸ ਦਾ ਵਾਦੀ **ਪੰਚਮ, ਸੰਵਾਦੀ ਸ਼ੜਜ, ਥਾਟ ਧਰਮਵਤੀ (ਦੱਖਣੀ ਸੰਗਤੀ ਪੱਧਤੀ), ਸਮਾਂ ਦਿਨ ਦਾ ਚੌਥਾ ਪਹਿਰ ਅਤੇ ਜਾਤੀ ਔੜਵ-ਸੰਪੂਰਣ ਹੈ।**

| | | |
|---|---|---|
| **ਆਰੋਹ** | : | ਨ਼ੀ ਸ, ਗੁ ਮ॑ ਪ, ਨੀ ਸਂ। |
| **ਅਵਰੋਹ** | : | ਸਂ ਨੀ ਧ ਪ, ਨ̱ੀ ਧ ਪ, ਮ॑ ਗੁ, ਰੇ ਸ। |
| **ਮੁੱਖ ਅੰਗ** | : | ਪ ਨ̱ੀ ਨ̱ੀ ਧ ਪ, ਮ॑ ਪ, ਮ॑ ਗੁ, ਰੇ ਸ। |
| **ਸੁਰ ਵਿਸਥਾਰ** | : | ੧. ਸ, ਨ਼ੀ ਸ, ਗੁ ਰੇ ਸ, ਨ਼ੀ ਧ਼ ਪ਼, ਪ਼ ਨ̱ੀ ਧ਼ ਪ਼,<br>ਪ਼ ਨ਼ੀ ਸ, ਨ਼ੀ ਸ ਗੁ, ਰੇ ਸ, ਨ਼ੀ ਸ ਮ॑ ਗੁ ਮ॑ ਪ,<br>ਪ ਨ̱ੀ ਧ ਪ, ਮ॑ ਪ ਗੁ, ਮ॑ ਗੁ ਰੇ, ਸ। |
| | | ੨. ਗੁ ਮ॑ ਪ, ਗੁ ਮ॑ ਪ ਨ̱ੀ ਧ ਪ, ਗੁ ਮ॑ ਪ ਨੀ ਸਂ,<br>ਪ ਨੀ ਸਂ, ਨੀ ਸਂ ਗੁਂ, ਰੇਂ ਸਂ, ਨੀ ਸਂ ਨੀ ਧ ਪ,<br>ਪ ਨ̱ੀ ਧ ਪ, ਮ॑ ਪ ਗੁ ਮ॑ ਪ, ਪ ਗੁ ਮ॑ ਗੁ ਰੇ, ਸ। |

# (ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ)

ਸਾਵਣਿ ਸਰਸ[੧] ਮਨਾ ਘਣ[੨] ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ[੩] ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ[੪]॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ[੫] ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ[੬] ਪਿਰ ਕੈ ਅੰਕਿ ਸਮਾਵਏ॥੯॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੮)*

---

੧. ਖਿੜ ਜਾ।
੨. ਬੱਦਲ ਵੱਸਦੇ ਹਨ।
੩. ਬਿਜਲੀ।
੪. ਬਹੁਤ ਔਖੀ ਹਾਂ ਤੇ ਇਹ ਦੁੱਖ ਮੌਤ ਬਰਾਬਰ ਹੈ, ਹੇ ਮਾਂ !
੫. ਕੱਪੜੇ।
੬. ਕੰਤ ਵਾਲੀ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੧੦੮

## ਰਾਗ ਤੁਖਾਰੀ — ਮਹਲਾ ੧ — ਤਿੰਨ ਤਾਲ

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | ਨ਼ੀ | ਸ | ਸ | ਗੁ | ਗੁ | ਗੁਮੰ | ਪ | ਮੰ |
| | | | | | | | | ਸਾ | ਵ | ਣਿ | ਸ | ਰ | ਸS | S | ਮ |
| ਪ | - | - | - | ਗੁ | - | ਰੇ | ਸ | - | ਨ਼ੀਸ | ਸ | ਗੁ | ਗੁ | ਗੁਮੰ | ਪ | ਮੰ |
| ਨਾ | S | S | S | S | S | S | S | S | ਸਾਵ | ਣਿ | ਸ | ਰ | ਸS | S | ਮ |
| ਪ | - | - | - | - | - | - | - | ਧ | ਧ | ਧ | ਧ | ਨ਼ੀ- | ਧ | ਪ | - |
| ਨਾ | S | S | S | S | S | S | S | ਘ | ਣ | ਵ | ਰ | ਸਹਿ | S | S | S |
| ਮੰ | ਗੁ | ਮੰ | ਧਮੰ | ਗੁ | - | ਰੇ | ਸ | - | ਪ | ਪਪ | ਪ | ਮੰ | ਪ | ਗੁ | ਮੰ |
| ਰੁ | ਤਿ | ਆ | SS | ਏ | S | S | S | S | ਮੈ | ਮਨਿ | ਤ | ਨਿ | ਸ | ਹੁ | S |
| ਪ | - | ਨੀ | - | ਸਂ | - | - | - | ਨੀ | ਨੀ | ਨੀ | ਨੀ | ਸਂ | ਨੀ | ਧ | ਪ |
| ਭਾ | S | S | S | ਵੈ | S | S | S | ਪਿ | ਰ | ਪ | ਰ | ਦੇ | S | ਸਿ | ਸਿ |
| ਧ | ਨ਼ੀ | ਧ | ਪ | ਮੰ | ਗੁ | ਰੇ | ਸ | ਧ | ਧ | ਧ | ਧ | ਨ਼ੀ | ਧ | ਪ | ਪ |
| ਧਾ | S | S | S | ਏ | S | S | S | ਪਿ | ਰ | ਪ | ਰ | ਦੇ | S | ਸਿ | ਸਿ |
| ਧਮੰ | ਗਮੰ | ਪਧ | ਮੰਪ | ਧਮੰ | ਗੁਮੰ | ਗੁਰੇ | ਸ | | | | | | | | |
| ਧਾS | SS | SS | S | ਏ | S | S | S | | | | | | | | |
| ***ਅੰਤਰਾ*** | | | | | | | | | ਪਪ | ਪਪ | ਪਪ | ਮੰ | ਪ | ਗ | ਮੰ |
| | | | | | | | | | ਪਿਰੁ | ਘਰਿ | ਨਹੀ | ਆ | S | ਵੈ | S |
| ਪ | ਪ | ਨੀ | - | ਸਂ | - | ਸਂ | - | ਪ | ਨੀ | ਸਂ | ਸਂ | ਰੇਂ | ਸਂ | ਸਂ | ਸਂ |
| ਮ | ਰੀ | ਐ | S | ਹਾ | S | ਵੈ | S | ਦਾ | ਮਨਿ | S | S | ਚ | ਮ | ਕਿ | ਡ |
| ਰੇਂ | - | ਰੇਂਸਂ | ਨੀ | ਨੀ | - | ਧ | ਪ | ਪ | ਪ | ਪ | ਪਧ | ਮੰਪ | ਮੰ | ਗੁ | - |
| ਰਾ | S | S | S | ਏ | S | S | S | ਸੇ | S | ਜ | ਇ | ਕੇ | S | ਲੀ | S |
| ਗੁ | ਰੇ | ਸ | ਰੇ | - | - | ਸ | ਸ | ਧ | ਧ | ਧ | ਧ | ਨ਼ੀ- | ਧ | ਪ | - |
| ਖ | ਰੀ | ਦੁ | ਹੇ | S | ਲੀ | S | S | ਮ | ਰ | ਣੁ | ਭ | ਇਆ | S | S | S |
| ਮੰ | ਗੁ | ਮੰਪ | ਧਪ | ਗ | ਰ | ਸ | - | ਪਧ | ਧ | ਧ | ਨ਼ੀ | ਧ | ਪ | ਪ | ਪ |
| ਦੁ | ਖੁ | ਮਾS | S | ਏ | S | S | S* | ਮਰ | ਣ | ਭ | ਇ | ਆ | - | ਦੁ | ਖ |
| ਧਮੰ | ਗਮੰ | ਪਧ | ਮੰਪ | ਧਮੰ | ਗੁਮੰ | ਗੁਰੇ | ਸ | | | | | | | | |
| ਮਾS | SS | SS | S | ਏS | SS | SS | S | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੪੯. ਕੇਦਾਰਾ

ਭਾਰਤੀ ਸੰਗੀਤ ਵਿਚ ਪੁਰਾਤਨ ਤੇ ਪ੍ਰਚਲਿਤ ਰਾਗ ਹੋਣ ਕਰਕੇ ਰਾਗ ਕੇਦਾਰ ਦਾ ਜ਼ਿਕਰ ਸੰਗੀਤ ਗ੍ਰੰਥਾਂ ਵਿਚ ਆਮ ਮਿਲਦਾ ਹੈ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਕੇਦਾਰ ਨੂੰ ਕੇਦਾਰਾ ਵਜੋਂ ਅੰਕਿਤ ਕੀਤਾ ਗਿਆ ਹੈ ਜਿਸ ਅਧੀਨ ਮਹਲਾ ੪, ੫, ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਕੇਦਾਰਾ ਰਾਗ ਸਬੰਧੀ ਗੁਰ ਫੁਰਮਾਨ ਹੈ:

*ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ॥*
*ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੭)*

ਰਾਗ ਕੇਦਾਰਾ ਵਿਚ ਦੋਵੇਂ ਮਧਿਅਮ ਪ੍ਰਯੋਗ ਕਰਦਿਆਂ ਆਰੋਹ ਵਿਚ ਰਿਸ਼ਭ, ਗੰਧਾਰ ਅਤੇ ਅਵਰੋਹ ਵਿਚ ਕੇਵਲ ਗੰਧਾਰ ਵਰਜਿਤ ਕੀਤਾ ਜਾਂਦਾ ਹੈ। ਇਸ ਦਾ ਵਾਦੀ **ਮਧਿਅਮ, ਸੰਵਾਦੀ ਸ਼ੜਜ, ਥਾਟ ਕਲਿਆਣ, ਸਮਾਂ ਰਾਤ ਦਾ ਪਹਿਲਾ ਪਹਿਰ** ਅਤੇ **ਜਾਤੀ ਔੜਵ-ਸ਼ਾੜਵ** ਹੈ।

**ਆਰੋਹ** : ਸ ਮ, ਮ ਪ, ਧ ਪ, ਨੀ ਧ ਸਂ।

**ਅਵਰੋਹ** : ਸਂ ਨੀ ਧ ਪ, ਮ॑ ਪ ਧ ਪ ਮ, ਰੇ ਸ।

**ਮੁੱਖ ਅੰਗ** : ਸ, ਮ, ਮ ਪ, ਧ ਪ ਮ, ਮ॑ ਪ ਧ ਪ ਮ, ਰੇ ਸ।

**ਸੁਰ ਵਿਸਥਾਰ** :

੧. ਸ, ਸ ਰੇ ਸ, ਨ਼ੀ ਧ਼ ਪ਼, ਮ਼॑ ਪ਼ ਮ਼, ਪ਼ ਧ਼ ਪ਼ ਨ਼ੀ ਧ਼ ਸ, ਰੇ ਸ, ਸ ਮ ਮ ਪ, ਮ॑ ਪ ਧ ਪ ਮ॑, ਮ ਪ ਮ, ਰੇ ਸ।

੨. ਮ ਮ ਪ, ਮ॑ ਪ ਧ ਪ ਮ, ਪ ਧ ਪ ਨੀ ਧ ਸਂ, ਸਂ ਰੇਂ ਸਂ, ਸਂ ਮਂ ਮਂ ਪਂ, ਮ॑ ਪਂ ਮਂ, ਸਂ ਰੇਂ ਸਂ, ਸਂ ਨੀ ਧ ਪ, ਧ ਪ ਮ॑ ਪ ਮ, ਸ ਰੇ ਸ।

# ਕੇਦਾਰਾ ਮਹਲਾ ੫ ॥

ਹਰਿ ਬਿਨੁ ਕੋਇ ਨ ਚਾਲਸਿ ਸਾਥ॥
ਦੀਨਾ ਨਾਥ[੧] ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ॥ ਰਹਾਉ॥
ਸੁਤ ਸੰਪਤਿ [੨]ਬਿਖਿਆ ਰਸ ਭੋੁਗਵਤ ਨਹ ਨਿਬਹਤ ਜਮ ਕੈ ਪਾਥ[੩]॥
ਨਾਮੁ[੪] ਨਿਧਾਨੁ ਗਾਉ ਗੁਨ ਗੋਬਿੰਦ ਉਧਰੁ[੫] ਸਾਗਰ ਕੇ ਖਾਤ॥੧॥
ਸਰਨਿ ਸਮਰਥ ਅਕਥ ਅਗੋਚਰ[੬] ਹਰਿ ਸਿਮਰਤ ਦੁਖ ਲਾਥ[੭]॥
ਨਾਨਕ[੮] ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ॥੨॥੬॥੮॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੨੦)*

---

੧. ਦੀਨਾਂ ਦਾ ਮਾਲਕ ਤੇ ਦਇਆ ਦਾ ਮਾਲਕ।
੨. (ਸੰਪਦਾ) ਧਨ।
੩. (ਸੰ. ਪਥ; ਅੰ. ਪਾਥ) ਰਸਤੇ।
੪. ਜੋ ਸੁਖਾ ਦਾ ਘਰ ਹੈ।
੫. ਸੰਸਾਰ-ਸਾਗਰ ਦੇ ਟੋਏ ਤੋਂ ਬਚ ਜਾਓ।
੬. ਜੋ ਮਨ ਇੰਦ੍ਰਿਆਂ ਦਾ ਵਿਸ਼ਾ ਨਹੀ।
੭. ਲੱਥਦੇ ਹਨ।
੮. ਦਾਸ ਨਾਨਕ ਹਰੀ-ਸੇਵਕਾਂ ਦੀ ਚਰਨ-ਧੂੜ ਮੰਗਦਾ ਹੈ, ਜੋ ਤਦ ਮਿਲਦੀ ਹੈ ਜੋ ਧੁਰ ਹਜ਼ੂਰੋਂ ਭਾਗਾਂ ਵਿੱਚ ਮਿਲਣੀ ਲਿਖੀ ਹੋਵੇ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੧੨੦

## ਰਾਗ ਕੇਦਾਰਾ — ਮਹਲਾ ੫ — ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ* | | | | | | | | | | | | ਸ | ਸ | ਮ | ਗ |
| | | | | | | | | | | | | ਹ | ਰਿ | ਖਿ | ਨੁ |
| ਪ | - | ਪ | ਪ | ਪਮੰ | ਪ | ਧ | ਪ | ਮ | - | ˉਰੇ | ਸ | ਮ | - | ਰੇ | ਸ |
| ਕੇ | ऽ | ਇ | ਨ | ਚਾऽ | ऽ | ਲ | ਸਿ | ਸਾ | ऽ | ऽ | ਥ | ਦੀ | ऽ | ਨਾ | ऽ |
| ਰੇ | - | ਸ | ਸਸ | ਸ | - | ਮ | ਗ | ਪ- | - | ਮੰ | ਪ | ਪ | - | ਨੀ | ਧ |
| ਨਾ | ऽ | ਥਾ | ਕਰੁ | ਣਾ | ऽ | ਪ | ਤਿ | ਸੁਆ | ऽ | ਮੀ | ऽ | ਅ | ऽ | ਨਾ | ऽ |
| ਸਂ | - | ਸਂ | - | ਸਂ | - | ਧ | ਪ | ਮ | - | ˉਰੇ | ਸ | | | | |
| ਥਾ | ऽ | ਕੇ | ऽ | ਨਾ | ऽ | ऽ | ऽ | ऽ | ऽ | ਥ | ऽ | | | | |
| *ਅੰਤਰਾ* | | | | | | | | | | | | ਧ | ਪ | ਨੀ | ਧ |
| | | | | | | | | | | | | ਸੁ | ਤ | ਸੰ | ऽ |
| ਸਂ | ਸਂ | - | - | - | ਸਂਸਂ | ਸਂ | ਸਂਸਂ | ਸਂਨੀ | ਰੇਂ | ਸਂ | ਸਂ | - | ਸਂ- | ਸਂਸਂ | ਮਂਮਂ |
| ਪ | ਤਿ | ऽ | ऽ | - | ਬਿਖਿ | ਆ | ਰਸ | ਭੂੋऽ | ਗ | ਵ | ਤ | ऽ | ਨਹ | ਨਿਬ | ਹਤ |
| ਰੇਂ | ਰੇਂ | ਸਂ | - | ਸਂ | - | ਧ | ਪ | ਮ | - | ਮ | - | ਸ | - | ਮ | ਗ |
| ਜ | ਮ | ਕੇ | ऽ | ਪਾ | ऽ | ऽ | ऽ | ऽ | ऽ | ਥ | ऽ | ਨਾ | ऽ | ਮੁ | ਨਿ |
| ਪ | - | ਪ | ਪ | ਮੰ | ਪ | ਧ | ਪ | ਮ | - | ਮ | ਮ | ਸਂ | ਸਂ | ਮਂ | ਰੇਂ |
| ਧਾ | ऽ | ਨੁ | ਗਾ | ਉ | ऽ | ਗੁ | ਨ | ਗੋ | ऽ | ਬਿੰ | ਦ | ਉ | ਧ | ਰੁ | ਸਾ |
| ਸਂ | ਸਂ | ਸਂ | - | ਸਂ | - | ਧ | ਪ | ਮ | - | ˉਰੇ | ਸ | | | | |
| ਗ | ਰ | ਕੇ | ऽ | ਖਾ | ऽ | ऽ | ऽ | ऽ | ऽ | ऽ | ਤ * | | | | |

ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੦. ਰਾਗ ਭੈਰਉ

ਭਾਰਤੀ ਸੰਗੀਤ ਵਿਚ ਪ੍ਰਚਲਿਤ ਇਹ ਰਾਗ ਮਧੁਰ ਤੇ ਗੰਭੀਰ ਪ੍ਰਕ੍ਰਿਤੀ ਦਾ ਧਾਰਨੀ ਹੈ। ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਭੈਰਵ ਪੁਰਾਤਨ ਤੇ ਪ੍ਰਸਿੱਧ ਰਾਗ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ **ਭੈਰਉ** ਨਾਮ ਨਾਲ ਅੰਕਿਤ ਕੀਤਾ ਹੈ। ਇਸ ਰਾਗ ਅਧੀਨ ਮਹਲਾ ੧, ੩, ੪, ੫, ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਉਚਾਰੀ। ਭਾਰਤੀ ਸੰਗੀਤ ਵਿਚ ਪੁਰਾਤਨ ਅਤੇ ਦਸਾਂ ਥਾਟਾਂ ਵਿਚੋਂ ਭੈਰਵ ਥਾਟ ਦੇ ਆਸ਼ਰਯ ਰਾਗ ਹੋਣ ਕਰਕੇ ਇਸ ਰਾਗ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ ਜਿਵੇਂ ਅਹੀਰ ਭੈਰਵ, ਆਨੰਦ ਭੈਰਵ, ਸ਼ਿਵਮਤ ਭੈਰਵ, ਨਟ ਭੈਰਵ ਆਦਿ। ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਛੇ ਮੁੱਖ ਰਾਗਾਂ ਵਿਚ ਪ੍ਰਮੁੱਖ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ ਵਾਦੀ **ਧੈਵਤ, ਸੰਵਾਦੀ ਰਿਸ਼ਭ, ਥਾਟ ਭੈਰਵ, ਸਮਾਂ ਸਵੇਰ ਦਾ ਸੰਧੀ ਪ੍ਰਕਾਸ਼** ਅਤੇ ਜਾਤੀ **ਸੰਪੂਰਣ** ਹੈ।

**ਆਰੋਹ** : ਸ ਰੁ, ਗ ਮ ਪ, ਧੁ, ਨੀ ਸੰ।

**ਅਵਰੋਹ** : ਸੰ ਨੀ ਧੁ ਧੁ ਪ, ਗ ਮ ਰੁ ਰੁ, ਸ।

**ਮੁੱਖ ਅੰਗ** : ਗ ਮ ਧੁ ਧੁ ਪ, ਗ ਮ ਰੁ ਰੁ, ਸ।

**ਸੁਰ ਵਿਸਥਾਰ** :
੧. ਸ, ਰੁ ਰੁ ਸ, ਸ ਨ਼ੀ ਧੁ, ਪ਼, ਮ਼ ਪ਼ ਧੁ ਧੁ ਪ਼, ਪ਼ ਧੁ, ਨੀ ਸ, ਰੁ ਰੁ ਸ, ਸ ਗ ਮ ਪ, ਮ ਪ ਗ ਮ ਧੁ ਧੁ ਪ, ਪ ਧੁ ਮ ਪ, ਮ ਪ ਗ ਮ ਰੁ ਰੁ, ਸ।
੨. ਸ ਗ ਮ ਪ, ਗ ਮ ਧੁ ਧੁ ਪ, ਮ ਪ ਧੁ, ਨੀ ਸੰ, ਰੁੰ ਰੁੰ ਸੰ, ਸੰ ਗੰ ਮੰ ਰੁੰ ਰੁੰ ਸੰ, ਰੁੰ ਸੰ ਨੀ ਸੰ ਧੁ ਧੁ ਪ, ਸੰ ਨੀ ਧੁ, ਪ, ਪ ਧੁ ਮ ਪ ਗ ਮ ਧੁ ਧੁ ਪ, ਗ ਮ ਰੁ ਰੁ, ਸ।

☬

# ਭੈਰਉ ਮਹਲਾ ੫ ॥

ਸਤਿਗੁਰੁ ਮੇਰਾ ਬੇਮੁਹਤਾਜੁ॥
ਸਤਿਗੁਰ ਮੇਰੇ ਸਚਾ ਸਾਜੁ॥
ਸਤਿਗੁਰੁ ਮੇਰਾ ਸਭਸ ਕਾ ਦਾਤਾ॥
ਸਤਿਗੁਰੁ ਮੇਰਾ ਪੁਰਖੁ ਬਿਧਾਤਾ[੧]॥੧॥
ਗੁਰ ਜੈਸਾ ਨਾਹੀ ਕੋ ਦੇਵ॥
ਜਿਸੁ ਮਸਤਕਿ[੨] ਭਾਗੁ ਸੁ ਲਾਗਾ ਸੇਵ॥੧॥ ਰਹਾਉ॥
ਸਤਿਗੁਰੁ ਮੇਰਾ ਸਰਬ[੩] ਪ੍ਰਤਿਪਾਲੈ॥
ਸਤਿਗੁਰੁ ਮੇਰਾ ਮਾਰਿ ਜੀਵਾਲੈ॥
ਸਤਿਗੁਰ ਮੇਰੇ ਕੀ ਵਡਿਆਈ॥
ਪ੍ਰਗਟੁ ਭਈ ਹੈ ਸਭਨੀ ਥਾਈ॥੨॥
ਸਤਿਗੁਰੁ ਮੇਰਾ[੪] ਤਾਣੁ ਨਿਤਾਣੁ॥
ਸਤਿਗੁਰੁ ਮੇਰਾ ਘਰਿ ਦੀਬਾਣੁ[੫]॥
ਸਤਿਗੁਰ ਕੈ ਹਉ ਸਦ ਬਲਿ ਜਾਇਆ॥
ਪ੍ਰਗਟੁ[੬] ਮਾਰਗੁ ਜਿਨਿ ਕਰਿ ਦਿਖਲਾਇਆ॥੩॥
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ॥
ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ॥
ਨਾਨਕ[੭] ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੪੨)*

---

੧. (ਸੰ. ਵਿਧਾਤ੍ਰਿ) ਰਚਨਹਾਰ।
੨. ਮੱਥੇ ਤੇ।
੩. ਸਭ ਨੂੰ ਪਾਲਦਾ ਹੈ।
੪. ਮੈਂ ਨਿਤਾਣੇ ਨੂੰ ਤਾਣ (ਆਸਰਾ) ਹੈ।
੫. (ਉਹ ਹਾਕਮ ਜਿਸ ਦੀ ਕਚਹਿਰੀ ਵਿੱਚ ਦਾਦ ਫ਼ਰਿਆਦ ਕੀਤੀ ਜਾ ਸਕੇ) ਆਸਰਾ।
੬. ਜਿਸ ਨੇ ਸਹੀ ਰਸਤਾ ਜ਼ਾਹਿਰ ਕਰ ਦੱਸਿਆ।
੭. ਧਾਰਮਕ ਪੁਸਤਕ ਵਿਚਾਰ ਕੇ ਦੇਖੇ ਹਨ; ਓਹ ਇਹੋ ਦੱਸਦੇ ਹਨ ਕਿ ਹਰੀ ਤੇ ਗੁਰੂ ਵਿੱਚ ਕੋਈ ਫ਼ਰਕ ਨਹੀਂ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੧੪੨

## ਰਾਗ ਭੈਰਉ — ਮਹਲਾ ੫ — ਸੂਲ ਤਾਲ

| × | | 0 | | 2 | | 3 | | 0 | |
|---|---|---|---|---|---|---|---|---|---|
| **ਸਥਾਈ** | | | | | | | | | |
| ਗ | ਗ | ਮਪ | ਗਮ | ਰੇ | - | - | ਸ | - | - |
| ਗੁ | ਰ | ਜੈऽ | ऽऽ | ਸਾ | ऽ | ऽ | ऽ | ऽ | ऽ |
| ਨ਼ੀ | ਸ | ਗ | ਮ | ਪ | - | - | ਮ | - | ਗ |
| ਨਾ | ऽ | ਹੀ | ਕੋ | ਦੇ | ऽ | ऽ | ਵ | ऽ | ऽ |
| ਗਗ | ਮਮ | ਧੁ | ਧੁ | ਨ਼ੀ | - | ਨ਼ੀ | - | - | - |
| ਜਿਸੁ | ਮਸ | ਤ | ਕਿ | ਭਾ | ऽ | ਗੁ | ऽ | ऽ | ऽ |
| - | ਸਂ | ਨ਼ੀ | ਸਂ | ਧੁ | - | - | ਪ | - | - |
| ऽ | ਸੁ | ਲਾ | ਗਾ | ਸੇ | ऽ | ऽ | ਵ | ऽ | ऽ |
| **ਅੰਤਰਾ** | | | | | | | | | |
| ਗ | ਗ | ਮ | ਮ | ਧੁ | - | ਨ਼ੀ | - | - | - |
| ਸ | ਤਿ | ਗੁ | ਰੁ | ਮੇ | ऽ | ਰਾ | ऽ | ऽ | ऽ |
| ਸਂ | - | ਸਂ | ਸਂ | ਰੇਂ | - | ਸਂ | - | - | - |
| ਬੇ | ऽ | ਮੁ | ਹ | ਤਾ | ऽ | ਜੁ | ऽ | ऽ | ऽ |
| ਗਂ | ਗਂ | ਗਂ | ਮਂ | ਰੇਂ | - | ਸਂ | - | - | - |
| ਸ | ਤਿ | ਗੁ | ਰ | ਮੇ | ऽ | ਰੇ | ऽ | ऽ | ऽ |
| ਸਂ | - | ਸਂਰੇਂ | ਨ਼ੀਸਂ | ਧੁ | - | ਪ | - | - | - |
| ਸ | ऽ | ਚਾऽ | ऽऽ | ਸਾ | ऽ | ਜੁ | ऽ | ऽ | ऽ |
| ਸਂ | ਨ਼ੀ | ਧੁ | ਪ | ਮ | - | ਮ | - | - | - |
| ਸ | ਤਿ | ਗੁ | ਰੁ | ਮੇ | ऽ | ਰਾ | ऽ | ऽ | ऽ |
| ਗ | ਗ | ਮਪ | ਗਮ | ਰੇ | - | ਸ | - | - | - |
| ਸ | ਭ | ਸऽ | ਕਾऽ | ਦਾ | ऽ | ਤਾ | ऽ | ऽ | ऽ |
| ਗ | ਗ | ਮ | ਮ | ਧੁ | - | ਨ਼ੀ | - | - | - |
| ਸ | ਤਿ | ਗੁ | ਰੁ | ਮੇ | ऽ | ਰਾ | ऽ | ऽ | ऽ |
| ਸਂ | ਸਂ | ਸਂਰੇਂ | ਨ਼ੀਸਂ | ਧੁ | - | ਪ | - | - | - |
| ਪੁ | ਰ | ਖੁऽ | ਬਿऽ | ਧਾ | ऽ | ਤਾ | ऽ | ऽ | ऽ * |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੧. ਬਸੰਤ

ਰਾਗ ਬਸੰਤ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ ਵਿਚ ਨਿਵੇਕਲਾ ਸਥਾਨ ਰਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਮੌਸਮੀ ਰਾਗਾਂ ਵਿਚੋਂ ਰਾਗ ਬਸੰਤ ਨੂੰ ਗੁਰਮਤਿ ਸੰਗੀਤ ਮਰਿਆਦਾ ਅਨੁਸਾਰ ਮਾਘ ਦੀ ਸੰਗਰਾਂਦ ਤੋਂ ਲੈ ਕੇ ਹੋਲੇ ਮਹੱਲੇ ਤਕ ਹਰ ਕੀਰਤਨ ਸਮਾਗਮ ਵਿਚ ਗਾਏ ਜਾਣਾ ਪਰੰਪਰਾ ਅਨੁਸਾਰ ਜ਼ਰੂਰੀ ਹੈ। ਇਸ ਰਾਗ ਸਬੰਧੀ ਗੁਰ ਫੁਰਮਾਨ ਹੈ:

*ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥*
*ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯੧)*

ਭਾਰਤੀ ਸੰਗੀਤ ਵਿਚ ਬਸੰਤ ਰੁੱਤ ਦੇ ਹੁਲਾਸ ਨੂੰ ਪ੍ਰਗਟਾਉਣ ਲਈ ਰੁੱਤ ਚਿਤਰਣ ਵਾਲੀਆਂ ਕਈ ਬੰਦਸ਼ਾਂ ਇਸ ਰਾਗ ਅਧੀਨ ਪ੍ਰਚਾਰ ਵਿਚ ਹਨ ਪਰੰਤੂ ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਆਨੰਦ ਦੀ ਅਨੁਭੂਤੀ ਨਾਲ ਜੋੜਿਆ ਗਿਆ ਹੈ ਅਤੇ ਇਸ ਆਨੰਦ ਦੀ ਪ੍ਰਾਪਤੀ ਦੇ ਚਾਉ ਅਤੇ ਮਹੱਤਵ ਨੂੰ ਗੁਰੂ ਸਾਹਿਬ ਬਾਣੀ ਦੁਆਰਾ ਪ੍ਰਗਟ ਕਰ ਰਹੇ ਹਨ। ਬਸੰਤ ਰਾਗ ਵਿਚ ਮਹਲਾ ੧, ੩, ੪, ੫ ਤੋਂ ਇਲਾਵਾ ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਰੋਹ ਵਿਚ ਰਿਸ਼ਭ ਅਤੇ ਪੰਚਮ ਨੂੰ ਵਰਜਿਤ ਕਰਦਿਆਂ ਇਸ ਰਾਗ ਵਿਚ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਸ਼ੜਜ, ਸੰਵਾਦੀ ਮਧਿਅਮ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਤੇ ਬਸੰਤ ਰੁੱਤ ਵਿੱਚ ਹਰ ਸਮੇਂ ਅਤੇ ਜਾਤੀ ਔੜਵ-ਸੰਪੂਰਣ ਹੈ।**

| | | |
|---|---|---|
| ਆਰੋਹ | : | ਸ ਗ ਮ, ਧ ਨੀ ਸਂ। |
| ਅਵਰੋਹ | : | ਸਂ ਨੀ ਧ ਪ ਮ, ਗ ਰੇ ਸ। |
| ਮੁੱਖ ਅੰਗ | : | ਗ ਮ ਧ ਨੀ ਸਂ, ਸਂ ਨੀ ਧ ਪ ਮ, ਗ, ਰੇ ਸ। |
| ਸੁਰ ਵਿਸਥਾਰ | : | ੧. ਸ, ਗ ਮ, ਮ ਪ ਮ, ਗ ਰੇ ਸ, ਧ਼ ਨ਼ੀ ਸ, ਨ਼ੀ ਧ਼ ਨ਼ੀ ਧ਼ ਪ਼ ਮ਼, ਮ਼ ਪ਼ ਮ਼, ਮ਼ ਧ਼ ਨ਼ੀ ਸ, ਸ ਗ ਮ, ਮ ਪ ਮ, ਧ ਪ ਮ, ਮ ਪ ਮ, ਗ ਰੇ ਸ। |
| | | ੨. ਸ ਗ ਮ, ਮ ਪ ਧ ਪ ਮ, ਧ ਨੀ ਧ ਪ ਮ, ਮ ਧ ਨੀ ਸਂ, ਧ ਨੀ ਸਂ ਰੇਂ ਸਂ, ਸਂ ਗਂ ਮਂ, ਗਂ ਰੇਂ ਸਂ, ਸਂ ਰੇਂ ਸਂ, ਨੀ ਧ ਨੀ ਧ ਪ ਮ, ਸਂ ਨੀ ਧ ਪ ਮ, ਮ ਪ ਮ, ਗ ਰੇ ਸ। |

## ਬਸੰਤੁ ਮਹਲਾ ੩ ॥

ਤਿਨ੍ ਬਸੰਤੁ ਜੋ ਹਰਿ ਗੁਣ ਗਾਇ॥
ਪੂਰੈ ਭਾਗਿ ਹਰਿ ਭਗਤਿ ਕਰਾਇ॥੧॥
ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ[੧]॥
ਇਹੁ ਮਨੁ ਜਲਿਆ ਦੂਜੈ ਦੋਇ॥੧॥ ਰਹਾਉ॥
ਇਹੁ ਮਨੁ ਧੰਧੈ[੨] ਬਾਂਧਾ ਕਰਮ ਕਮਾਇ॥
ਮਾਇਆ[੩] ਮੂਠਾ ਸਦਾ ਬਿਲਲਾਇ॥੨॥
ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ॥
ਜਮਕਾਲ ਕੀ ਫਿਰਿ ਆਵੈ ਨ ਫੇਟੈ[੪]॥੩॥
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ॥
ਨਾਨਕ ਮਾਇਆ ਮੋਹੁ ਸਬਦਿ ਜਲਾਇ॥੪॥੪॥੧੬॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭੬)*

---

੧. ਖ਼ਬਰ। ਹਰੀ ਸਭ ਥਾਂ ਬਸੰਤ ਰੂਪ ਹੋ ਰਿਹਾ ਹੈ, ਪਰ ਦੂਜੇ ਭਾਵ ਵਿੱਚ ਸੜੇ ਨੂੰ ਇਸ ਦੀ ਖ਼ਬਰ ਨਹੀਂ, ਭਾਵ ਬੇਅਸਰ ਹੈ।

੨. ਚੱਟੀ-ਬੱਧਾ ਕਰਮ ਕਰਦਾ ਹੈ, ਦਿਲੀ ਚਾਅ ਨਾਲ ਭਗਤੀ ਨਹੀਂ ਕਰਦਾ।

੩. ਮਾਇਆ ਵਿੱਚ ਠਗਿਆ ਹੋਇਆ ਸਦਾ ਰੋਂਦਾ ਰਹਿੰਦਾ ਹੈ।

੪. ਫੇਟ ਵਿਚ, ਚੋਟ ਵਿਚ, ਉਸ ਘੇਰੇ ਵਿਚ ਜਿਥੋ ਚੋਟ ਲੱਗ ਸਕੇ। ਜਮਕਾਲ ਦੀ ਜ਼ੱਦ ਵਿਚ ਨਹੀਂ ਆਉਂਦੇ।

੫. ਫੇਟ ਵਿਚ, ਚੋਟ ਵਿਚ, ਉਸ ਘੇਰੇ ਵਿੱਚ ਜਿਥੋ ਚੋਟ ਲੱਗ ਸਕੇ। ਜਮਕਾਲ ਦੀ ਜ਼ੱਦ ਵਿੱਚ ਨਹੀਂ ਆਉਂਦਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੧੭੬

# ੫੨. ਬਸੰਤ ਹਿੰਡੋਲ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਰਾਗ ਦਾ ਅੰਕਣ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਦੇ ਮਿਸ਼ਰਣ ਤੋਂ ਬਣਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਸੰਤ ਹਿੰਡੋਲ ਅਧੀਨ ਮਹਲਾ ੧, ੩, ੪, ੫, ੯ ਅਤੇ ਭਗਤ ਕਬੀਰ ਜੀ ਦੀ ਬਾਣੀ ਦਰਜ ਹੈ। ਇਸ ਵਿਚ ਰਿਸ਼ਭ ਵਰਜਿਤ, ਮਧਿਅਮ ਦੇ ਦੋਵੇਂ ਰੂਪ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਮਧਿਅਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਸ਼ਾੜਵ-ਸ਼ਾੜਵ ਹੈ।**

**ਆਰੋਹ** : ਸ ਗ ਮ, ਧ ਪ ਮ, ਗ ਮ ਧ ਨੀ ਸਂ।

**ਅਵਰੋਹ** : ਸਂ ਨੀ ਧ, ਮੰ ਗ, ਸ।

**ਮੁੱਖ ਅੰਗ** : ਸ ਗ ਮ, ਧ ਪ ਮ, ਨੀ ਧ ਮੰ ਗ, ਮੰ ਗ ਸ।

**ਸੁਰ ਵਿਸਥਾਰ** :

੧. ਸ ਗ ਮ, ਪ ਮ, ਗ ਮ ਧ ਪ ਮ, ਧ ਨੀ ਧ ਪ ਮ, ਨੀ ਧ ਮੰ ਗ, ਧ ਮੰ ਗ, ਮ ਧ ਨੀ ਧ ਮੰ ਗ, ਮੰ ਗ ਸ।

੨. ਸ ਗ ਮ ਪ ਮ, ਗ ਮ ਧ ਪ ਮ, ਧ ਮੰ ਗ, ਨੀ ਧ ਮੰ ਗ, ਗ ਮ ਧ ਨੀ ਸਂ ਨੀ ਸਂ, ਸਂ ਨੀ ਧ, ਨੀ ਧ-ਮੰ ਗ, ਮੰ ਧ ਨੀ ਧ ਮ ਗ, ਗ ਮ ਧ ਪ ਮ, ਗ ਮ ਧ ਨੀ ਧ ਪ ਮ, ਗ ਮੰ ਗ, ਮੰ ਧ ਮੰ ਗ ਸ।

ਰਾਗ ਬਸੰਤ　　　　ਮਹਲਾ ੩　　　　ਬੀਰ ਤਾਲ

| × | 2 | 3 | 0 | 4 | 0 |
|---|---|---|---|---|---|
| *ਸਥਾਈ* | | | | | ਧ ਨੀ |
| | | | | | ਇ ਸੁ |
| ਸਂ ਨੀ ਧ- ਪ | ਮ - - | ਮਪ - ਗ | ਗ ਗ - ਮ | ਰੇ - - | ਸ - - |
| ਮ ਨ ਕਉ ਬ | ਸੰ ऽ ਤ | ਕੀऽ ऽ ऽ | ਲ ਗੈ ऽ ਨਾ | ਸੋ ऽ ऽ | ਇ ऽ ऽ |
| ਸ ਨ਼ੀ ਧ਼ ਨ਼ੀ | ਸ ਮ ਗ | - - - | ਗ ਮ ਧ ਨੀ | ਧਨੀ ਸਂ ਨੀ | ਧ - - |
| ਇ ਹੁ ਮ ਨੁ | ਜ ਲਿ ਆ | ऽ ऽ ऽ | ਦੂ ऽ ਜੈ ऽ | ਦੋऽ ऽ ऽ | ਇ ऽ ऽ |
| *ਅੰਤਰਾ* | | | | | |
| ਗ ਮ ਧ ਨੀ | ਸਂ - ਸਂ | - - - | ਸਂ ਸਂਸਂ ਸਂ ਸਂ | ਨੀ - - | ਧ - - |
| ਤਿ ऽ ਨ੍ਹ ਬ | ਸੰ ऽ ਤੁ | ऽ ऽ ऽ | ਜੋ ਹਰਿ ਗੁ ਣ | ਗਾ ऽ ऽ | ਇ ऽ ऽ |
| ਨੀ ਧ ਨੀ ਸਂ | ਮਂ - ਗਂ | - - - | ਗਂਗਂ ਸਂਨੀ ਧ | ਨੀ ਸਂ - | - ਸਂ - - |
| ਪੂ ऽ ਰੈ ऽ | ਭਾ ऽ ਗਿ | ऽ ऽ ऽ | ਹਰਿ ਭਗ ਤਿ | ਕਾ ਰਾ ऽ | ऽ ਇ ऽऽ |
| ਸਂ - ਸਂ - | ਸਂ ਨੀ ਸਂਨੀ | ਧ - - | ਧਧ ਮਗ ਗ | ਮ ਰੇ - | - ਸ |
| ਪੂ ऽ ਰੈ ऽ | ਭਾ ऽ ਗਿऽ | ऽ ऽ ऽ | ਹਰਿ ਭਗ ਤਿ | ਕ ਰਾ ऽ | ऽ ਇ * |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ਬਸੰਤੁ ਮਹਲਾ ੧ ਹਿੰਡੋਲ ॥

ਸਾਹੁਰੜੀ[੧] ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥
ਆਪਿ ਕੁਚਜੀ ਦੋਸੁ ਨ ਦੇਊ ਜਾਣਾ[੨] ਨਾਹੀ ਰਖੇ॥੧॥
ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥
ਅਖਰ[੩] ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥੧॥ ਰਹਾਉ॥
ਕਢਿ[੪] ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥੨॥
ਜੇ ਤੂੰ ਪੜਿਆ ਪੰਡਿਤੁ ਬੀਨਾ[੫] ਦੁਇ[੬] ਅਖਰ ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥੨॥੧੦॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭੧)*

---

੧. ਰੱਬ ਵਲੋਂ ਸਭ ਵਸਤੂ ਸਾਂਝੀ ਹੈ ਭਾਵ ਸਭ ਵਿੱਚ ਰੱਬੀ-ਦਾਤ ਪਾਈ ਗਈ ਹੈ, ਪਰ ਮਾਇਆ ਵਿੱਚ ਲੱਗ ਕੇ ਅਸਾਂ ਵਿਖੇਪਤਾ ਪਾ ਲਈ ਹੈ।
੨. ਮੈਂ ਉਸ ਵਸਤ ਨੂੰ ਰੱਖਣਾ (ਸਾਂਭਣਾ) ਨਹੀਂ ਜਾਣਦੀ।
੩. ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ, ਹੋਰ ਕੋਈ ਆਪਣੇ ਵਲੋਂ ਬਣਾਵਟ ਨਹੀਂ ਬਣ ਸਕਦੀ।
੪. ਜੇ ਨਾਮ-ਰੂਪ ਕਸੀਦਾ ਕੱਢ ਕੇ ਪ੍ਰੇਮ-ਰੂਪ ਚੋਲੀ ਪਾਵੇਂ, ਤਾਂ ਤੂੰ ਇਸਤ੍ਰੀ ਅਖਵਾ ਸਕਦੀ ਹੈਂ।
੫. (ਫ਼ਾ. ਦੇਖਣ ਵਾਲਾ) ਸਿਆਣਾ।
੬. ਰਾਮ ਦੇ ਦੋਵੇਂ ਅੱਖਰ ਬੇੜੀ ਰੂਪ ਹਨ।
੭. ਇਕ ਰਾਮ-ਨਾਮ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੧੭੧

## ਰਾਗ ਬਸੰਤ ਹਿੰਡੋਲ — ਮਹਲਾ ੧ — ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਸਥਾਈ | | | | | | | | | | | |
| ਸਂ | ਨੀ | ਨੀ | ਧ | ਧ | ਮੰ | ਮੰ | ਗ | ਗ | ਗ | - | - |
| ਮੇ | ऽ | ਰੇ | ऽ | ऽ | ऽ | ਸਾ | ऽ | ਹਿ | ਬਾ | ऽ | ऽ |
| - | - | ਸ- | ਮ | ਮ | - | ਪ | ਮ | ਪ | [ਮ]ਗ | - | - |
| ऽ | ऽ | ਹਉ | ਆ | ਪੇ | ऽ | ਭ | ਰ | ਮਿ | ऽ | ऽ | ऽ |
| - | ਮੰ | ਗ | ਮ | ਧ | ਨੀ | ਸਂ | -ਨੀ | ਧ | ਮੰ | ਗ | - |
| ऽ | ਭੁ | ਲਾ | ऽ | ऽ | ऽ | ਣੀ | ऽऽ | ऽ | ऽ | ऽ | ऽ |
| - | - | - | ਸਂ | ਨੀ | ਧ | ਧ | ਮ | - | ਗ | - | - |
| ऽ | ऽ | ऽ | ਅ | ਖ | ਰ | ਲਿ | ਖੇ | ऽ | ऽ | ऽ | ऽ |
| - | - | ਗ | ਮ | ਧ | ਪ | ਮ | - | ਮ | - | - | - |
| ऽ | ऽ | ਸੇ | ऽ | ਈ | ऽ | ਗਾ | ऽ | ਵਾ | ऽ | ऽ | ऽ |
| - | - | ਗ | ਗ | ਮ | ਮ | ਧ | - | ਧ | - | ਨੀ | - |
| ऽ | ऽ | ਅ | ਵ | ਰ | ਨ | ਜਾ | ऽ | ਣਾ | ऽ | ऽ | ऽ |
| ਸਂ | ਨੀ | ਧ | ਨੀ | ਧ | - | ਸਂ | -ਨੀ | ਧ | ਮੰ | ਗ | - |
| ਬਾ | ऽ | ऽ | ऽ | ऽ | ऽ | ਣੀ | ऽऽ | ऽ | ऽ | ऽ | ऽ |
| ਅੰਤਰਾ | | ਗ | ਮ | ਧ | ਪ | ਮ | - | ਗ | - | - | - |
| | | ਸਾ | ऽ | ਹੁ | ਰ | ੜੀ | ऽ | ऽ | ऽ | ऽ | ऽ |
| ਮ | ਮ | ਧ | ਧ | ਨੀ | ਨੀ | ਸਂ | - | ਸਂ | - | - | - |
| ਵ | ਥੁ | ਸ | ਭੁ | ਕਿ | ਛੁ | ਸਾ | ऽ | ਝੀ | ऽ | ऽ | ऽ |
| - | - | ਧ | - | ਨੀ | ਸਂ | ਗਂ | - | - | - | - | - |
| ऽ | ऽ | ਪੇ | ऽ | ਵ | ਕ | ੜੈ | ऽ | ऽ | ऽ | ऽ | ऽ |
| - | - | ਸਂ | ਨੀ | ਧ | ਨੀ | ਸਂ | - | - | - | - | - |
| ऽ | ऽ | ਧ | ਨ | ਵ | ऽ | ਖੇ | ऽ | ऽ | ऽ | ऽ | ऽ |
| - | - | ਗ | ਮ | ਧ | ਪ | ਮ | - | ਗ | - | - | - |
| ऽ | ऽ | ਆ | ऽ | ਪਿ | ਕੁ | ਚ | ऽ | ਜੀ | ऽ | ऽ | ऽ |
| - | - | ਮ | - | ਧ | ਨੀ | ਸਂ | - | ਸਂ | - | - | - |
| ऽ | ऽ | ਦੋ | ऽ | ਸੁ | ਨ | ਦੇ | ऽ | ਊ | ऽ | ऽ | ऽ |
| - | - | ਧ | - | ਨੀ | ਸਂ | ਗਂ | - | ਗਂ | - | - | - |
| ऽ | ऽ | ਜਾ | ऽ | ਣਾ | ऽ | ਨਾ | ऽ | ਹੀ | ऽ | ऽ | ऽ |
| - | - | ਸਂ | ਨੀ | ਧ | ਨੀ | ਸਂ | - | - | - | - | - |
| ऽ | ऽ | ਰ | ऽ | ऽ | ऽ | ਖੇ | ऽ | ऽ | ऽ | ऽ | ऽ |
| - | - | ਸਂ | ਨੀ | ਨੀ | ਧ | ਧ | ਮੰ | ਮੰ | ਗ | - | - |
| ऽ | ऽ | ਜਾ | ऽ | ਣਾ | ऽ | ਨਾ | ऽ | ਹੀ | ऽ | ऽ | ऽ |
| - | - | ਗ | ਮ | ਧ | ਨੀ | ਸਂ | -ਨੀ | ਧ | ਮੰ | ਗ | - |
| - | ऽ | ਰ | ऽ | ऽ | ऽ | ਖੇ | ऽऽ | ऽ | ऽ | ऽ | ऽ* |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੩. ਸਾਰੰਗ

ਰਾਗ ਸਾਰੰਗ ਪੁਰਾਤਨ ਤੇ ਲੋਕਪ੍ਰਿਯ ਰਾਗ ਹੈ। ਇਸ ਰਾਗ ਦੀਆਂ ਮਧੁਰ ਸੁਰਾਵਲੀਆਂ ਲੋਕ ਸੰਗੀਤ ਤੋਂ ਵਿਕਸਤ ਹੋਈਆਂ ਹਨ ਜਿਨ੍ਹਾਂ ਦਾ ਉੱਤਰੀ ਭਾਰਤ ਵਿਚ ਵਿਸ਼ੇਸ਼ ਪ੍ਰਚਾਰ ਹੈ। ਲੋਕ ਸਾਜ਼ ਬੀਨ ਉਤੇ ਸਮੁੱਚੇ ਉੱਤਰੀ ਭਾਰਤੀ ਦੇ ਸਪੇਰੇ ਇਸ ਰਾਗ ਨੂੰ ਬੜੀ ਖ਼ੂਬਸੂਰਤੀ ਨਾਲ ਵਜਾਉਂਦੇ ਹਨ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਪਰਮਾਨੰਦ ਜੀ, ਅਤੇ ਭਗਤ ਸੂਰਦਾਸ ਜੀ ਦੀ ਬਾਣੀ ਅੰਕਿਤ ਹੈ।

ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਵਿਚ ਬਸੰਤ ਰਾਗ ਦੇ ਗਾਇਨ ਦਿਨ ਵਿਚ ਇਸ ਰਾਗ ਦਾ ਗਾਇਨ ਬਿਲਕੁਲ ਵਰਜਿਤ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਵਿਚ ਸਾਰੰਗ ਦੇ ਮੇਲ ਤੋਂ ਉਪਜੇ ਕਈ ਪ੍ਰਕਾਰ ਪ੍ਰਚਲਿਤ ਹਨ ਜਿਵੇਂ ਰਾਗ ਸਾਰੰਗ, ਬੜਹੰਸ ਸਾਰੰਗ, ਮੀਆਂ ਦੀ ਸਾਰੰਗ ਆਦਿ। ਇਸ ਰਾਗ ਦਾ ਪ੍ਰਮੁਖ ਅੰਗ 'ਨ਼ੀ, ਪ ਮ ਰੇ' ਮੰਨਿਆ ਜਾਂਦਾ ਹੈ। ਕਈ ਵਿਦਵਾਨ ਸਾਰੰਗ ਨੂੰ*ਬਰਿੰਦਾਬਨੀ ਸਾਰੰਗ* ਵੀ ਕਹਿ ਦਿੰਦੇ ਹਨ ਪਰ ਬਹੁਮਤ ਅਨੁਸਾਰ ਸਾਰੰਗ ਹੀ ਪ੍ਰਚਲਿਤ ਹੈ। ਸਾਰੰਗ ਰਾਗ ਵਿਚ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕਰਦਿਆਂ ਇਸ ਵਿਚ ਗੰਧਾਰ ਅਤੇ ਧੈਵਤ ਪੂਰਨ ਰੂਪ ਵਿਚ ਵਰਜਿਤ ਕੀਤੇ ਜਾਂਦੇ ਹਨ। **ਇਸ ਦਾ ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਕਾਫੀ, ਸਮਾਂ ਦਿਨ ਦਾ ਤੀਜਾ ਪਹਿਰ ਅਤੇ ਜਾਤੀ ਔੜਵ** ਹੈ।

| | | |
|---|---|---|
| **ਆਰੋਹ** | : | ਸ, ਰੇ ਮ ਪ, ਨੀ ਸਂ। |
| **ਅਵਰੋਹ** | : | ਸਂ ਨ਼ੀ ਪ, ਮ ਰੇ, ਨ਼ੀ ਸ। |
| **ਮੁੱਖ ਅੰਗ** | : | ਨ਼ੀ ਸ ਰੇ, ਮ ਰੇ, ਪ ਮ ਰੇ, ਨ਼ੀ ਸ। |
| **ਸੁਰ ਵਿਸਥਾਰ** | : | ੧. ਸ, ਨ਼ੀ ਸ ਰੇ, ਮ ਰੇ, ਨ਼ੀ ਸ, ਨ਼ੀ ਪ਼, ਮ਼ ਪ਼ ਨ਼ੀ ਸ, ਨ਼ੀ ਸ ਰੇ, ਮ ਰੇ, ਰੇ ਮ ਪ, ਰੇ ਮ ਪ ਨ਼ੀ ਪ, ਮ ਪ ਮ ਰੇ, ਮ ਰੇ, ਨ਼ੀ ਸ। |
| | | ੨. ਰੇ ਮ ਪ, ਮ ਪ ਨ਼ੀ ਪ, ਮ ਪ ਨੀ ਸਂ, ਨੀ ਸਂ ਰੇਂ, ਮਂ ਰੇਂ, ਰੇਂ ਮਂ ਪਂ ਰੇਂ ਮਂ ਰੇਂ, ਨੀ ਸਂ, ਰੇਂ ਨੀ ਸਂ ਨ਼ੀ ਪ, ਰੇ ਮ ਪ ਨ਼ੀ ਪ, ਮ ਪ ਰੇ ਮ ਰੇ, ਸ ਰੇ ਨ਼ੀ ਸ। |

ੴ

## ਸਾਰਗ ਮਹਲਾ ੫ ॥

ਅਬ ਮੋਰੋ ਨਾਚਨੋ[੧] ਰਹੋ॥
ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰੁ ਬਚਨਿ ਲਹੋ[੨]॥੧॥ ਰਹਾਉ॥
ਕੁਆਰ ਕੰਨਿਆ ਜੈਸੇ ਸੰਗਿ ਸਹੇਰੀ[੩] ਪ੍ਰਿਅ[੪] ਬਚਨ ਉਪਹਾਸ ਕਹੋ॥
ਜਉ ਸੁਰਿਜਨੁ[੫] ਗ੍ਰਿਹ ਭੀਤਰਿ ਆਇਓ ਤਬ ਮੁਖੁ[੬] ਕਾਜਿ ਲਜੋ॥੧॥
ਜਿਉ ਕਨਿਕੋ[੭] ਕੋਠਾਰੀ[੮] ਚੜਿਓ ਕਬਰੋ[੯] ਹੋਤ ਫਿਰੋ॥
ਜਬ ਤੇ ਸੁਧ ਭਏ ਹੈ ਬਾਰਹਿ[੧੦] ਤਬ ਤੇ ਥਾਨ ਥਿਰੋ[੧੧]॥੨॥
[੧੨]ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ[੧੩] ਘਰੀ ਪਲੋ॥
ਬਜਾਵਨਹਾਰੋ [੧੪]ਊਠਿ ਸਿਧਾਰਿਓ ਤਬ ਫਿਰਿ ਬਾਜੁ[੧੫] ਨ ਭਇਓ॥੩॥
ਜੈਸੇ ਕੁੰਭ[੧੬] ਉਦਕ[੧੭] ਪੂਰਿ ਆਨਿਓ ਤਬ ਓਹੁ ਭਿੰਨ ਦ੍ਰਿਸਟੋ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ[੧੮] ਅੰਭ ਮਿਲੋ॥੪॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੦੩)*

---

੧. ਭਾਵ ਭਟਕਣਾ ਮੁਕ ਗਈ ਹੈ। ੨. ਲਭਿਆ। ੩. ਸਹੇਲੀਆਂ।
੪. ਹੱਸ ਹੱਸ ਕੇ ਪ੍ਰੀਤਮ ਦੀਆਂ ਗੱਲਾਂ ਕਰਦੀ ਹੈ।
੫. ਭਲਾ ਪੁਰਸ਼, ਪਤੀ। ਦੇਖੋ ਪੰ: ੩੮੪, ਨੋਟ ੮।
੬. ਮੂੰਹ ਕਜ ਲੈਂਦੀ ਹੈ ਲੱਜਾ ਨਾਲ।
੭. ਸੋਨਾ।
੮. ਕੁਠਾਲੀ।
੯. ਕਮਲਾ। ਸੋਨਾ ਕੁਠਾਲੀ ਵਿੱਚ ਕਮਲਾ ਹੋਇਆ ਫਿਰਦਾ ਹੈ, ਤਿਵੇਂ ਜੀਵ ਤਿੜ ਤਿੜ ਕਰਦਾ ਫਿਰਦਾ ਹੈ।
੧੦. ਬਾਰਾਂ ਵੰਨੀਆਂ ਦਾ।
੧੧. ਸਥਿਰ ਹੋ ਗਿਆ।
੧੨. ਜਿੰਨਾ ਚਿਰ ਰਾਤ ਹੈ (ਘੜਿਆਲ) ਘੜੀ ਪਲ ਵਜਦਾ ਹੇ (ਜੀਵ ਉਮਰ ਰੂਪ ਰਾਤ ਗੁਜ਼ਾਰਦਾ ਹੈ।)
੧੩. ਮਹੂਰਤ, ਦੋ ਘੜੀਆਂ ਦਾ ਸਮਾਂ।
੧੪. ਜੀਵ ਵਜਾਵਣ ਵਾਲਾ।
੧੫. ਵਜਣਾ ਰਹਿ ਗਿਆ।
੧੬. ਜਿਵੇਂ ਘੜਾ।
੧੭. ਪਾਣੀ ਨਾਲ ਭਰ ਲਿਆਂਦਾ, ਤਾਂ ਉਹ ਵੱਖਰਾ ਦਿਸ ਪਿਆ।
੧੮. ਪਾਣੀ ਵਿੱਚ ਪਾਣੀ ਮਿਲ ਕੇ ਅਭੇਦ ਹੋ ਗਿਆ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੨੦੩

## ਰਾਗ ਸਾਰੰਗ　　　　ਮਹਲਾ ੫　　　　ਇਕਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | | | | |
| | | ਨ਼ੀ | ਸ | ਰੇ | ਮ | ਪ | ਨ਼ੀ | ਪ | ਮ | ਰੇ | ਸ |
| | | ਅ | ਬ | ਮੋ | ਰੋ | ਨਾ | ऽ | ਚ | ਨੋ | ऽ | ਰ |
| ਰੇ | - | - | - | - | - | ਪ਼ | ਨ਼ੀ | ਪ਼ | ਨ਼ੀਸ | ਰੇ | ਸ |
| ਹੋ | ऽ | ऽ | ऽ | ऽ | ऽ | ਲਾ | ਲੁ | ਰ | ਗੀऽ | ऽ | ਲਾ |
| ਨ਼ੀ | ਸ | ਰੇ | ਮ | - | ਪ- | ਮਮ | ਪ | ਨੀ | ਸਂਸਂ | ਸਂ | ਸਂ |
| ਸ | ਹ | ਜੇ | ਪਾ | ऽ | ਇਓ | ਸਤਿ | ਗੁ | ਰੁ | ਬਚ | ਨਿ | ਲ |
| ਸਰੇਂ | ਸਨ਼ੀ | ਪਮ | ਰੇ | ਰੇ | ਮ | ਪ | ਨ਼ੀ | ਪ | ਮ | ਰੇ | ਸ |
| ਹੋऽ | ऽऽ | ਅऽ | ਬ | ਮੋ | ਰੋ | ਨਾ | ऽ | ਚ | ਨੋ | ऽ | ਰ |
| ਰੇ | - | | | | | | | | | | |
| ਹੋ | ऽ | | | | | | | | | | |
| ***ਅੰਤਰਾ*** | | | | | | ਰੇ- | ਮ | ਪ | ਪ- | ਪ | ਪ |
| | | | | | | ਕੁਆ | ਰ | ਕੰ | ਨਿਆ | ਜੈ | ਸੇ |
| ਨ਼ੀਪ | ਮਪ | ਨੀ | ਸਂ | - | ਸਂ | ਨੀ | ਸਂ | ਰੇਂਰੇਂ | ਮਂ | ਰੇਂ | ਸਂ |
| ਸੰऽ | ਗਿऽ | ਸ | ਹੇ | ऽ | ਰੀ | ਪ੍ਰਿ | ਅ | ਬਚ | ਨ | ਉ | ਪ |
| ਨੀ | ਨੀ | ਸਂ | ਨ਼ੀ | ਪ | - | ਰੇ | ਮ | ਰੇਰੇ | ਮਮ | ਪ | - |
| ਹਾ | ਸ | ਕ | ਹੋ | ऽ | ऽ | ਜ | ਉ | ਸੁਰਿ | ਜਨੁ | ਗ੍ਰਿ | ਹ |
| ਮ | ਰੇ | ਸ | ਨ਼ੀ | - | ਸ- | ਰੇਰੇ | ਮ | ਪ | ਨੀ | ਸਂ | ਸਂ |
| ਭੀ | ਤ | ਰਿ | ਆ | ऽ | ਇਓ | ਤਬ | ਮੁ | ਖੁ | ਕਾ | ਜਿ | ਲ |
| ਸਰੇਂ | ਸਨ਼ੀ | ਪਮ | ਰੇ | ਰੇ | ਮ | ਪ | ਨ਼ੀ | ਪ | ਮ | ਰੇ | ਸ |
| ਜੋऽ | ऽऽ | ਅऽ | ਬ | ਮੋ | ਰੋ | ਨਾ | ऽ | ਚ | ਨੋ | ऽ | ਰ |
| ਰੇ | - | | | | | | | | | | |
| ਹੋ | ऽ * | | | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੪. ਮਲਾਰ

ਪ੍ਰਸਿੱਧ ਅਤੇ ਪੁਰਾਤਨ ਰਾਗ ਮਲਾਰ ਦਾ ਗੁਰਮਤਿ ਸੰਗੀਤ ਵਿਚ ਮੌਸਮੀ ਰਾਗ ਵਜੋਂ ਪ੍ਰਚਲਨ ਹੈ ਜਿਸ ਦਾ ਗਾਇਨ ਸਾਵਣ ਰੁੱਤ ਵਿਚ ਸਾਵਣ ਦੀ ਸੰਗਰਾਦ ਤੋਂ ਲੈ ਕੇ ਵਿਸ਼ੇਸ਼ ਰੂਪ ਵਿਚ ਕੀਤਾ ਜਾਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫ ਅਤੇ ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਰਾਗ ਮਲਾਰ ਸਬੰਧੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

*ਗੁਰਮੁਖਿ ਮਲਾਰ ਰਾਗੁ ਜੋ ਕਰਹਿ*
*ਤਿਨ ਮਨੁ ਤਨੁ ਸੀਤਲੁ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੫)*

ਸਿੱਖ ਕੀਰਤਨਕਾਰਾਂ ਵਿਚ ਇਸ ਰਾਗ ਦਾ ਵਿਸ਼ੇਸ਼ ਪ੍ਰਚਲਨ ਹੈ। ਗੁਣੀਜਨ ਸਾਵਣ ਰੁੱਤ ਸਮੇਂ ਇਸ ਰਾਗ ਨੂੰ ਬੜੇ ਉਤਸ਼ਾਹ ਨਾਲ ਗਾਉਂਦੇ ਹਨ। ਇਸ ਰਾਗ ਵਿਚ ਦੋਵੇਂ ਨਿਸ਼ਾਦ ਪ੍ਰਯੋਗ ਕਰਦਿਆਂ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਦਾ **ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਖਮਾਜ, ਸਮਾਂ ਰਾਤ ਦਾ ਤੀਜਾ ਪਹਿਰ ਤੇ ਵਰਖਾ ਵਿੱਚ ਹਰ ਸਮੇਂ** ਅਤੇ **ਜਾਤੀ ਸੰਪੂਰਣ** ਹੈ।

**ਆਰੋਹ** : ਸ, ਰੇ ਗ ਮ, ਮ ਰੇ ਪ, ਨੀ ਧ ਨੀ ਸਂ।
**ਅਵਰੋਹ** : ਸਂ, ਧ ਨੀ ਪ ਮ, ਗ ਮ ਰੇ, ਸ।
**ਮੁੱਖ ਅੰਗ** : ਸ ਰੇ ਗ ਮ, ਮ ਰੇ ਪ, ਧ ਨੀ ਪ ਮ, ਰੇ ਸ।
**ਸੁਰ ਵਿਸਥਾਰ** : ੧. ਸ, ਰੇ ਨ਼ੀ ਸ, ਧ਼ ਨ਼ੀ ਪ਼, ਮ਼ ਨ਼ੀ ਧ਼ ਨ਼ੀ ਸ, ਰੇ ਗ ਮ, ਮ ਰੇ ਪ, ਮ ਪ ਧ ਨੀ ਪ ਮ, ਮ ਪ ਮ, ਗ ਮ ਰੇ, ਨ਼ੀ ਸ।
੨. ਰੇ ਗ ਮ, ਮ ਪ ਮ, ਮ ਰੇ ਪ, ਨੀ ਧ ਨੀ ਸਂ, ਸਂ ਰੇਂ ਨ਼ੀ ਸਂ, ਰੇਂ ਗਂ ਮਂ, ਰੇਂ ਸਂ, ਸਂ ਰੇਂ ਨੀ ਸਂ, ਧ ਨੀ ਪ ਮ, ਰੇ ਪ ਨੀ ਧ ਨੀ ਪ ਮ, ਮ ਗ ਮ, ਗ ਮ ਰੇ ਸ ਨ਼ੀ ਸ।

## ਮਲਾਰ ਮਹਲਾ ੧ ॥

ਕਰਉ[1] ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ॥
ਸੁਣਿ ਘਨ ਘੋਰ [2]ਸੀਤਲੁ ਮਨੁ ਮੋਰਾ[3] ਲਾਲ ਰਤੀ[4] ਗੁਣ ਗਾਵੈ॥੧॥
ਬਰਸੁ[5] ਘਨਾ ਮੇਰਾ ਮਨੁ ਭੀਨਾ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ[6] ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥੧॥ ਰਹਾਉ॥
ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ[7]॥
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ[8]॥੨॥
ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ॥
ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ॥੩॥
ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ[9]॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ[10] ਧਨੁ ਸੋਹਾਗਣਿ ਸਚੁ ਸਹੀ[11]॥੪॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੫੪)*

---

੧. ਬੇਨਤੀ।
੨. ਬੱਦਲ ਦੀ ਆਵਾਜ਼, ਭਾਵ ਗੁਰੂ ਦਾ ਉਪਦੇਸ਼। ਮਲ੍ਹਾਰ ਮੇਘ ਰਾਗ ਦੀ ਇਕ ਰਾਗਣੀ ਹੈ। ਇਹ ਬਰਖਾ ਰੁੱਤ ਨਾਲ ਸੰਬੰਧ ਰੱਖਦੀ ਹੈ। ਇਸੇ ਕਰਕੇ ਇਸ ਵਿੱਚ ਮੀਂਹ ਵਸਣ ਦਾ ਬਹੁਤ ਜ਼ਿਕਰ ਆਇਆ ਹੈ।
੩. ਮੋਰ ਰੂਪ ਮਨ। 'ਮੇਰਾ' ਭੀ ਅਰਥ ਹੈ। ਦੋਵੇਂ ਅਰਥ ਕਠੇ ਲੈਣੇ ਹਨ।
੪. ਮੇਰੀ ਜ਼ਬਾਨ ਉਸ ਦੇ ਪਰੇਮ ਵਿੱਚ ਰਤੀ ਗੁਣ ਗਾਂਵਦੀ ਹੈ।
੫. ਹੇ ਬੱਦਲ ! ਵਸ।
੬. ਹਿਰਦੇ ਵਿੱਚ।
੭. ਉਹ, ਵਰ ਦੀ ਪਿਆਰੀ ਇਸਤਰੀ ਪੂਰਨ ਅਨੰਦ ਵਾਲੀ ਹੈ, ਜਿਸ ਦਾ ਮਨ ਗੁਰਬਾਣੀ ਦੁਆਰਾ ਮੰਨ ਗਿਆ ਹੈ, ਸੰਤੁਸ਼ਟ ਹੋ ਗਿਆ ਹੈ। ਦੇਖੋ ਪੰਨਾ ੧੧੧੨, ਨੋਟ ੩।
੮. ਚੰਗਾ ਲੱਗਦਾ ਹੈ।
੯. ਪਕੜੀ ਹੈ।
੧੦. ਗੁਰੂ ਦੇ ਰਾਹੀਂ।
੧੧. ਠੀਕ ਤੌਰ ਤੇ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੨੫੪

## ਰਾਗ ਮਲਾਰ — ਮਹਲਾ ੧ — ਤਿੰਨਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | ਮ | ਰੇ | ਪ | ਪ | ਨ਼ੀ | ਧ | ਨੀ | - |
| | | | | | | | | ਬ | ਰ | ਸੁ | ਘ | ਨਾ | ऽ | ਮੇ | ऽ |
| ਸਰੇਂ | ਨੀਸਂਧ | ਨ਼ੀ | | ਪ | - | ਗ | ਮ | ਮ | ਰੇ | ਨ਼ੀ | ਧ਼ | ਨ਼ੀ | - | ਸ | ਸ |
| ਰਾऽ | ऽऽ ਮ | ਨੁ | | ਭੀ | ऽ | ਨਾ | ऽ | ਅੰ | ऽ | ਮ੍ਰਿ | ਤ | ਬੂੰ | ऽ | ਦ | ਸੁ |
| ਰੇ | - | ਗ | - | ਮ | ਰੇ | ਪ | - | ਮ | ਰੇ | ਪ | - | ਨ਼ੀ | ਧ | ਨੀ | ਸ਼ |
| ਹਾ | ऽ | ਨੀ | ऽ | ਹੀ | ਅ | ਰੈ | ऽ | ਗੁ | ਰਿ | ਮੋ | ऽ | ਹੀ | ऽ | ਮ | ਨੁ |
| ਧਨ਼ੀ | ਪ | ਗ | ਮ | ਰੇ | - | ਸ | - | | | | | | | | |
| ਹऽ | ਰਿ | ਰ | ਸਿ | ਲੀ | ऽ | ਨਾ | ऽ | | | | | | | | |
| ***ਅੰਤਰਾ*** | | | | | | | | ਮ | ਰੇ | ਪ | ਪ | ਨ਼ੀ- | ਧ | ਨੀ | ਨੀ |
| | | | | | | | | ਕ | ਰ | ਉ | ਖਿ | ਨਉ | ऽ | ਗੁ | ਰ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | ਸਂ | ਸਂ | ਰੇਂ | ਗਂ | ਮਂ | ਰੇਂ | - | ਸਂ | ਸਂ |
| ਅ | ਪ | ਨੇ | ऽ | ਪ੍ਰੀ | ऽ | ਤ | ਮ | ਹ | ਰਿ | ਵ | ਰੁ | ਆ | ऽ | ਇ | ਮਿ |
| ਨ਼ੀ | - | ਧ | - | ਨੀ | - | ਸਂ | - | ਮ | ਰੇ | ਪ | ਪ | ਨ਼ੀ | ਧ | ਨੀ | ਨੀ |
| ਲਾ | ऽ | ऽ | ऽ | ਵੈ | ऽ | ऽ | ऽ | ਸੁ | ਣਿ | ਘ | ਨ | ਘੋ | ऽ | ਰ | ਸੀ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | - | ਸਂ | ਰੇਂ | ਗਂ | ਮਂ | ਰੇਂ | - | ਸਂ | ਸਂ |
| ਤ | ਲੁ | ਮ | ਨੁ | ਮੋ | ऽ | ਰਾ | ऽ | ਲਾ | ऽ | ਲ | ਰ | ਤੀ | ऽ | ਗੁ | ਣ |
| ਨ਼ੀ | - | ਧ | - | ਨੀ | - | ਸਂ | - | ਸਂ | - | ਸਂ | ਸਂ | ਧ | ਨ਼ੀ | ਪ | ਪ |
| ਗਾ | ऽ | ऽ | ऽ | ਵੈ | ऽ | ऽ | ऽ | ਲਾ | ऽ | ਲ | ਰ | ਤੀ | ऽ | ਗੁ | ਣ |
| ਗ | - | - | ਮ | ਰੇ | - | ਸ | - | | | | | | | | |
| ਗਾ | ऽ | ऽ | ऽ | ਵੈ | ऽ | ऽ | ऽ * | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੫. ਕਾਨੜਾ

ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਰਾਗ ਕਾਨੜਾ ਵਿਸ਼ੇਸ਼ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਰਾਗਾਂਗ ਰਾਗ ਵਜੋਂ ਪ੍ਰਚਲਿਤ ਰਾਗ ਕਾਨੜਾ ਨੂੰ ਪੁਰਾਤਨ ਸੰਗੀਤ ਗ੍ਰੰਥਾਂ ਵਿਚ ਕਰਨਾਟ ਦੇ ਨਾਮ ਨਾਲ ਲਿਖਿਆ ਗਿਆ ਹੈ। ਭਾਰਤੀ ਸੰਗੀਤ ਵਿਚ ਰਾਗ ਕਾਨੜਾ ਦਰਬਾਰੀ ਕਾਨ੍ਹੜੇ ਦੇ ਨਾਮ ਨਾਲ ਪ੍ਰਚਲਿਤ ਹੈ ਪਰੰਤੂ ਗੁਰਮਤਿ ਸੰਗੀਤ ਵਿਚ ਇਸ ਰਾਗ ਨੂੰ ਕਾਨੜਾ ਹੀ ਅੰਕਿਤ ਕੀਤਾ ਗਿਆ ਹੈ ਜਿਸ ਵਿਚ ਮਹਲਾ ੪, ੫ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਦਰਜ ਹੈ। ਇਸ ਰਾਗ ਦਾ ਸਰੂਪ ਉਕਤ ਵਰਣਿਤ ਰਾਗ ਦਰਬਾਰੀ ਕਾਨੜੇ ਤੋਂ ਭਿੰਨ ਤੇ ਵਿਲੱਖਣ ਹੈ। ਇਸ ਰਾਗ ਵਿਚ ਗੰਧਾਰ ਕੋਮਲ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਅਤੇ ਧੈਵਤ ਪੂਰਨ ਰੂਪ ਵਿਚ ਵਰਜਿਤ ਹੈ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਥਾਟ ਕਾਫੀ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਸ਼ਾੜਵ ਹੈ।**

**ਆਰੋਹ** : ਸ ਰੇ ਗੁ, ਮ ਪ, ਨੀ ਸਂ।

**ਅਵਰੋਹ** : ਸਂ, ਨੁੀ ਪ, ਮ ਪ, ਗੁ ਮ ਰੇ ਸ।

**ਮੁੱਖ ਅੰਗ** : ਸ ਰੇ ਗੁ, ਮ ਰੇ, ਸ, ਰੇ ਨ਼ੀ ਸ, ਰੇ ਪ ਗੁ, ਮ ਰੇ ਸ।

**ਸੁਰ ਵਿਸਥਾਰ** : ੧. ਸ, ਸ ਰੇ ਗੁ, ਮ ਰੇ, ਸ ਨ਼ੀ ਸ, ਨੁ਼ੀ ਪ਼, ਮ਼ ਪ਼ ਸ, ਸ ਰੇ ਗੁ, ਮ ਰੇ, ਸ, ਰੇ ਪ, ਮ ਪ ਮ ਨੁੀ ਪ, ਮ ਪ ਗੁ, ਗੁ ਮ ਰੇ, ਸ।

੨. ਮ ਪ ਨੁੀ ਪ, ਮ ਪ ਸਂ, ਨੀ ਸਂ, ਸਂ ਰੇਂ ਨੀ ਸਂ, ਸਂ ਰੇਂ ਗੁਂ, ਮਂ ਰੇਂ ਸਂ, ਨੀ ਸਂ ਨੁੀ ਪ, ਮ ਪ, ਸਂ ਨੁੀ ਪ, ਮ ਪ ਗੁ, ਮ ਰੇ, ਸ।

## ਕਾਨੜਾ ਮਹਲਾ ੫ ॥

ਸਾਜਨਾ ਸੰਤ ਆਉ ਮੇਰੈ॥੧॥ਰਹਾਉ॥

ਆਨਦਾ ਗੁਨ ਗਾਇ ਮੰਗਲ[੧] ਕਸਮਲਾ[੨] ਮਿਟਿ ਜਾਹਿ ਪਰੇਰੈ॥੧॥

ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ॥੨॥

ਸੰਤ ਪ੍ਰਸਾਦਿ[੩] ਕਮਲੁ [੪]ਬਿਗਸੈ ਗੋਬਿੰਦ ਭਜਉ ਪੇਖਿ ਨੇਰੈ॥੩॥

ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ[੫]॥੪॥੫॥੧੬॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੦੧)*

---

੧. ਖੁਸ਼ੀ ਦੇ ਗੀਤ।
੨. ਪਾਪ।
੩. ਕਿਰਪਾ ਦੁਆਰਾ।
੪. ਹਿਰਦਾ ਰੂਪ ਕਮਲ ਖਿੜਦਾ ਹੈ।
੫. ਉਸ ਬੇਰੈ (ਵੇਲੇ) ਤੋਂ ਕੁਰਬਾਨ ਹਾਂ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੦੧

ਰਾਗ ਕਾਨੜਾ ਮਹਲਾ ੫ ਤਿੰਨ ਤਾਲ

| x | 2 | 0 | 3 |
|---|---|---|---|
| ***ਸਥਾਈ*** | ਮ ਪ | ਨੀ ਸ਼ ਨ਼ੀ ਪ | ਪ ਮ ਮਪ ਨ਼ੀਪ |
| | ਸਾ ਜ | ਨਾ ऽ ਸੰ ਤ | ਆ ऽ ਉऽ ऽऽ |
| ਗੁ - - ਮ | ਰੇ ਸ - - | ਮ - ਪ - | ਨ਼ੀ ਮ ਪ ਨੀ |
| ਮੇ ऽ ऽ ऽ | ਰੈ ऽ ऽ ऽ | ਆ ऽ ਨ ऽ | ਦਾ ऽ ਗੁ ਨ |
| ਸਂ - ਸਂ - | ਰੇਂ ਨੀ ਸਂ - | - ਗੁਂ ਗੁਂ ਮਂ | ਰੇਂ - ਸਂ ਸਂ |
| ਗਾ ऽ ਇ ऽ | ਮੰ ऽ ਗ ਲ | ऽ ਕ ਸ ਮ | ਲਾ ऽ ਮਿ ਟਿ |
| ਪਨ਼ੀ ਪਮ ਪ | ਗੁਮ ਰੇਸ | | |
| ਜਾऽ ऽऽ ਹਿ ਪऽ | ਰੇऽ ਰੈऽ | | |
| ***ਅੰਤਰਾ*** | | - ਮ - ਪ | ਨ਼ੀ ਮ ਪ - |
| | | - ਸੰ ऽ ਤ | ਚ ਰ ਨ ऽ |
| ਨੀ - ਸਂ- - | ਰੇਂ ਨੀ ਸਂ - | - ਗੁਂ - ਮਂ | ਰੇਂ - ਸਂ - |
| ਧ ऽ ਰਉ ऽ | ਮਾ ऽ ਥੈ ऽ | ऽ ਚਾਂ ऽ ਦ | ਨਾ ऽ ਗ੍ਰਿ ਹਿ |
| ਪਨ਼ੀ ਪਮ ਪ ਗੁਮ | ਰੇ ਸ | | |
| ਹੋऽ ऽऽ ਇ ਅੰऽ | ਧੇ ਰੈ * | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੬. ਕਲਿਆਣ

ਕਲਿਆਣ ਥਾਟ ਦੇ ਆਸ਼ਰਯ ਰਾਗ ਕਲਿਆਣ ਨੂੰ ਭਾਰਤੀ ਸੰਗੀਤ ਵਿਚ ਮਹੱਤਵਪੂਰਣ ਰਾਗ ਵਜੋਂ ਪਹਿਚਾਨਿਆ ਜਾਂਦਾ ਹੈ ਜਿਸ ਦਾ ਪ੍ਰਚਾਰ ਰਾਗਾਂਗ ਵਜੋਂ ਵਿਸ਼ੇਸ਼ ਰੂਪ ਵਿਚ ਹੋਇਆ ਹੈ। ਭੂਪ ਕਲਿਆਣ, ਸ਼ੁੱਧ ਕਲਿਆਣ, ਸ਼ਾਮ ਕਲਿਆਣ, ਪੂਰੀਆ ਕਲਿਆਣ ਆਦਿ ਵਰਗੇ ਅਨੇਕ ਰਾਗ ਇਸ ਰਾਗ ਦੇ ਪ੍ਰਕਾਰ ਵਜੋਂ ਪ੍ਰਚਾਰ ਵਿਚ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਅੰਕਿਤ ਹੈ। ਸੰਗੀਤ ਜਗਤ ਵਿਚ ਇਸ ਦੇ ਪ੍ਰਚਲਨ ਤੇ ਸਿਖਲਾਈ ਲਈ ਆਧਾਰ ਰਾਗ ਵਜੋਂ ਪ੍ਰਚਾਰ ਹੋਣ ਕਰਕੇ ਇਸ ਰਾਗ ਦਾ ਨਿਮਨਲਿਖਤ ਸਰੂਪ ਸਰਬ ਪ੍ਰਵਾਣਿਤ ਹੈ। ਇਸ ਰਾਗ ਵਿਚ ਮਧਿਅਮ ਤੀਵਰ ਅਤੇ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। **ਇਸ ਦਾ ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਥਾਟ ਕਲਿਆਣ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਸੰਪੂਰਣ ਹੈ।**

**ਆਰੋਹ** : ਨ਼ੀ ਰੇ ਗ, ਮ॑ ਪ, ਮ॑ ਧ, ਨੀ, ਸਂ।

**ਅਵਰੋਹ** : ਸਂ ਨੀ ਧ ਪ, ਮ॑ ਗ, ਰੇ ਨ਼ੀ ਰੇ ਸ।

**ਮੁੱਖ ਅੰਗ** : ਨ਼ੀ ਰੇ ਗ, ਗ ਰੇ ਗ ਮ॑ ਪ ਰੇ, ਨ਼ੀ ਰੇ ਸ।

**ਸੁਰ ਵਿਸਥਾਰ** : ੧ ਸ, ਨ਼ੀ ਰੇ ਸ, ਨ਼ੀ ਧ਼ ਨ਼ੀ ਪ਼, ਮ਼॑ ਧ਼ ਨ਼ੀ, ਨ਼ੀ ਧ਼
ਨ਼ੀ ਰੇ ਸ, ਨ਼ੀ ਰੇ ਗ, ਰੇ ਗ ਮ॑ ਗ ਮ॑ ਪ, ਮ॑ ਗ
ਮ॑ ਧ ਪ, ਪ ਮ॑ ਗ ਰੇ ਗ, ਰੇ ਨ਼ੀ ਰੇ ਸ।

੨. ਗ ਮ॑ ਪ, ਮ॑ ਗ ਮ॑ ਧ ਨੀ, ਨੀ ਧ ਨੀ ਰੇਂ ਸਂ, ਨੀ
ਰੇਂ ਗਂ, ਰੇਂ ਗਂ ਮ॑ਂ ਗਂ, ਰੇ ਗਂ ਰੇਂ ਨੀ ਰੇਂ ਸਂ, ਨੀ
ਧ ਨੀ ਪ, ਪ ਧ ਮ॑ ਪ, ਗ ਮ॑ ਪ ਰੇ ਗ, ਰੇ ਗ
ਮ॑ ਪ ਰੇ, ਗ ਰੇ ਨ਼ੀ ਰੇ ਸ।

# ਕਲਿਆਨ ਮਹਲਾ ੪ ॥

[੧]ਰਾਮ ਗੁਰੁ ਪਾਰਸੁ ਪਰਸੁ ਕਰੀਜੈ॥
ਹਮ ਨਿਰਗੁਣੀ ਮਨੂਰ[੨] ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ॥੧॥ ਰਹਾਉ॥
ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ[੩]॥
ਹਰਿ ਦਰਸਨ ਕੇ ਜਨ [੪]ਮੁਕਤਿ ਨ ਮਾਂਗਹਿ ਮਿਲਿ ਦਰਸਨ [੫]ਤ੍ਰਿਪਤਿ ਮਨੁ ਧੀਜੈ॥੧॥
ਮਾਇਆ ਮੋਹੁ ਸਬਲੁ[੬] ਹੈ ਭਾਰੀ [੭]ਮੋਹੁ ਕਾਲਖ ਦਾਗ ਲਗੀਜੈ॥
ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ[੮] ਨ ਭੀਜੈ॥੨॥
ਚੰਦਨ ਵਾਸੁ ਭੁਇਅੰਗਮ[੯] ਵੇੜੀ ਕਿਵ ਮਿਲੀਐ ਚੰਦਨੁ ਲੀਜੈ॥
ਕਾਢਿ ਖੜਗੁ ਗੁਰ ਗਿਆਨੁ ਕਰਾਰਾ[੧੦] ਬਿਖੁ [੧੧]ਛੇਦਿ ਛੇਦਿ ਰਸੁ ਪੀਜੈ॥੩॥
[੧੨]ਆਨਿ [੧੩]ਆਨਿ ਸਮਧਾ ਬਹੁ ਕੀਨੀ ਪਲੁ ਬੈਸੰਤਰ ਭਸਮ ਕਰੀਜੈ॥
ਮਹਾ [੧੪]ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ[੧੫] ਦੀਜੈ॥੪॥
ਸਾਧੂ ਸਾਧ ਸਾਧ ਜਨ ਨੀਕੇ[੧੬] ਜਿਨ ਅੰਤਰਿ ਨਾਮੁ ਧਰੀਜੈ॥
[੧੭]ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ॥੫॥
ਸਾਕਤ ਸੂਤੁ ਬਹੁ ਗੁਰਝੀ[੧੮] ਭਰਿਆ ਕਿਉ ਕਰਿ [੧੯]ਤਾਨੁ ਤਨੀਜੈ॥
ਤੰਤੁ [੨੦]ਸੂਤੁ ਕਿਛੁ ਨਿਕਸੈ ਨਾਹੀ ਸਾਕਤ ਸੰਗੁ ਨ ਕੀਜੈ॥੬॥
ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ[੨੧]॥
ਅੰਤਰਿ ਰਤਨ ਜਵੇਹਰ ਮਾਣਕ ਗੁਰ ਕਿਰਪਾ ਤੇ ਲੀਜੈ॥੭॥
ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ ਮਿਲੀਜੈ॥
ਨਾਨਕ ਮੇਲਿ ਮਿਲਾਏ ਗੁਰੁ ਪੂਰਾ ਜਨ ਕਉ ਪੂਰਨੁ[੨੨] ਦੀਜੈ॥੮॥੨॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੪)*

---

੧. ਹੇ ਰਾਮ ! ਮੇਰੀ ਗੁਰੂ ਪਾਰਸ ਨਾਲ ਛੋਹ ਕਰੋ, ਭਾਵ ਮੇਲ ਕਰਾ ਦਿਓ। ੨. ਨਿਕੰਮਾ ਲੋਹਾ। ੩. ਸਾਰੇ ਲੋਕ ਸੁਰਗ ਮੁਕਤੀ ਤੇ ਬੈਕੁੰਠ ਮੰਗਦੇ ਹਨ ਤੇ ਨਿਤ ਇਨ੍ਹਾ ਦੀ ਹੀ ਆਸ ਕਰਦੇ ਰਹਿੰਦੇ ਹਨ। ੪. ਮੁਕਤੀ ਵੀ ਨਹੀਂ ਮੰਗਦੇ ਉਨ੍ਹਾਂ ਲਈ ਦਰਸ਼ਨ ਹੀ ਮੁਕਤੀ ਹੈ। ਦੇਖੋ ਪੰ: ੩੬੦, ਨੋਟ ੨੧। ੫. ਮਨ ਰੱਜ ਕੇ ਟਿਕਦਾ ਹੈ। ੬. ਬਲਵਾਨ। ੭. ਇਹ ਮੋਹ ਪਾਪ ਰੂਪ ਕਾਲਖ ਦੇ ਦਾਗ ਲਾ ਦਿੰਦਾ ਹੈ। ੮. ਖੰਭ, ਪਰ। ੯. ਸੱਪ। ਕਾਮਾਦਿ ਸੱਪਾਂ ਨੇ ਨਾਮ ਚੰਦਨ ਦਵਾਲੇ ਘੇਰਾ ਘੱਤਿਆ ਹੈ। (ਇਹ ਪੁਰਾਣਾ ਖ਼ਿਆਲ ਹੈ ਕਿ ਚੰਦਨ ਦੇ ਰੁੱਖ ਦੇ ਦਵਾਲੇ ਸੱਪ ਲਿਪਟੇ ਰਹਿੰਦੇ ਹਨ।) ੧੦. ਤਕੜਾ। ੧੧. ਵੱਢ ਵੱਢ ਕੇ। ੧੨. ਦੇਖੋ ਪੰ: ੭੦੬, ਨੋਟ ੨੯। ੧੩. ਲੱਕੜਾਂ। ੧੪. ਵੱਡੇ ਪਾਪ। ੧੫. ਦਵਾਤੀ। ੧੬. ਉਤਮ, ਚੰਗੇ। ੧੭. ਪ੍ਰਸੰਨਤਾ ਨਾਲ ਸਾਧੂ ਜਨ ਭੇਟੇ, ਮਾਨੋ ਕਿ ਹਰੀ ਦੇ ਦਰਸ਼ਨ ਹੋ ਗਏ। ਦੇਖੋ ਪੰਨਾ ੯੮੧, ਨੋਟ ੩੨। ਜਨੁ ਜਾਣੋ ਕਿ, ਮਾਨੋ ਕਿ। ੧੮. ਗੁੰਝਲਾਂ। ੧੯. ਤਾਣਾ ਤਣਿਆ ਜਾਏ, ਜਨਮ ਸਫਲ ਹੋਵੇ।
੨੦. ਤੰਦਾਂ। ੨੧. ਸਿਮਰੀਏ। ੨੨. ਪੂਰਨਤਾ ਦੀ ਪਦਵੀ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੨੪

## ਰਾਗ ਕਲਿਆਣ ਮਹਲਾ ੪ ਤਿੰਨਤਾਲ

| × | 2 | 0 | 3 |
|---|---|---|---|
| **ਸਥਾਈ** ਗ | - ਰੇ ਗ ਪ | ਮ̍ ਗ ਰੇ ਸ | ਨ਼ੀ ਧ਼ ਨ਼ੀ ਰੇ |
| ਰਾ | ऽ ਮ ਗੁ ਰੂ | ਪਾ ऽ ਰ ਸੁ | ਪ ਰ ਸੁ ਕ |
| ਗ - ਗ - | ਨ਼ੀ ਧ਼ ਨ਼ੀ ਰੇ | ਗ ਗ - ਗ | ਗ ਰੇ ਗ ਪ |
| ਰੀ ऽ ਜੈ ऽ | ਹ ਮ ਨਿ ਰ | ਗੁ ਣੀ ऽ ਮ | ਨੂ ਰ ਅ ਤਿ |
| ਮ̍ ਗ ਰੇ - | ਮ̍ਮ̍ ਮ̍ਮ̍ ਧ ਧ | ਨੀ - ਨੀ ਨੀ | ਸਂਨੀ ਧਨੀ ਸਂਰੇਂ ਨ਼ੀਸਂ |
| ਫੀ ऽ ਕੇ ऽ | ਮਿਲਿ ਸਤਿ ਗੁ ਰ | ਪਾ ऽ ਰ ਸੁ | ਕੀऽ ऽऽ ऽऽ ऽऽ |
| ਧਪ ਮ̍ਗ ਰੇ | | | |
| ਜੈऽ ऽऽ ऽ | | | |
| **ਅੰਤਰਾ** | ਪ ਪ ਮ̍ ਗ | ਮ̍ ਧ ਨੀ ਨੀ | ਨੀ ਧ ਨੀ ਰੇਂ |
| | ਸੁ ਰ ਗ ਮੁ | ਕ ਤਿ ऽ ਬੈ | ਕੁੰ ਠ ਸ ਭਿ |
| ਸਂ - ਸਂ - | ਨੀ ਨੀ ਰੇਂ - | ਗਂ - - - | ਗਂ ਰੇਂ ਨੀ ਰੇਂ |
| ਬਾਂ ऽ ਛਹਿ ऽ | ਨਿ ਤਿ ਆ ऽ | ਸਾ ऽ ऽ ऽ | ਆ ऽ ਸ ਕ |
| ਸਂ - ਸਂ - | ਸਂਸਂ ਸਂਸਂ ਨੀ ਧ | ਨੀ ਧ ਪ ਪ | ਪਮ̍ ਗਮ̍ ਪਧ ਮ̍ਪ |
| ਰੀ ऽ ਜੈ ऽ | ਹਰਿ ਦਰ ਸ ਨ | ਕੇ ऽ ਜ ਨ | ਮੁऽ ਕऽ ਤਿऽ ਨऽ |
| ਪਮ̍ ਗਮ̍ ਗਰੇ ਸ | ਮ̍ਮ̍ ਮ̍ਮ̍ ਧ ਧ | ਨੀਨੀ ਨੀ ਨੀ ਨੀ | ਸਂਨੀ ਧਨੀ ਸਂਰੇਂ ਸਂਨੀ |
| ਮਾਂऽ ऽऽ ਗਹਿ ऽ | ਮਿਲਿ ਦਰ ਸ ਨ | ਤ੍ਰਿਪ ਤਿ ਮ ਨੁ | ਧੀऽ ऽऽ ऽऽ ऽऽ |
| ਧਪ ਮ̍ਗ ਰੇ | | | |
| ਜੈऽ ऽऽ ऽ * | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੭. ਕਲਿਆਣ ਭੋਪਾਲੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਕਲਿਆਣ ਭੋਪਾਲੀ, ਰਾਗਾਂਗ ਰਾਗ ਕਲਿਆਣ ਦੇ ਇਕ ਪ੍ਰਕਾਰ ਵਜੋਂ ਦਰਜ ਹੈ ਜਿਸ ਅਧੀਨ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਉਚਾਰੀ ਹੈ। ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ ਕਲਿਆਣ ਅਤੇ ਭੋਪਾਲੀ ਦੇ ਆਪਸੀ ਸੁਮੇਲ ਤੋਂ ਬਣਿਆ ਹੈ। ਇਸ ਰਾਗ ਦੇ ਅਵਰੋਹ ਵਿਚ ਮਧਿਅਮ ਅਤੇ ਨਿਸ਼ਾਦ ਵਰਜਿਤ ਕਰਦਿਆਂ ਆਰੋਹ ਵਿਚ ਤੀਵਰ ਮਧਿਅਮ ਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਗੰਧਾਰ, ਸੰਵਾਦੀ ਨਿਸ਼ਾਦ, ਸਮਾਂ ਰਾਤ ਦਾ ਪਹਿਲਾ ਪਹਿਰ** ਅਤੇ **ਜਾਤੀ ਸੰਪੂਰਣ-ਔੜਵ** ਹੈ।

**ਆਰੋਹ** : ਸ, ਨ਼ੀ ਰੇ ਗ, ਮ੍ਹ ਪ, ਮ ਧ ਨੀ ਸਂ।

**ਅਵਰੋਹ** : ਸਂ, ਧ ਪ, ਗ ਰੇ, ਸ।

**ਮੁੱਖ ਅੰਗ** : ਨ਼ੀ ਰੇ ਗ, ਗ ਮ੍ਹ ਧ ਪ, ਧ ਪ ਗ ਰੇ, ਸ।

**ਸੁਰ ਵਿਸਥਾਰ** :

੧. ਸ, ਨ਼ੀ ਰੇ ਸ, ਨ਼ੀ ਰੇ ਗ, ਰੇ ਗ, ਰੇ ਗ ਮ੍ਹ ਪ, ਨ਼ੀ ਰੇ ਗ ਮ੍ਹ ਪ, ਪ ਗ ਰੇ ਗ, ਸ ਰੇ ਗ ਰੇ ਸ, ਸ ਧ਼ ਪ਼, ਮ੍ਹ਼ ਧ਼ ਨ਼ੀ ਸ ਨ਼ੀ ਰੇ ਸ।

੨. ਨ਼ੀ ਰੇ ਗ ਮ੍ਹ ਪ, ਮ੍ਹ ਧ ਪ, ਮ੍ਹ ਧ ਨੀ, ਮ੍ਹ ਧ ਨੀ ਸਂ, ਨੀ ਰੇਂ ਸਂ, ਸਂ ਧ ਪ, ਸਂ ਰੇਂ ਸਂ ਧ ਪ, ਮ੍ਹ ਧ ਪ, ਧ ਪ ਗ, ਗ ਮ੍ਹ ਧ ਪ, ਪ ਗ ਰੇ ਗ, ਧ ਪ ਗ, ਗ ਰੇ ਸ,
ਨ਼ੀ ਰੇ ਸ।

੩. ਪ ਗ ਮ੍ਹ ਪ, ਮ੍ਹ ਧ ਪ ਮ੍ਹ ਧ ਨੀ ਸਂ, ਨੀ ਰੇਂ ਸਂ, ਨੀ ਰੇਂ ਗਂ, ਰੇਂ ਗਂ, ਗਂ ਮ੍ਹਂ ਪਂ, ਪਂ ਗਂ ਰੇਂ ਸਂ, ਸਂ ਰੇਂ ਸਂ ਧ ਪ, ਮ੍ਹ ਧ ਪ, ਧ ਪ ਗ ਰੇ ਗ, ਗ ਮ੍ਹ ਧ ਪ, ਗ ਰੇ ਗ, ਰੇ ਗ ਰੇ ਪ ਗ, ਧ ਪ ਗ ਰੇ ਸ, ਨ਼ੀ ਰੇ ਗ ਰੇ ਸ।

# ਕਲਿਆਨੁ ਭੋਪਾਲੀ ਮਹਲਾ ੪

## ੧ਓ ਸਤਿਗੁਰ ਪ੍ਰਸਾਦਿ ॥

ਪਾਰਬ੍ਰਹਮੁ ਪਰਮੇਸੁਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ[੧]॥
ਸਗਲ ਭਗਤ ਜਾਚਹਿ[੨] ਸੁਖ ਸਾਗਰ ਭਵਨਿਧਿ[੩] ਤਰਣ ਹਰਿ ਚਿੰਤਾਮਣੇ[੪]॥੧॥ਰਹਾਉ॥
ਦੀਨ ਦਇਆਲ ਜਗਦੀਸ ਦਮੋਦਰ[੫] ਹਰਿ ਅੰਤਰਜਾਮੀ ਗੋਬਿੰਦੇ॥
ਤੇ ਨਿਰਭਉ ਜਿਨ ਸ੍ਰੀਰਾਮੁ ਧਿਆਇਆ ਗੁਰਮਤਿ ਮੁਰਾਰਿ[੬] ਹਰਿ ਮੁਕੰਦੇ[੭]॥੧॥
ਜਗਦੀਸੁਰ ਚਰਨ ਸਰਨ ਜੋ ਆਏ ਤੇ ਜਨ ਭਵ ਨਿਧਿ ਪਾਰਿ ਪਰੇ॥
ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ॥੨॥੧॥੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੧)*

---

੧. ਦੂਰ ਕਰਨ ਵਾਲਾ।
੨. ਮੰਗਦੇ ਹਨ।
੩. ਸੰਸਾਰ ਸਾਗਰ ਦੀ ਬੇੜੀ।
੪. ਮਨ ਵਿੱਚ ਚਿੰਤਨ ਕਰਨ ਨਾਲ ਮਨ ਮੰਗੀ ਮੁਰਾਦ ਪੂਰੀ ਕਰਨ ਵਾਲਾ ਰਤਨ ਵਾਹਿਗੁਰੂ।
੫. (ਜਿਸ ਦੇ ਉਦਰ (ਲੱਕ) ਦਵਾਲੇ ਰੱਸੀ ਹੈ, ਕ੍ਰਿਸ਼ਨ) ਵਾਹਿਗੁਰੂ।
੬. (ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ) ਵਾਹਿਗੁਰੂ।
੭. ਮੁਕਤੀ ਦਾਤਾ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੋਥੀ) ਪੰਨਾ ੧੩੨੧

## ਰਾਗ ਕਲਿਆਣ ਭੋਪਾਲੀ ਮਹਲਾ ੪ ਤਿੰਨ ਤਾਲ

| × | 2 | 0 | 3 |
|---|---|---|---|
| ***ਸਥਾਈ:*** | | ਨ਼ੀ ` ਰੇ ਗ ਰੇ | ਗ ਮੰ ਪ ਮੰ |
| | | ਪਾ ऽ ਰ ਬ੍ਰ | ਹ ਮੁ ਪ ਰ |
| ਮੰ ਧ ਨੀ ਸਂ | ਧ- ਪ ਰੇ ਗ | ਗ - ਗ ਰੇ | ਗ ਮੰ ਪਧ ਮੰਪ |
| ਮੇ ऽ ਸੁ ਰੁ | ਸੁਆ ऽ ਮੀ ऽ | ਦੂ ऽ ਖ ਨਿ | ਵਾ ऽ ਰਙ ਣੁਙ |
| ਰੇ - ਗ ਰੇ | ਨੀ ਰੇ ਸ - | ਮੰ ਮੰ ਧ ਧ | ਨੀ ਨੀ - - |
| ਨਾ ऽ ਰਾ ਇ | ਣੇ ऽ ऽ ऽ | ਸ ਗ ਲ ਭ | ਗ ਤ ऽ ऽ |
| ਨੀ ਨੀ- ਨੀ ਨੀ | ਸਂ - ਸਂ ਸਂ | - ਸਂਸਂ ਸਂਰੇਂ ਨੀਸਂ | ਧਧ ਪ ਰੇ ਗ |
| ਜਾ ਚਹਿਸੁ ਖ | ਸਾ ऽ ਗ ਰ | ऽ ਭਵ ਨਿਙ ਧਿਙ | ਤਰ ਣ ਹ ਰਿ |
| ਰੇ - ਗਮੰ ਪ | ਰੇ - ਸ - | | |
| ਚਿੰ ऽ ਤਾਙ ਮ | ਣੇ ऽ ऽ ऽ | | |
| **ਅੰਤਰਾ** | | ਮੰ - ਮੰ ਮੰ- | ਧ - ਨੀ - |
| | | ਦੀ ऽ ਨ ਦਇ | ਆ ऽ ਲ ऽ |
| ਸਂਸਂ ਸਂ ਸਂ ਸਂ | ਨੀ ਰੇਂ ਸਂ ਸਂ | ਨੀਨੀ ਨੀ ਰੇਂ ਰੇਂ | ਗਂ - ਗਂ - |
| ਜਗ ਦੀ ਸ ਦ | ਮੋ ऽ ਦ ਰ | ਹਰਿ ਅੰ ਤ ਰ | ਜਾ ऽ ਮੀ ऽ |
| ਗਂ ਰੇਂ ਨੀ ਰੇਂ | ਸਂ - - - | ਮੰ ਧ ਨੀ ਸਂ | ਨੀ- - ਨੀ ਨੀ |
| ਗੋ ऽ ਬਿੰ ऽ | ਦੇ ऽ ऽ ऽ | ਤੇ ऽ ਨਿ ਰ | ਭਉ ऽ ਜਿ ਨ |
| ਸਂ ਧ ਪ ਗ | ਰੇ- - ਗ- - | ਮੰਮੰ ਮੰ ਧ ਧ | ਨੀ - - ਨੀ |
| ਸ੍ਰੀ ऽ ਰਾ ਮੁ | ਧਿਆ ऽ ਇਆऽ | ਗੁਰ ਮ ਤਿ ਮੁ | ਰਾ ऽ ऽ ਰਿ |
| ਸਂ ਧ ਪ ਗ | ਰੇ - ਗਰੇ ਸ | | |
| ਹ ऽ ਰਿ ਮੁ | ਕੰ ऽ ਦੇऽ ऽ* | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੮. ਪ੍ਰਭਾਤੀ

ਗੁਰਮਤਿ ਸੰਗੀਤ ਪਰੰਪਰਾ ਦੇ ਨਿਵੇਕਲੇ ਰਾਗਾਂ ਵਿਚੋਂ ਪ੍ਰਭਾਤੀ ਇਕ ਵਿਸ਼ੇਸ਼ ਰਾਗ ਹੈ ਜਿਸ ਅਧੀਨ ਪ੍ਰਭਾਤੀ ਬਿਭਾਸ, ਪ੍ਰਭਾਤੀ ਦੱਖਣੀ, ਬਿਭਾਸ ਪ੍ਰਭਾਤੀ ਰਾਗਾਂ ਦਾ ਉਲੇਖ ਕੀਤਾ ਗਿਆ ਹੈ। ਅੰਮ੍ਰਿਤ ਵੇਲੇ ਦੇ ਰਾਗਾਂ ਵਿਚੋਂ ਇਹ ਇਕ ਅਨੂਠਾ ਰਾਗ ਹੈ। ਇਸ ਰਾਗ ਵਿਚ ਭੈਰਵ, ਕਾਲਿੰਗੜਾ, ਲਲਿਤ ਵਰਗੇ ਰਾਗਾਂ ਦੀ ਝਲਕ ਪ੍ਰਤੀਤ ਹੁੰਦੀ ਹੈ ਪਰ ਇਹ ਆਪਣੀ ਨਿਜੀ ਵਿਸ਼ੇਸ਼ਤਾਵਾਂ ਕਾਰਣ ਇਨ੍ਹਾਂ ਰਾਗਾਂ ਨਾਲੋਂ ਸਹਿਜੇ ਹੀ ਅਲੱਗ ਅਤੇ ਸੁਤੰਤਰ ਰਾਗ ਵਜੋਂ ਸਥਾਪਿਤ ਹੋ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੩, ੪, ੫ ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ, ਭਗਤ ਬੇਣੀ ਜੀ ਪ੍ਰਾਚੀਨ ਸੰਗੀਤਕਾਰ ਇਸਨੂੰ ਆਸਾ ਤੇ ਭੈਰਵੀ ਦੇ ਮੇਲ ਤੋਂ ਬਣਿਆ ਮੰਨਦੇ ਹਨ। ਪਰਭਾਤੀ ਰਾਗ ਵਿਚ ਮਧਿਅਮ ਪੂਰਨ ਰੂਪ ਵਿਚ ਵਰਜਿਤ ਹੈ। ਇਸ ਦੇ ਆਰੋਹ ਵਿਚ ਨਿਸ਼ਾਦ ਦਾ ਵੀ ਪ੍ਰਯੋਗ ਨਹੀਂ ਕੀਤਾ ਜਾਂਦਾ ਅਤੇ ਬਾਕੀ ਸਾਰੇ ਸੁਰ ਸ਼ੁਧ ਲਗਦੇ ਹਨ। ਇਸ ਦਾ **ਵਾਦੀ ਸ਼ੜਜ, ਸੰਵਾਦੀ ਪੰਚਮ, ਥਾਟ ਕਲਿਆਣ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸ਼ਾੜਵ** ਹੈ।

**ਆਰੋਹ** : ਸ ਰੇ ਗ, ਪ, ਧ ਸਂ।
**ਅਵਰੋਹ** : ਸਂ ਨੀ ਧ ਨੀ ਪ, ਗ ਰੇ ਸ।
**ਮੁੱਖ ਅੰਗ** : ਪ ਧ ਸਂ, ਨੀ ਧ ਨੀ ਪ, ਪ ਧ, ਗ ਪ ਧ, ਪ।
**ਸੁਰ ਵਿਸਥਾਰ** : ੧. ਸ, ਰੇ ਗ ਰੇ, ਗ ਰੇ ਸ, ਨ਼ੀ ਧ਼ ਨ਼ੀ ਧ਼ ਪ਼ ਧ਼, ਪ਼, ਪ਼ ਧ਼ ਸ, ਸ ਰੇ ਗ, ਗ ਪ, ਗ ਪ ਧ ਪ, ਗ ਧ ਪ, ਨੀ ਧ ਨੀ ਪ, ਪ ਧ ਪ, ਗ ਰੇ ਗ ਰੇ ਸ।
੨. ਰੇ ਗ ਪ, ਪ ਧ ਪ, ਨੀ ਧ ਨੀ ਪ, ਪ ਧ ਸਂ, ਸਂ ਰੇਂ ਸਂ, ਗਂ ਰੇਂ ਸਂ, ਸਂ ਨੀ ਧ ਨੀ ਪ, ਧ ਪ ਧ ਗ ਪ, ਗ ਗ ਧ ਪ, ਗ ਰੇ ਗ, ਰੇ ਸ।

# ਪ੍ਰਭਾਤੀ (ਕਬੀਰ ਜੀਉ) ॥

ਅਵਲਿ ਅਲਹ ਨੂਰੁ[੧] ਉਪਾਇਆ [੨]ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ[੩] ਖਲਕ [੪]ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ[੫]॥੧॥ਰਹਾਉ॥
[੬]ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ[੭] ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ[੮]॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ[੯] ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ[੧੦] ਨਾਸੀ ਸਰਬ [੧੧]ਨਿਰੰਜਨੁ ਡੀਠਾ॥੪॥੩॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੯)*

---

੧. ਜੋਤ, ਚਾਨਣ।
੨. ਸਾਰੇ ਲੋਕ ਉਸੇ ਦੀ ਕੁਦਰਤ ਦੇ ਪੈਦਾ ਕੀਤੇ ਹੋਏ ਹਨ।
੩. ਖ਼ਾਲਕ ਖ਼ਲਕਿਤ ਵਿੱਚ ਹੈ, ਸਿਰਜਨਹਾਰ।
੪. ਸ੍ਰਿਸ਼ਟੀ ਵਿੱਚ ਹੈ। ਇਥੇ ਕਰਤਾਰ ਦਾ ਗੁਣ ਦਸਿਆ ਹੈ ਕਿ ਉਹ ਸ੍ਰਿਸ਼ਟੀ ਤੋਂ ਲਾਂਭੇ ਨਹੀਂ ਸਗੋਂ ਉਹ ਸ੍ਰਿਸ਼ਟੀ ਵਿੱਚ ਵਿਆਪਕ ਹੈ।
੫. ਇਸ ਵਿੱਚ ਸ੍ਰਿਸ਼ਟੀ ਦੀ ਅਸਲੀਅਤ ਦੱਸੀ ਹੈ ਕਿ ਇਹ ਕਰਤਾਰ ਤੋਂ ਵੱਖਰੀ ਨਹੀਂ; ਸਗੋਂ ਇਹ ਹਭਥੇ ਕਰਤਾਰ ਨਾਲ ਭਰਪੂਰ ਹੈ ।
੬. ਥਾਈਂ ।
੭. ਮਿੱਟੀ ਇਕ ਹੀ ਹੈ, ਪਰ ਸਿਰਜਣਹਾਰ ਨੇ ਕਈ ਤਰ੍ਹਾਂ ਨਾਲ ਬਣਾਈ ਹੈ, ਭਾਵ ਇਸ ਇਕੋ ਮਿੱਟੀ ਤੋਂ ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਘੜੀਆਂ ਹਨ ।
੮. ਨੁਕਸ ।
੯. ਕੁਮਿਹਾਰ, ਘੜਨਹਾਰ-ਵਾਹਿਗੁਰੂ ਵਿੱਚ ।
੧੦. ਮੈਂ ਗੂੰਗੇ ਨੂੰ ਗੁਰੂ ਨੇ ਗੁੜ ਦਿੱਤਾ ਹੈ ਜਿਸ ਦਾ ਸਵਾਦ ਮੈਂ ਨਹੀਂ ਦੱਸ ਸਕਦਾ ।
੧੧. ਸ਼ੱਕ, ਸੰਸਾ ।
੧੨. ਹਰ ਥਾਂ ਨਿਰਲੇਪ ਹਰੀ ਹੀ ਦੇਖਿਆ ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੪੯

**ਰਾਗ ਪ੍ਰਭਾਤੀ** — **ਭਗਤ ਕਬੀਰ ਜੀ** — **ਦੀਪਚੰਦੀ ਤਾਲ**

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| *ਸਥਾਈ:* | | | | | | | | | | | | ਗ | ਪ |
| | | | | | | | | | | | | ਲੋ | S |
| ਸਂ | - | - | - | - | - | - | ਨੀ | ਧ | - | ਨੀ | - | ਪ | - |
| ਗਾ | S | S | S | S | S | S | S | S | S | S | S | S | S |
| - | - | - | ਪ | ਪ | ਧ | ਪ | ਗ | - | - | ਰੇ- | - | ਸ | - |
| S | S | S | ਭ | ਰ | ਮਿ | ਨ | ਭੂ | S | S | ਲਹੁ | S | S | S |
| ਸ | - | - | ਰੇ | - | - | - | ਗ | - | - | - | - | - | - |
| ਭਾ | S | S | S | S | S | S | ਈ | S | S | S | S | S | S |
| - | - | - | ਪ | ਪ | ਧ | ਪ | ਗ | - | - | ਰੇ- | - | ਸ | - |
| S | S | S | ਭ | ਰ | ਮਿ | ਨ | ਭੁ | S | S | ਲਹੁ | S | S | S |
| ਸ | - | - | - | - | - | - | ਸ | - | - | ਸ | ਰੇ | ਗ | ਰੇ |
| ਭਾ | S | S | S | S | S | S | ਈ | S | S | ਖਾ | S | ਲਿ | ਕੁ |
| ਗ | ਗ | - | ਗ | - | - | - | - | - | ਗ | ਗ | ਗ | ਰੇ- | ਗ |
| ਖ | ਲ | S | ਕ | S | S | S | S | S | ਖ | ਲ | ਕ | ਮਹਿ | S |
| ਪ | - | - | ਪ | ਪ | - | - | - | - | - | - | - | - | - |
| ਖਾ | S | S | ਲਿ | ਕੁ | S | S | S | S | S | S | S | S | S |
| - | - | - | ਸਂ | - | ਸਂ | ਸਂ- | ਨੀ | ਧ | - | ਨੀ | - | ਪ | ਗ |
| S | S | S | ਪੂ | S | ਰਿ | ਰਹਿ | ਓ | S | S | ਸ੍ਰ | S | ਬ | S |
| ਪ | - | - | ਪ | - | - | - | - | - | - | - | | | |
| ਠਾਂ | S | S | ਈ | S | S | S | S | S | S | S | | | |
| *ਅੰਤਰਾ* | | | | | | | | | | | ਪ | ਧ | ਪ |
| | | | | | | | | | | | ਅ | ਵ | ਲਿ |
| ਗ | - | - | ਪ- | - | - | - | - | - | - | ਪ | - | ਧ | ਪ |
| ਅ | S | S | ਲਹ | S | S | S | S | S | S | ਨੂ | S | ਰੁ | ਉ |
| ਗ | - | - | ਪ- | - | - | - | - | - | - | ਪ | ਧ | ਧ | ਧ |
| ਪਾ | S | S | ਇਆ | S | S | S | S | S | S | ਕੁ | ਦ | ਰ | ਤਿ |
| ਧ | - | - | - | - | ਪ | ਧ | ਸਂ | - | - | ਸਂ | - | - | - |
| ਕੇ | S | S | S | S | ਸ | ਭ | ਬੰ | S | S | ਦੇ | S | S | S |
| - | - | - | ਸਂ | - | ਸਂ | ਸਂ | - | ਸਂ | - | ਸਂ | - | - | - |
| S | S | S | ਏ | S | ਕ | ਨੂ | S | ਰ | S | ਤੇ | S | S | S |
| - | - | - | ਨੀ | ਧ | ਨੀ | ਪ | ਪ | ਗ | - | ਪ- | - | - | - |
| - | - | - | ਸ | ਭ | ਜ | ਗੁ | ਉ | ਪ | S | ਜਿਆ | S | S | S |
| - | - | - | ਪ- | - | ਧ | ਪ | ਗ | ਰੇ | - | ਗ | - | - | - |
| S | S | S | ਕਉ | S | ਨ | ਭ | ਲੇ | S | S | ਕੋ | S | S | S |
| - | - | - | ਰੇ | - | ਸ | - | - | - | - | - | - | | |
| S | S | S | ਮੰ | S | ਦੇ | S | S | S | S | S | S* | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ੫੯. ਪ੍ਰਭਾਤੀ ਬਿਭਾਸ

ਰਾਗ ਪ੍ਰਭਾਸੀ ਬਿਭਾਸ ਇਕ ਅਪ੍ਰਚਲਿਤ ਰਾਗ ਹੈ। ਇਸ ਰਾਗ ਸਬੰਧੀ ਭਾਰਤੀ ਸੰਗੀਤ ਦੇ ਕਿਸੇ ਗਰੰਥ ਵਿਚ ਵਰਣਨ ਨਹੀਂ ਮਿਲਦਾ। ਰਾਗ ਪ੍ਰਭਾਤੀ ਬਿਭਾਸ ਦੀ ਸਿਰਜਣਾ ਰਾਗ ਪ੍ਰਭਾਤੀ ਅਤੇ ਬਿਭਾਸ ਰਾਗ ਦੀਆਂ ਮਧੁਰ ਸੁਰਾਵਲੀਆਂ ਦੇ ਸੰਜੋਗ ਤੋਂ ਹੋਈ ਹੈ। ਸੰਗੀਤ ਜਗਤ ਵਿਚ ਰਾਗ ਪ੍ਰਭਾਤੀ ਅਤੇ ਬਿਭਾਸ ਦੋਵੇਂ ਭਿੰਨ-ਭਿੰਨ ਰਾਗ ਤਾਂ ਪ੍ਰਚਲਿਤ ਹਨ ਪਰ ਪ੍ਰਭਾਤੀ ਬਿਭਾਸ ਬਹੁਤ ਘੱਟ ਸੁਣਨ ਵਿਚ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦਾ ਉਲੇਖ ਰਾਗ ਪ੍ਰਭਾਤੀ ਦੇ ਇਕ ਪ੍ਰਕਾਰ ਵਜੋਂ ਕੀਤਾ ਗਿਆ ਹੈ ਜਿਸ ਅਧੀਨ ਮਹਲਾ ੧, ੩, ੪ ਅਤੇ ੫ ਦੀ ਬਾਣੀ ਦਰਜ ਹੈ। ਆਰੋਹ ਵਿਚ ਮਧਿਅਮ ਅਵਰੋਹ ਵਿਚ ਮਧਿਅਮ ਨਿਸ਼ਾਦ ਵਰਜਿਤ ਕਰਦਿਆਂ ਇਸ ਰਾਗ ਵਿਚ ਦੋਵੇਂ ਰਿਸ਼ਭ, ਦੋਵੇਂ ਧੈਵਤ ਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦਾ **ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਸ਼ਾੜਵ-ਔੜਵ** ਹੈ।

**ਆਰੋਹ** : ਸ ਰੇ ਗ ਪ ਧ, ਨੀ ਧ ਨੀ-ਪ, ਧ ਸਂ।

**ਅਵਰੋਹ** : ਸਂ ਧ̲ ਪ, ਗ ਰੇ̲ ਸ।

**ਮੁੱਖ ਅੰਗ** : ਨੀ ਧ ਨੀ - ਪ, ਗ ਪ ਧ̲ ਪ, ਗ ਰੇ̲ ਸ।

**ਸੁਰ ਵਿਸਥਾਰ** :

1. ਸ ਰੇ ਗ, ਗ ਪ ਧ - ਪ, ਨੀ ਧ ਨੀ - ਪ ਧ̲ ਪ,
ਧ̲ ਪ ਗ ਰੇ̲, ਪ ਗ ਰੇ̲ ਸ, ਸ ਧ̲ ਧ̲ ਪ਼, ਨ਼ੀ ਧ਼
ਨ਼ੀ - ਪ, ਪ ਧ਼, ਨ਼ੀ ਧ਼ ਸ।
2. ਸ ਰੇ ਗ, ਗ ਪ ਧ - ਪ, ਧ ਨੀ ਧ ਸਂ, ਰੇ̲ਂ ਸਂ,
ਸਂ ਧ̲ ਪ, ਗ ਪ ਧ̲ ਪ, ਸਂ ਨੀ ਧ ਨੀ - ਪ, ਸਂ ਧ̲
ਪ, ਗ ਪ ਧ̲ ਪ, ਗ ਰੇ̲ ਸ।
3. ਪ ਧ ਨੀ ਧ ਨੀ - ਪ, ਧ ਸਂ, ਸਂ ਰੇਂ ਗਂ, ਪਂ ਗਂ
ਰੇ̲ਂ ਸਂ, ਨੀ ਧ ਨੀ - ਪ, ਧ ਸਂ, ਰੇ̲ਂ ਸਂ ਧ̲ ਪ, ਪ
ਨੀ ਧ ਨੀ ਪ, ਧ̲ ਪ ਗ ਰੇ̲, ਪ ਗ ਰੇ̲ ਸ।

# ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪

## ੧ੴ ਸਤਿਗੁਰ ਪ੍ਰਸਾਦਿ ॥

ਜਪਿ ਮਨ ਹਰਿ ਹਰਿ ਨਾਮੁ ਨਿਧਾਨ ॥
ਹਰਿ ਦਰਗਹ ਪਾਵਹਿ ਮਾਨ[੧] ॥
ਜਿਨਿ ਜਪਿਆ ਤੇ ਪਾਰਿ ਪਰਾਨ[੨] ॥੧॥ਰਹਾਉ॥
ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥
ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ[੩] ॥
ਸੁਨਿ ਮਨ ਗੁਰਮੁਖਿ[੪] ਪਾਵਹਿ ਮਾਨੁ ॥੧॥
ਜਪਿ ਮਨ ਪਰਮੇਸੁਰੁ ਪਰਧਾਨੁ ॥ ਖਿਨ ਖੋਵੈ ਪਾਪ ਕੋਟਾਨ[੫] ॥
ਮਿਲੁ ਨਾਨਕ ਹਰਿ ਭਗਵਾਨ ॥੨॥੧॥੭॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੩੭)*

---

੧. ਸੁਖਾਂ ਦਾ ਘਰ। (ਇਥੇ 'ਨਿਧਾਨ' ਤੇ ਅਗਲੀ ਤੁਕ ਵਿੱਚ 'ਮਾਨ' ਦੇ ਅੰਤ ਔਂਕੜ ਨਹੀ ਦਿੱਤਾ; ਕਿਉਂਕਿ ਕਈ ਵੇਰ ਤੁਕ ਦਾ ਅੰਤਲਾ ਅੱਖਰ ਲਗ ਰਹਿਤ ਛੱਡਿਆ ਜਾਂਦਾ ਹੈ।)
੨. ਪਏ ਹਨ।
੩. ਇਸ਼ਨਾਨ। ਹਰੀ-ਜਸ ਵਿੱਚ ਸਾਰੇ ਤੀਰਥਾਂ ਦਾ ਇਸ਼ਨਾਨ ਆ ਜਾਂਦਾ ਹੈ।
੪. ਗੁਰੂ ਦੁਆਰਾ।
੫. ਕ੍ਰੋੜਾਂ।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੩੭

## ਰਾਗ ਪ੍ਰਭਾਤੀ ਬਿਭਾਸ (ਪੜਤਾਲ) ਮਹਲਾ ੪ ਖੜਗ ਤਾਲ

| × | | | | 2 | | | | 0 | | | 3 | | | | 4 | | |
|---|---|---|---|---|---|---|---|---|---|---|---|---|---|---|---|---|---|
| ਸਥਾਈ | | | | ਸ | ਰੇ | ਗ | ਪ | ਨੀ | ਧ | ਨੀ | ਪ | ਗ | ਪ | - | ਧ | - | ਧ |
| | | | | ਜ | ਪਿ | ਮ | ਨ | ਹ | ਰਿ | ਹ | ਰਿ | ਨਾ | ਙ | ਙ | ਮੁ | ਙ | ਨਿ |
| ਸਂ | - | - | ਸਂ | - | - | ਸਂ | ਸਂ | ਧੁ | ਧੁ | ਪ- | - | ਗ | ਪ | - | ਧੁ-ਪ | | - |
| ਧਾ | ਙ | ਙ | ਨ | ਙ | ਙ | ਹ | ਰਿ | ਦ | ਰ | ਗਹ | ਙ | ਪਾ | ਙ | ਙ | ਵਹਿਙ | | ਙ |
| (ਪ)ਗ | - | - | ਗ | - | - | ਗ | ਗ | ਗ | ਗ | ਗ | ਗ | (ਗ)ਰੇ | - | - | ਰੇ | - | ਰੇ |
| ਮਾ | ਙ | ਙ | ਨ | ਙ | ਙ | ਜਿ | ਨਿ | ਜ | ਪਿ | ਆ | ਤੇ | ਪਾ | ਙ | ਙ | ਰਿ | ਙ | ਪ |
| ਸ | - | - | ਸ | ਸ | ਰੇ | ਗ | ਪ | ਨੀ | ਧ | ਨੀ | ਪ | ਗ | ਪਧ | ਧ | ਸਂ | - | ਸਂ |
| ਰਾ | ਙ | ਙ | ਨ | ਜ | ਪਿ | ਮ | ਨ | ਹ | ਰਿ | ਹ | ਰਿ | ਨਾ | ਮ | ਨਿ | ਧਾ | ਙ | ਨ |

## ਅੰਤਰਾ 1 ਸਵਾਰੀ ਤਾਲ

| × | | | | 2 | | | | 0 | | | | 3 | | |
|---|---|---|---|---|---|---|---|---|---|---|---|---|---|---|
| ਸਂ | ਸਂ | ਸਂ | ਸਂ | ਨੀ | ਧ | ਨੀ | ਪ | ਗ | ਪ | ਧੁ | ਪ | ਗ- | ਰੇ | ਸ |
| ਸੁ | ਨਿ | ਮ | ਨ | ਹ | ਰਿ | ਹ | ਰਿ | ਨਾ | ਮੁ | ਕ | ਰਿ | ਧਿਆ | ਙ | ਨੁ |

## ਅੰਤਰਾ 1.1 ਸੂਲ ਤਾਲ

| × | | | | 2 | | | | 0 | |
|---|---|---|---|---|---|---|---|---|---|
| | 3 | 4 | | | | | | | |
| ਸ | ਰੇ | ਗ | ਪ | ਨੀ | ਧ | ਸਂ | - | ਸਂ | ਸਂ |
| ਸੁ | ਨਿ | ਮ | ਨ | ਹ | ਰਿ | ਕੀ | ਙ | ਰ | ਤਿ |
| ਨੀ | ਧ | ਨੀ | ਪ | - | ਗ | ਪ | - | - | ਪ |
| ਅ | ਠ | ਸ | ਠਿ | ਙ | ਮ | ਜਾ | ਙ | ਙ | ਨੁ |

## ਅੰਤਰਾ 1.2 ਇੱਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ਸ | ਰੇ | ਗ | ਪ | ਧ | ਸਂ | - | - | - | - | - | - |
| ਸੁ | ਨਿ | ਮ | ਨ | ਙ | ਙ | ਙ | ਙ | ਙ | ਙ | ਙ | ਙ |
| ਨੀ | ਧ | ਨੀ | ਪ | ਪ | - | ਗ- | ਪ | - | ਪ | - | ਪ |
| ਗੁ | ਰ | ਮੁ | ਖਿ | ਪਾ | ਙ | ਵਹਿ | ਙ | ਙ | ਮਾ | ਙ | ਨੁ |
| ਪ | - | ਗ- | ਪ | - | ਪ | - | ਪ | ਪ | - | ਗ- | ਪ |
| ਪਾ | ਙ | ਵਹਿ | ਙ | ਙ | ਮਾ | ਙ | ਨ | ਪਾ | ਙ | ਵਹਿ | ਙ |

**ਸਥਾਈ** — **ਖੜਗ ਤਾਲ**

| × | 2 | 0 | 3 |
|---|---|---|---|
| - ਪ - ਪ | ਸ ਰੇ ਗ ਪ | ਨੀ ਧ ਨੀ ਨੀ | ਗ ਪ - ਧ - ਧ |
| ऽ ਮਾ ऽ ਨੂ | ਜ ਪਿ ਮ ਨ | ਹ ਰਿ ਹ ਰਿ | ਨਾ ऽ ऽ ਮੁ ऽ ਨਿ |
| ਸਂ - - ਸਂ | | | |
| ਧਾ ऽ ऽ ਨ... | | | |

**ਅੰਤਰਾ 2** — **ਤਿੰਨ ਤਾਲ (ਦਰੁੱਤ ਲੈਅ)**

| × | 2 | 0 | 3 |
|---|---|---|---|
| ਨੀ ਧ ਨੀ ਪ | ਗ ਪ ਧ - | ਸਂ ਸਂ ਸਂ ਸਂ | ਸਂ - - ਸਂ |
| ਜ ਪਿ ਮ ਨ | ਪ ਰ ਮੇ ऽ | ਸੁ ਰੁ ਪ ਰ | ਧਾ ऽ ऽ ਨੁ |
| ਸਂ ਸਂ ਨੀ - | ਧੁ - ਪ - | ਗ ਪ ਗ - | - ਗ - - |
| ਖਿ ਨ ਖੋ ऽ | ਵੈ ऽ ਪਾ ऽ | ਪ ਕੋ ਟਾ ऽ | ऽ ਨ ऽ ऽ |
| ਗਂਗਂ ਗਂਗਂ ਗਂ | ਰੇਂ ਰੇਂ ਰੇਂ ਰੇਂ | ਸਂ - - ਸਂ | - - ਸਂ ਸਂ |
| ਮਿਲੁ ਨਾਨ ਕ | ਹ ਰਿ ਭ ਗ | ਵਾ ऽ ऽ ਨ | ऽ ऽ ਮਿ ਲੁ |
| ਸਂ - ਸਂ ਸਂ | ਨੀ ਨੀ ਧੁ ਪ | ਗ - - - | ਗ - ਗ ਗ |
| ਨਾ ऽ ਨ ਕ | ਹ ਰਿ ਭ ਗ | ਵਾ ऽ ऽ ऽ | ਨ ऽ ਮਿ ਲੁ |
| ਗ ਪ ਧੁ ਪ | ਗ ਗ ਰੇ ਰੇ | ਸ - - ਸ | ਗ ਪ ਧੁ ਪ |
| ਨਾ ऽ ਨ ਕ | ਹ ਰਿ ਭ ਗ | ਵਾ ऽ ऽ ਨ | ਨਾ ऽ ਨ ਕ |
| ਗ ਗ ਰੇ ਰੇ | ਸ - - ਸ | ਗ ਪ ਧੁ ਪ | ਗ ਗ ਰੇ ਰੇ |
| ਹ ਰਿ ਭ ਗ | ਵਾ ऽ ऽ ਨ | ਨਾ ऽ ਨ ਕ | ਹ ਰਿ ਭ ਗ |
| ਸ - - ਸ | ਸ ਰੇ ਗ ਪ | | |
| ਵਾ ऽ ऽ ਨ | ਜ ਪਿ ਮ ਨ | | |

# ੬੦. ਬਿਭਾਸ ਪ੍ਰਭਾਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਪ੍ਰਭਾਤੀ ਅਧੀਨ ਅੰਕਿਤ ਰਾਗ *ਬਿਭਾਸ ਪ੍ਰਭਾਤੀ* ਇਕ ਨਿਵੇਕਲਾ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ ਜਿਸ ਦਾ ਉਲੇਖ ਭਾਰਤੀ ਸੰਗੀਤ ਗ੍ਰੰਥਾਂ ਵਿਚ ਉਪਲੱਬਧ ਨਹੀਂ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਰਾਗ ਬਿਭਾਸ ਅਤੇ ਪ੍ਰਭਾਤੀ ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਰਾਗ ਅਧੀਨ ਗੁਰੂ ਅਰਜਨ ਦੇਵ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਦਰਜ ਹੈ। ਇਸ ਰਾਗ ਦੇ ਆਰੋਹ ਵਿਚ ਮਧਿਅਮ, ਨਿਸ਼ਾਦ ਅਤੇ ਆਰੋਹ ਵਿਚ ਕੇਵਲ ਮਧਿਅਮ ਵਰਜਿਤ ਕਰਦਿਆਂ, ਰਿਸ਼ਭ ਅਤੇ ਧੈਵਤ ਦੇ ਦੋਵੇਂ ਰੂਪ ਪ੍ਰਯੋਗ ਕੀਤੇ ਜਾਂਦੇ ਹਨ। ਇਸ **ਦਾ ਵਾਦੀ ਪੰਚਮ, ਸੰਵਾਦੀ ਸ਼ੜਜ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸ਼ਾੜਵ** ਹੈ।

**ਆਰੋਹ** : ਸ ਰੇ̲ ਗ ਪ ਧ̲ ਸ̇।

**ਅਵਰੋਹ** : ਸ̇ ਨੀ ਧ ਨੀ ਪ, ਗ ਰੇ ਸ।

**ਮੁੱਖ ਅੰਗ** : ਰੇ̲ ਗ ਪ ਧ ਪ ਧ̲, ਸ̇ ਨੀ ਧ ਨੀ - ਪ, ਗ ਰੇ ਸ।

**ਮੁੱਖ ਵਿਸਥਾਰ** :

੧. ਸ, ਧ̲ ਧ̲ ਸ, ਨੀ̣ ਧ̣ ਨੀ ਪ̣, ਧ̲ ਧ̲ ਸ ਰੇ ਸ, ਸ ਰੇ̲ ਗ, ਗ ਪ, ਧ̲ ਪ, ਨੀ ਧ ਨੀ - ਪ, ਗ ਪ ਧ - ਪ, ਗ ਰੇ ਗ, ਰੇ ਸ।

੨. ਸ ਰੇ̲ ਗ ਪ, ਸ ਰੇ̲ ਗ ਪ ਧ̲ ਪ, ਨੀ ਧ ਨੀ - ਧ ਪ ਧ - ਪ, ਗ ਪ ਧ ਪ, ਪ ਧ ਸ̇, ਸ̇ ਨੀ ਧ ਨੀ - ਪ, ਗ ਪ ਧ̲ ਪ, ਨੀ ਧ ਨੀ ਧ ਪ, ਗ ਰੇ ਗ, ਰੇ ਸ।

੩. ਗ ਪ ਧ ਪ, ਪ ਧ̲ - ਸ̇, ਸ̇ ਰੇਂ ਸ̇, ਸ ਨੀ ਧ ਨੀ - ਪ, ਪ ਧ̲ ਸ̇ ਰੇ̲ਂ ਸ̇, ਸ̇ ਰੇ̲ਂ ਗ̇ ਪ̇ ਰੇਂ ਸ̣, ਸ̇ ਨੀ ਧ ਨੀ ਧ ਪ, ਪ ਧ̲ ਸ̇, ਨੀ ਧ ਨੀ - ਪ, ਧ ਪ ਧ - ਪ, ਗ ਰੇ ਗ, ਰੇ ਸ।

# ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ

## ੴ ਸਤਿਗੁਰ ਪ੍ਰਸਾਦਿ ॥

ਮਰਨ ਜੀਵਨ ਕੀ ਸੰਕਾ[1] ਨਾਸੀ॥
[2]ਆਪਨ ਰੰਗਿ ਸਹਜ ਪਰਗਾਸੀ॥੧॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥
[3]ਰਾਮ ਰਤਨੁ ਪਾਇਆ ਕਰਤ ਬੀਚਾਰਾ॥੧॥ਰਹਾਉ॥
[4]ਜਹ ਅਨੰਦੁ ਦੁਖੁ ਦੂਰਿ ਪਇਆਨਾ॥
[5]ਮਨੁ ਮਾਨਕੁ ਲਿਵ ਤਤੁ ਲੁਕਾਨਾ॥੨॥
ਜੋ ਕਿਛੁ ਹੋਆ ਸੁ ਤੇਰਾ ਭਾਣਾ॥
ਜੋ ਇਵ[6] ਬੂਝੈ ਸੁ ਸਹਜਿ ਸਮਾਣਾ॥੩॥
ਕਹਤੁ ਕਬੀਰੁ ਕਿਲਬਿਖ[7] ਗਏ ਖੀਣਾ[8]॥
[9]ਮਨੁ ਭਇਆ ਜਗਜੀਵਨ ਲੀਣਾ॥੪॥੧॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੯)*

---

੧. ਫਿਕਰ ।
੨. ਸਹਜ ਰੂਪ ਹਰੀ ਆਪਣੀ ਮੌਜ ਵਿੱਚ ਪ੍ਰਗਟ ਹੋਇਆ ।
੩. ਵਿਚਾਰ ਕਰਦਿਆਂ ਕਰਦਿਆਂ ਰਾਮ ਨਾਲ ਰੂਪ ਰਤਨ ਮਿਲ ਗਿਆ ।
੪. ਜਿਥੇ ਅਨੰਦ ਹੁੰਦਾ ਹੈ ਉਥੋਂ ਦੁੱਖ ਦੂਰ ਹੋ ਜਾਂਦਾ ਹੈ ।
੫. ਮਨ ਰੂਪ ਮਾਣਕ ਉਸ ਅਸਲੀਅਤ (ਹਰੀ) ਦੀ ਲਿਵ ਵਿੱਚ ਜੁੜ ਗਿਆ ਹੈ ।
੬. ਇਉਂ ਕਰ ਕੇ ।
੭. ਪਾਪ ।
੮. ਨਾਸ਼ ।
੯. ਮਨ ਜਗਤ ਦੇ ਜੀਵਨ (ਭਾਵ ਹਰੀ) ਵਿੱਚ ਲੀਨ ਹੋ ਗਿਆ ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੪੯

## ਰਾਗ ਬਿਭਾਸ ਪ੍ਰਭਾਤੀ ਭਗਤ ਕਬੀਰ ਜੀ ਤਿੰਨ ਤਾਲ

| × | 2 | 0 | 3 |
|---|---|---|---|
| ***ਸਥਾਈ*** | | | ਸ ਰੇ ਗ ਪ |
| | | | ਪ੍ਰ ਗ ਟੀ ऽ |
| ਧੁ - ਪ - | - ਪਪ ਗਪ ਧੁਪ | ਗ- - ਗ - | ਗ ਪ ਧੁ ਪ |
| ਜੋ ऽ ਤਿ ऽ | ऽ ਮਿਟਿ ਆऽ ਅੰऽ | ਧਿਆ ऽ ਰਾ ऽ | ਰਾ ऽ ਮ ਰ |
| ਸੰ ਸੰ ਸੰ ਸੰ- | ਨੀ ਧ ਨੀ ਪ | ਗ - ਰੇ ਸ | |
| ਤ ਨੁ ਪਾ ਇਆ | ਕ ਰ ਤ ਬੀ | ਚਾ ऽ ਰਾ ऽ | |
| ***ਅੰਤਰਾ*** | | | ਗ ਪ ਧੁ ਧੁ |
| | | | ਮ ਰ ਨ ਜੀ |
| ਸੰ ਸੰ ਸੰ - | ਸੰ - ਸੰ - | ਰੇਂ - ਸੰ - | ਸੰ - ਨੀ ਧ |
| ਵ ਨ ਕੀ ऽ | ਸੰ ऽ ਕਾ ऽ | ਨਾ ऽ ਸੀ ऽ | ਆ ऽ ਪ ਨ |
| ਨੀ ਪ ਗ - | - ਗ ਗਗ ਗਪ | ਗ - ਰੇ ਸ | |
| ਰੰ ऽ ਗਿ ऽ | ऽ ਸ ਹਜ ਪਰ | ਗਾ ऽ ਸੀ ऽ * | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰ ਲਿਪੀ ਅਨੁਸਾਰ ਹੀ ਕਰੋ ਜੀ।

# ੬੧. ਪ੍ਰਭਾਤੀ ਦੱਖਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਪ੍ਰਭਾਤੀ ਅਧੀਨ ਪ੍ਰਭਾਤੀ ਦੱਖਣੀ ਦਾ ਉਲੇਖ ਸਪੱਸ਼ਟ ਰੂਪ ਵਿਚ ਮਿਲਦਾ ਹੈ ਜਿਸ ਦਾ ਪ੍ਰਯੋਗ ਗਉੜੀ ਦੱਖਣੀ, ਰਾਮਕਲੀ ਦੱਖਣੀ, ਬਿਲਾਵਲ ਦੱਖਣੀ, ਵਡਹੰਸ ਦੱਖਣੀ ਅਤੇ ਮਾਰੂ ਦੱਖਣੀ ਵਾਂਗੂ ਦੇਸ਼ਾਂਤਰ ਦੇ ਰਟਣਹਾਰ ਅਤੇ ਵੱਖ ਵੱਖ ਸਭਿਆਚਾਰ ਦੇ ਲੋਕਾਂ ਦੇ ਉਪਦੇਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਆਪਣੀ ਬਾਣੀ ਦੇ ਸੰਚਾਰ ਲਈ ਕੀਤਾ।

ਇਸ ਰਾਗ ਦੇ ਆਰੋਹ ਵਿਚ ਧੈਵਤ ਨਿਸ਼ਾਦ ਵਰਜਿਤ ਕਰਦਿਆਂ ਕੋਮਲ ਗੰਧਾਰ, ਕੋਮਲ ਧੈਵਤ ਅਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦਾ **ਵਾਦੀ ਗੰਧਾਰ, ਸੰਵਾਦੀ ਧੈਵਤ, ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ-ਸੰਪੂਰਣ** ਹੈ।

**ਆਰੋਹ** : ਸ ਮ ਰੇ, ਗੁ, ਮ ਪ, ਸ।
**ਅਵਰੋਹ** : ਸਂ ਨੀ ਧੁ ਪ ਮ ਪ ਗੁ, ਰੇ ਸ।
**ਮੁੱਖ ਅੰਗ** : ਮ ਰੇ ਗੁ, ਮ ਪ, ਧੁ ਮ ਪ ਗੁ, ਰੇ ਸ।
**ਸੁਰ ਵਿਸਥਾਰ** :

੧. ਸ, ਮ ਰੇ ਗੁ, ਮ ਪ ਗੁ, ਰੇ, ਸ, ਨੀ ਧੁ ਪ਼, ਸ, ਮ ਰੇ ਗੁ, ਮ ਪ, ਨੀ ਧੁ, ਪ, ਮ ਪ ਗੁ, ਰੇ ਸ।

੨. ਸ, ਮ ਰੇ ਗੁ, ਮ ਪ, ਨੀ ਧੁ, ਪ, ਮ ਪ ਸਂ, ਨੀ ਧੁ ਪ, ਗੁ ਮ ਪ, ਨੀ ਧੁ, ਪ, ਮ ਪ ਗੁ, ਮ ਰੇ, ਗ, ਰੇ ਸ।

੩. ਪ, ਮ ਪ, ਨੀ ਧੁ, ਪ, ਮ ਪ ਸਂ, ਸਂ ਮਂ ਰੇਂ ਗੁਂ, ਮਂ ਪਂ, ਮਂ ਪਂ, ਗੁਂ, ਰੇਂ ਸਂ, ਸਂ ਨੀ ਧੁ, ਪ, ਮ ਪ ਨੀ ਧੁ, ਪ, ਗੁ, ਮ ਰੇ ਗੁ, ਪ ਮ ਪ ਗੁ, ਰੇ ਸ।

# ਪ੍ਰਭਾਤੀ ਮਹਲਾ ੧ ਦਖਣੀ ॥

ਗੋਤਮੁ[1] ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ[2]॥
ਸਹਸ [3]ਸਰੀਰ ਚਿਹਨ [4]ਭਗ ਹੂਏ ਤਾ ਮਨਿ ਪਛੋਤਾਇਆ॥੧॥
ਕੋਈ ਜਾਣਿ [5]ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥੧॥ਰਹਾਉ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ[6] ਕੀਮ ਨ ਪਾਈ॥
ਅਉਗਣੁ[7] ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥੨॥
[8]ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥
ਕਿਉ ਪਇਆਲਿ[9] ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥੩॥
ਰਾਜਾ ਜਨਮੇਜਾ[10] ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ[11] ਨ ਚਲੈ ਚਲਾਇਆ॥੪॥
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ[12] ਭਾਇ ਸੁਭਾਈ॥
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ॥੫॥
ਗੁਰਮੁਖਿ[13] ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥
ਮਨਮੁਖੁ[14] ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥੬॥
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥
ਹਰਿ ਅਭਿਮਾਨੁ ਨ ਜਾਈ ਜੀਅਹੁ[15] ਅਭਿਮਾਨੇ ਪੈ ਪਚੀਐ[16]॥੭॥
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ[17]॥੮॥੪॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੪)*

---

੧. ਇਕ ਰਿਖੀ ਜਿਸ ਦੀ ਇਸਤ੍ਰੀ ਅਹਿੱਲਿਆ ਸੀ। ਦੇਖੋ ਪੰਨ; ੮੭੪, ਨੋਟ ੩੨। ੨. ਉਸ ਦੇ ਰੂਪ ਤੇ ਮੋਹਤ ਹੋਇਆ। ੩. ਹਜ਼ਾਰ। ਗੌਤਮ ਦੇ ਸਰਾਪ ਨਾਲ ਇੰਦਰ ਦੇ ਸਰੀਰ ਤੇ ਹਜ਼ਾਰ ਭਗ ਦੇ ਨਿਸ਼ਾਨ ਹੋ ਗਏ ਸਨ। ੪. ਭਗ ਦੇ ਨਿਸ਼ਾਨ। ੫. ਜਾਣ ਬੁੱਝ ਕੇ। ੬. ਕਾਗਜ਼। ਮੱਥੇ ਤੇ ਕਰਮ ਰੂਪ ਲੇਖ ਦੀ ਕੀਮਤ ਨਾ ਪਾਈ। ੭. ਜੇ ਪੁੰਨ ਕਰਨ ਨੂੰ ਅਵਗਣ ਜਾਣਦਾ ਤਾਂ ਕਿਉਂ ਮੰਡੀ ਵਿੱਚ ਜਾ ਕੇ ਵਿਕਦਾ, ਭਾਵ ਉਸ ਨੂੰ ਪਿਛਲੇ ਕਰਮਾਂ ਅਨੁਸਾਰ ਇਹ ਦਸ਼ਾ ਪ੍ਰਾਪਤ ਹੋਈ ਸੀ। ਨੇਖਾਸ (ਅ. ਨਖ਼ਾਸ) ਮੰਡੀ। ੮. ਢਾਈ ਕਰਮ। ਹਰੀ ਨੇ ਬਉਣੇ ਰੂਪ ਵਿੱਚ ਬਹਾਨੇ ਨਾਲ ਰਾਜਾ ਬਲ ਪਾਸੋਂ ਢਾਈ ਕਰਮ ਜ਼ਿਮੀਂ ਮੰਗੀ ਸੀ। ਦੇਖੋ ਪੰਨਾ ੨੨੪, ਫੁਟ ਨੋਟ*। ੯. ਪਾਤਾਲ ਵਿੱਚ। ਜੇ ਬਲ ਰੂਪ (ਬਉਣੇ ਰੂਪ ਵਿੱਚ ਹਰੀ ਬਲ ਨੂੰ ਛਲਣ ਲਈ ਆਇਆ ਸੀ) ਪਛਾਣ ਲੈਂਦਾ ਤਾਂ ਪਤਾਲ ਵਿੱਚ ਜਾ ਕੇ ਕਿਉਂ ਛਲਿਆ ਜਾਂਦਾ ? ਰੂਪੁ = ਜੋ ਰੂਪ ਹਰੀ ਨੇ ਧਾਰਨ ਕੀਤਾ ਸੀ। ੧੦. ਰਾਜੇ ਜਨਮੇਜੇ ਨੂੰ ਬਿਆਸ ਮਤਾਂ ਦੇ ਰਿਹਾ ਸੀ) ਕਿ ਤੂੰ ਘੋੜੇ ਤੇ ਨਾ ਚੜ੍ਹੀਂ ਤੇ ਅੱਪਛਰਾਂ ਨੂੰ ਘਰ ਨਾ ਲਿਆਵੀਂ ਤੇ ਉਸ ਦੇ ਆਖੇ ਨਾ ਲੱਗੀਂ, ਪਰ ਉਸ ਸਭ ਕੁਝ ਕੀਤਾ) ਅੱਪਛਰਾਂ ਨੇ ਯਗ ਕਰਨ ਲਈ ਕਿਹਾ; ਉਸ ਨੇ ਮੰਨ ਲਿਆ ਤੇ ੧੮ ਬ੍ਰਾਹਮਣ ਸੱਦੇ, ਰਾਣੀ ਪਤਲੇ ਕੱਪੜਿਆਂ ਵਿੱਚ ਆਈ ਤੇ ਬ੍ਰਾਹਮਣ ਹੱਸ ਪਏ। ਰਾਜੇ ਗੁੱਸਾ ਖਾ ਕੇ ਮਰਵਾ ਦਿੱਤੇ ਜਿਸ ਤੇ ਉਸਨੂੰ ਕੋੜ੍ਹ ਹੋ ਗਿਆ। ੧੧. ਕਰਮਾਂ ਤੋਂ ਬਣੇ ਭਾਗ ਟਲਦੇ ਨਹੀਂ। ੧੨. ਸਹਜ ਭਾ ਬੋਲਦਾ ਹਾਂ।੧੩. ਗੁਰੂ ਦਾ ਅਨੁਸਾਰੀ ਨਿਰਲੇਪ ਰਹਿੰਦਾ ਹੈ। ੧੪. ਆਪਹੁਦਰਾ ਮੂਰਖ ਹੈ; ਮਰਨ ਤੋਂ ਪਹਿਲਾਂ ਹਰੀ ਨੂੰ ਨਹੀਂ ਯਾਦ ਕਰਦਾ। ਆਗੈ = ਅੱਗੋਂ ਦੀ, ਵੇਲੇ ਸਿਰ। 'ਅਗੋਂ ਦੇ ਜੇ ਚੇਤੀਐ' ਪੰਨਾ ੪੧੭, ਨੋਟ ੧੫। ੧੫. ਦਿਲ ਵਿੱਚ। ੧੬. ਸੜੀਦਾ ਹੈ। ੧੭. ਛੁਟੇ। ਦੇਖੋ ਪੰਨਾ ੯੩੩, ਨੋਟ ੪੨।

* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੋਥੀ) ਪੰਨਾ ੧੩੪੩

## ਰਾਗ ਪ੍ਰਭਾਤੀ ਦੱਖਣੀ ਮਹਲਾ ੧ ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | ਸ | ਸ | ਮ | - | ਰੇ | ਗੁ | - | ਮ | ਪ | ਮ |
| | | | | | | ਕੋ | ਈ | ਜਾ | ऽ | ਣਿ | ਨ | ऽ | ਭੂ | ऽ | ਲੈ |
| ਪ | - | - | - | ਗੁਰੇ | ਸ | - | - | ਸਂ | ਨੀ | ਧੁ | ਪ | ਪ | - | ਪ | ਪ |
| ਭਾ | ऽ | ऽ | ऽ | ਈऽ | ऽ | ऽ | ऽ | ਸੋ | ऽ | ਭੂ | ऽ | ਲੈ | ऽ | ਜਿ | ਸੁ |
| ਮ | - | ਮ | ਮ | ਗੁ | - | ਰੇ | - | ਸ | - | ਮ | ਰੇ | ਗੁ | ਮ | ਪ | ਮ |
| ਆ | ऽ | ਪਿ | ਭੁ | ਲਾ | ऽ | ਏ | ऽ | ਬੂ | ऽ | ਝੈ | ऽ | ਜਿ | ਸੈ | ऽ | ਬੁ |
| ਪ | - | - | - | ਗੁਰੇ | ਸ | | | | | | | | | | |
| ਝਾ | ऽ | ऽ | ऽ | ਈऽ | ऽ | | | | | | | | | | |
| ***ਅੰਤਰਾ*** | | | | | | | | ਨੀ | ਧੁ | ਪ | ਮ | ਪ | ਪ | ਧੁ | ਧੁ |
| | | | | | | | | ਗੋ | ऽ | ਤ | ਮੁ | ਤ | ਪਾ | ऽ | ਅ |
| ਸਂ | - | - | ਸਂ | ਸਂ | - | - | - | - | ਗੁਂਗੁਂ | ਗੁਂ | ਗੁਂਗੁਂ | ਰੇਂ | - | ਸਂ | - |
| ਹਿ | ऽ | ऽ | ਲਿ | ਆ | ऽ | ऽ | ऽ | ऽ | ਇਸ | ਤ੍ਰੀ | ਤਿਸੁ | ਦੇ | ऽ | ਖਿ | ऽ |
| ਨੀ | - | ਨੀ | ਨੀ | ਧੁ | - | ਪ- | - | ਨੀ | ਧੁ | ਪ | ਮ | ਪ | ਪ | ਧੁ | - |
| ਇੰ | ऽ | ਦ੍ਰੁ | ਲੁ | ਭਾ | ऽ | ਇਆऽ | | ਸ | ਹ | ਸ | ਸ | ਰੀ | ऽ | ਰ | ऽ |
| ਧੁ- | ਧੁ | ਸਂ | ਸਂ | ਸਂ | - | ਸਂ | - | ਗੁਂ | - | ਰੇਂ | ਸਂ | - | ਸਂ | ਸਂ | - |
| ਚਿਹ | ਨ | ਭ | ਗ | ਹੂ | ऽ | ਏ | ऽ | ਤਾ | ऽ | ਮ | ਨਿ | ऽ | ਪ | ਛੋ | ऽ |
| - | ਨੀ | - | - | ਧੁ- | - | ਪ | - | ਸਂ | ਨੀ | ਧੁ | ਪ | - | ਪ | ਮ | ਪ |
| ऽ | ਤਾ | ऽ | ऽ | ਇਆ | ऽ | ऽ | ऽ | ਤਾ | ऽ | ਮ | ਨਿ | ऽ | ਪ | ਛੋ | ऽ |
| ਗੁ | - | - | -- | ਗੁਰੇ- | ਸ | | | | | | | | | | |
| ਤਾ | ऽ | ऽ | ऽ | ਇਆ | ऽ * | | | | | | | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰ ਲਿਪੀ ਅਨੁਸਾਰ ਹੀ ਕਰੋ ਜੀ।

# ੬੨. ਜੈਜਾਵੰਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦਾ ਅੰਤਿਮ *ਰਾਗ ਜੈਜਾਵੰਤੀ* ਹੈ ਜਿਸ ਨੂੰ ਭਾਰਤੀ ਸੰਗੀਤ ਵਿਚ ਜੈਜੈਵੰਤੀ ਆਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸ਼ਬਦ ਅੰਕਿਤ ਹਨ। ਇਹ ਰਾਗ ਗੰਭੀਰ ਅਤੇ ਕਰੁਣਾਮਈ ਪ੍ਰਕ੍ਰਿਤੀ ਦਾ ਧਾਰਣੀ ਹੈ। ਰਾਗ ਜੈਜਾਵੰਤੀ ਦੋ ਅੰਗਾਂ ਤੋਂ ਗਾਇਆ ਜਾਂਦਾ ਹੈ ਇਕ ਦੇਸ ਜਾਂ ਸੋਰਠ ਅੰਗ ਅਤੇ ਦੂਸਰਾ ਬਾਗੇਸ਼ਵਰੀ ਅੰਗ। ਇਸ ਰਾਗ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ। ਇਸ ਰਾਗ ਦੇ ਆਰੋਹ ਵਿਚ ਸ਼ੁੱਧ ਗੰਧਾਰ ਦਾ ਪ੍ਰਯੋਗ ਹੁੰਦਾ ਹੈ ਪਰ ਕੋਮਲ ਗੰਧਾਰ ਦੀ ਵਰਤੋਂ ਇਕ ਵਿਸ਼ੇਸ਼ ਢੰਗ ਨਾਲ ਕੀਤੀ ਜਾਂਦੀ ਹੈ। ਕੋਮਲ ਗੰਧਾਰ ਦੇ ਦੋਵੇਂ ਪਾਸੇ ਰਿਸ਼ਭ ਸੁਰ *ਰੇ ਗ ਮ ਗ ਰੇ ਗੁ ਰੇ* ਰੱਖਕੇ ਕੀਤੀ ਜਾਂਦੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਸੁਰਾਂ ਦੀ ਵਰਤੋਂ ਦੇਸ ਜਾਂ ਸੋਰਠ ਅੰਗ ਨਾਲ (ਧੈਵਤ ਸੁਰ ਛੱਡ ਕੇ) ਤੀਖਰ ਨਿਸ਼ਾਦ ਸਹਿਤ ਤਾਰ ਸਪਤਕ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ ਜਿਵੇਂ *ਨੀ ਨੀ ਸਂ, ਨੀ ਸਂ* ਪਰ ਜਿਸ ਵੇਲੇ ਤਾਰ ਸ਼ੜਜ ਦੇ ਅੱਗੇ ਵਧਣਾ ਹੋਵੇ ਤਾਂ ਸ਼ੜਜ ਸੁਰ ਦਾ ਤਿਆਗ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ *ਨੀ ਸਂ ਧ ਨੁੀ ਰੇਂ* ਬਾਗੇਸਰੀ ਅੰਗ ਨਾਲ ਅੰਤਰੇ ਦੇ ਉਠਾਅ ਸਮੇਂ ਪੰਚਮ ਸੁਰ ਵਰਜਿਤ ਕਰਕੇ ਕੋਮਲ ਨਿਸ਼ਾਦ ਲਗਾਇਆ ਜਾਂਦਾ ਹੈ (ਨੁੀ ਸਂ)। ਇਸ ਦਾ **ਵਾਦੀ ਰਿਸ਼ਭ, ਸੰਵਾਦੀ ਪੰਚਮ, ਥਾਟ ਖਮਾਜ, ਸਮਾਂ ਰਾਤ ਦਾ ਦੂਜਾ ਪਹਿਰ ਅਤੇ ਜਾਤੀ ਸ਼ਾੜਵ- ਸੰਪੂਰਣ ਹੈ।**

**ਆਰੋਹ** : ਸ, ਰੇ ਗ ਮ ਪ, ਨੀ ਸਂ।

**ਅਵਰੋਹ** : ਸਂ ਨੁੀ ਧ ਪ, ਧ ਮ, ਰੇ ਗੁ ਰੇ, ਸ।

**ਮੁੱਖ ਅੰਗ** : ਰੇ ਗੁ ਰੇ ਸ, ਨ਼ੀ ਸ ਧ਼ ਨੁ਼ੀ ਰੇ, ਸ।

**ਸੁਰ ਵਿਸਥਾਰ** :

੧. ਸ, ਨ਼ੀ ਸ ਧ਼ ਨੁ਼ੀ ਰੇ, ਸ, ਨੁ਼ੀ ਧ਼ ਪ਼ ਰੇ, ਰੇ ਗੁ ਰੇ ਸ, ਰੇ ਗ ਰੇ ਗ ਮ ਪ, ਮ ਨੁੀ ਧ ਪ, ਪ ਧ ਗ ਮ ਰੇ, ਰੇ ਗੁ ਰੇ, ਸ।

੨. ਰੇ ਗ ਮ ਪ, ਰੇ ਗ ਮ ਨੁੀ ਧ ਪ, ਮ ਪ ਨੀ ਸਂ, ਨੀ ਸਂ ਧ ਨੁੀ ਰੇਂ, ਸਂ, ਰੇਂ ਗਂ ਮਂ ਗਂ ਰੇਂ, ਰੇਂ ਗੁਂ ਰੇਂ ਸਂ, ਰੇਂ ਨੁੀ ਧ ਪ, ਪ ਧ ਗ ਮ ਰੇ, ਰੇ ਪ ਮ ਗ ਮ ਗ ਰੇ, ਰੇ ਗੁ ਰੇ ਸ, ਨ਼ੀ ਸ ਧ਼ ਨੁ਼ੀ ਰੇ, ਸ।

## ਜੈਜਾਵੰਤੀ ਮਹਲਾ ੯ ॥

ਰੇ ਮਨ ਕਉਨ ਗਤਿ[੧] ਹੋਇ ਹੈ ਤੇਰੀ॥
ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ[੨]॥
ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ[੩]॥੧॥ ਰਹਾਉ॥
ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ॥
[੪]ਦਾਰਾ ਸੁਖ ਭਇਓ ਦੀਨੁ [੫]ਪਗਹੁ ਪਰੀ ਬੇਰੀ॥੧॥
ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ॥
ਸਿਮਰਤ ਨਹ ਕਿਉ ਮੁਰਾਰਿ[੬] ਮਾਇਆ ਜਾ ਕੀ ਚੇਰੀ॥੨॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੫੨)

---

੧. ਕੀ ਹਾਲ ?
੨. ਕੰਨਾਂ ਨਾਲ।
੩. ਉਲਟਾਈ।
੪. ਇਸਤ੍ਰੀ ਦੇ ਸੁਖਾਂ ਹਿਤ ਤੂੰ ਅਧੀਨ ਹੋਇਆ ਹੈਂ। (ਕਈਆਂ ਬੀੜਾਂ ਵਿੱਚ ਪਾਠ 'ਸੁਖ' ਦੀ ਥਾਂ 'ਸੁਤ' ਹੈ।)
੫. ਪੈਰਾਂ ਵਿੱਚ ਬੇੜੀ ਪੈ ਗਈ ਹੈ।
੬. (ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ) ਵਾਹਿਗੁਰੂ।
* ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੋਥੀ ਚੌਥੀ) ਪੰਨਾ ੧੩੫੨

## ਰਾਗ ਜੈਜਾਵੰਤੀ　　ਮਹਲਾ ੯　　ਇਕ ਤਾਲ

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| ***ਸਥਾਈ*** | | | | | | | | ਸਰੇ | ਨ਼ੀਸ | ਧ਼ | ਨ਼ੀ |
| | | | | | | | | ਰੇ਽ | ਽਽ | ਮ | ਨ |
| ਰੇ- | - | ਰੇ | ਗ | ਮ | ਗ | ਰੇ | - | ਰੇ | ਨ਼ੀ | ਧ | ਪ |
| ਕਉ | ਽ | ਨ | ਗ | ਤਿ | ਽ | ਽ | ਽ | ਹੇ | ਇ | ਹੈ | ਽ |
| ਮ | ਗ | ਮ | ਰੇ | ਗੁ | ਰੇ | ਸ | - | ਗ- | ਮ | ਪ | ਨੀ- |
| ਤੇ | ਽ | ਽ | ਽ | ਽ | ਽ | ਰੀ | ਽ | ਇਹ | ਜ | ਗ | ਮਹਿ |
| ਸਂ | - | ਨੀ | ਸਂ | - | ਸਂ | - | - | ਨੀ | ਸਂ- | ਧ | ਨ਼ੀ |
| ਰਾ | ਽ | ਮ | ਨਾ | ਽ | ਮੁ | ਽ | ਽ | ਸੋ | ਤਉ | ਨ | ਹੀ |
| ਰੇਂ | ਗੁਂ | ਰੇਂ | ਨੀ | - | ਸਂ | - | - | ਸਂ | ਨ਼ੀਨ਼ੀ- | ਧ- | ਪ |
| ਸੁ | ਨਿ | ਓ | ਕਾ | ਽ | ਨਿ | ਽ | ਽ | ਬਿ | ਖਿਅਨ | ਸਿਉ | ਽ |
| ਪ | ਧ | ਧ | ਗ | - | ਮ | - | - | ਮ | ਨ਼ੀ | ਧ | ਪਪ |
| ਅ | ਤਿ | ਲੁ | ਭਾ | ਽ | ਨਿ | ਽ | ਽ | ਮ | ਤਿ | ਨਾ | ਹਿਨ |
| ਮ | ਗ | ਮ | ਰੇ | ਗੁ | ਰੇ | ਸ | - | | | | |
| ਫੇ | ਽ | ਽ | ਽ | ਽ | ਽ | ਰੀ | ਽ | | | | |
| ***ਅੰਤਰਾ*** | | | | | | | | ਗ | ਮ | ਪ | ਨੀ |
| | | | | | | | | ਮਾ | ਨ | ਸ | ਕੋ |
| ਸਂ | ਸਂ | ਨੀ | ਸਂ | - | ਸਂ | - | - | ਨੀਨੀ | ਸਂ | ਧ | ਨ਼ੀ- |
| ਜ | ਨ | ਮੁ | ਲੀ | ਽ | ਨੁ | ਽ | ਽ | ਸਿਮ | ਰ | ਨੁ | ਨਹ |
| ਰੇਂ | ਗੁਂ | ਰੇਂ | ਨੀ | - | ਸਂ | - | - | ਸਂ | ਨ਼ੀ | ਧ | ਪ |
| ਨਿ | ਮ | ਖ | ਕੀ | ਽ | ਨੁ | ਽ | ਽ | ਦਾ | ਰਾ | ਸੁ | ਖ |
| ਪ- | ਧ | - | ਗ | - | ਮ | - | - | ਮਮ | ਨ਼ੀ | ਧ | ਪ |
| ਭਇ | ਓ | ਽ | ਦੀ | ਽ | ਨੁ | ਽ | ਽ | ਪਗ | ਹੁ | ਪ | ਰੀ |
| ਮ | ਗ | ਮ | ਰੇ | ਗੁ | ਰੇ | ਸ | - | | | | |
| ਬੇ | ਽ | ਽ | ਽ | ਽ | ਽ | ਰੀ | ਽ | | | | |

* ਸ਼ਬਦ ਦੇ ਅੰਕਾਂ ਅਨੁਸਾਰ ਬਾਕੀ ਅੰਤਰਿਆਂ ਦਾ ਕੀਰਤਨ ਉਪਰੋਕਤ ਸੁਰਲਿਪੀ ਅਨੁਸਾਰ ਹੀ ਕਰੋ ਜੀ।

# ਪੁਸਤਕ ਵਿਚ ਪ੍ਰਯੋਗ ਕੀਤੇ ਗਏ ਤਾਲ

## ਤਿੰਨ ਤਾਲ (16 ਮਾਤਰਾਵਾਂ)

| | | | |
|---|---|---|---|
| ਘ | 2 | 0 | 3 |
| ਧਾ ਧਿੰ ਧਿੰ ਧਾ | ਧਾ ਧਿੰ ਧਿੰ ਧਾ | ਧਾ ਤਿੰ ਤਿੰ ਤਾ | ਤਾ ਧਿੰ ਧਿੰ ਧਾ |

## ਇੱਕ ਤਾਲ (12 ਮਾਤਰਾਵਾਂ)

| | | | | | |
|---|---|---|---|---|---|
| X | 0 | 2 | 0 | 3 | 4 |
| ਧਿੰ ਧਿੰ | ਧਾਗੇ ਤਿਰਕਿਟ | ਤੂ ਨਾ | ਕ ਤਾ | ਧਾਗੇ ਤਿਰਕਿਟ | ਧਿੰ ਨਾ |

## ਚਾਰ ਤਾਲ (12 ਮਾਤਰਾਵਾਂ)

| | | | | | |
|---|---|---|---|---|---|
| X | 0 | 2 | 0 | 3 | 4 |
| ਧਾ ਧਾ | ਦਿੰ ਤਾ | ਕਿਟ ਧਾ | ਧਿੰ ਤਾ | ਤਿਟ ਕਤਾ | ਗਦਿ ਗਨ |

## ਤਿਲਵਾੜਾ (ਠੇਕਾ ਗੁਰਮਤਿ ਸੰਗੀਤ, 8 ਮਾਤਰਾਵਾਂ)

| | |
|---|---|
| X | 2 |
| ਧਾ ਧਿੰ ਧਿੰ ਤਾ | ਧਾਗੇ ਤਿਟ ਤਿੰ ਤਾ |

## ਦੀਪ ਚੰਦੀ (14 ਮਾਤਰਾਵਾਂ)

| | | | |
|---|---|---|---|
| X | 2 | 0 | 3 |
| ਧਾ ਧਿੰ - | ਧਾ ਗੇ ਤਿੰ - | ਤਾ ਤਿੰ - | ਧਾ ਗੇ ਧਿੰ - |

## ਸੂਲਫਾਖ ਤਾਲ (ਠੇਕਾ ਗੁਰਮਤਿ ਸੰਗੀਤ, 10 ਮਾਤਰਾਵਾਂ)

| | | | | |
|---|---|---|---|---|
| X | 2 | 0 | 3 | 0 |
| ਧਾ ਤਿਰਕਿਟ | ਧਿੰ ਤਾ | ਧਿੰ ਧਿੰ | ਧਾ ਧਾ | ਤਿੰ ਤਾ |

## ਝਪ ਤਾਲ (10 ਮਾਤਰਾਵਾਂ)

| | | | |
|---|---|---|---|
| X | 2 | 0 | 3 |
| ਧਿੰ ਨਾ | ਧਿੰ ਧਿੰ ਨਾ | ਤਿੰ ਨਾ | ਧਿੰ ਧਿੰ ਨਾ |

## ਤੀਵਰਾ (7 ਮਾਤਰਾਵਾਂ)

| | | |
|---|---|---|
| X | 2 | 3 |
| ਧਾ ਦਿੰ | ਤਾ ਤਿਟ ਕਤਾ | ਗਦਿ ਗਨ |

## ਬੀਰ ਤਾਲ (20 ਮਾਤਰਾਵਾਂ)

| | | |
|---|---|---|
| X | 2 | 3 |
| ਧਿੰ ਤਿਰਕਿਟ ਧਿੰ ਨਾ | ਧਿੰ -ਤਾ -ਕ | ਧਿੰ -ਤਾ -ਕ |
| 0 | 4 | 0 |
| ਤਿੰ ਤਿਰਕਿਟ ਤਿੰ ਨਾ | ਤਿੰ -ਤਾ -ਕ | ਧਿੰ -ਤਾ -ਕ |

## ਖੜਗ ਤਾਲ (18 ਮਾਤਰਾਵਾਂ)

| | | | | | | | | | | | |
|---|---|---|---|---|---|---|---|---|---|---|---|
| x | | | | 2 | | | | 0 | | | |
| ਧਿੰ | ਤਿਰਕਿਟ | ਧਿੰ | ਨਾ | ਤੂ | ਨਾ | ਕਤ | ਤਾ | ਧਾ | ਤਿਟ | ਤਿੰ | ਨਾ |

| | | | | | |
|---|---|---|---|---|---|
| 3 | | | 4 | | |
| ਤਿਰਕਿਟ | ਧਿੰ | ਨਾ | ਧਿੰ | ਧਿੰ | ਨਾ |

## ਸਵਾਰੀ ਤਾਲ (15 ਮਾਤਰਾਵਾਂ)

| | | | | | | |
|---|---|---|---|---|---|---|
| x | | | 2 | | 0 | |
| ਧਿ | ਨਾ | ਧਿਧਿ | ਕਤ | ਧਿਧਿ | ਨਾਧਿ | ਧਿਨਾ |

| | | | | | | | |
|---|---|---|---|---|---|---|---|
| 3 | | 0 | | 4 | | 0 | |
| ਤੀਕੜ | ਤਿਨਨਾ | ਤਿਰਕਿਟ | ਤੂਨਾ | ਕਤਾ | ਧਿਧਿ | ਨਾਧਿ | ਧਿਨਾ |

## ਅੰਤਿਕਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ

(ਦਸ ਆਡੀਓ ਕੈਸੇਟਸ)

| | |
|---|---|
| ਕੈਸੇਟ ੧.A | : **(HMV.SPHO 840541)** |
| ਸਿਰੀ ਰਾਗ | : ਹਰਿ ਬਿਨੁ ਜੀਉ ਜਲਿ ਬਲਿ ਜਾਉ (ਮਹਲਾ ੧, ਪੰਨਾ ੧੪) |
| ਮਾਝ ਰਾਗ | : ਹਉ ਘੋਲੀ ਜੀਉ ਘੋਲਿ ਘੁਮਾਈ (ਮਹਲਾ ੫, ਪੰਨਾ ੯੬) |
| ਕੈਸੇਟ ੧.B | |
| ਗਉੜੀ ਰਾਗ | : ਸਾਧੋ ਗੋਬਿੰਦ ਕੇ ਗੁਨ ਗਾਵਉ (ਮਹਲਾ ੯, ਪੰਨਾ ੨੧੯) |
| ਗਉੜੀ ਗੁਆਰੇਰੀ ਰਾਗ | : ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ (ਮਹਲਾ ੪, ਪੰਨਾ ੧੬੪) |
| ਗਉੜੀ ਦਖਣੀ ਰਾਗ | : ਨਾਮੁ ਮਿਲੈ ਚਲੈ ਮੈ ਨਾਲਿ (ਮਹਲਾ ੧, ਪੰਨਾ ੧੫੨) |
| ਕੈਸੇਟ ੨.A | : **(HMV.SPHO 840542)** |
| ਗਉੜੀ ਚੇਤੀ ਰਾਗ | : ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ (ਮਹਲਾ ੧, ਪੰਨਾ ੧੫੬) |
| ਗਉੜੀ ਬੈਰਾਗਣਿ ਰਾਗ | : ਨਾਮੁ ਨ ਜਾਨਿਆ ਰਾਮ ਕਾ (ਮਹਲਾ ੧, ਪੰਨਾ ੧੫੬) |
| ਗਉੜੀ ਪੂਰਬੀ ਦੀਪਕੀ ਰਾਗ | : ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ (ਮਹਲਾ ੧, ਪੰਨਾ ੧੫੭) |
| ਕੈਸੇਟ ੨.B | |
| ਗਉੜੀ ਦੀਪਕੀ ਰਾਗ | : ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ (ਮਹਲਾ ੧, ਪੰਨਾ ੧੨) |
| ਗਉੜੀ ਪੂਰਬੀ ਰਾਗ | : ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ (ਮਹਲਾ ੫, ਪੰਨਾ ੨੦੪) |
| ਗਉੜੀ ਮਾਲਾ ਰਾਗ | : ਭਾਵਨੁ ਤਿਆਗਿਓ ਰੀ ਤਿਆਗਿਓ (ਮਹਲਾ ੫, ਪੰਨਾ ੨੧੪) |
| ਕੈਸੇਟ ੩.A | : **(HMV.SPHO 840543)** |
| ਗਉੜੀ ਮਾਲਵਾ ਰਾਗ | : ਹਰਿ ਨਾਮੁ ਲੇਹੁ ਮੀਤਾ ਲੇਹੁ (ਮਹਲਾ ੫, ਪੰਨਾ ੨੧੪) |
| ਗਉੜੀ ਮਾਝ ਰਾਗ | : ਦੁਖ ਭੰਜਨੁ ਤੇਰਾ ਨਾਮੁ ਜੀ (ਮਹਲਾ ੫, ਪੰਨਾ ੨੧੮) |
| ਗਉੜੀ ਸੋਰਠਿ ਰਾਗ | : ਰੇ ਜੀਅ ਨਿਲਜ ਲਾਜ ਤੁੋਹਿ ਨਾਹੀ (ਭਗਤ ਕਬੀਰ ਜੀ, ਪੰਨਾ ੩੩੦) |
| ਕੈਸੇਟ ੩.B | |
| ਆਸਾ ਰਾਗ | : ਸੋ ਕਿਉ ਵਿਸਰੈ ਮੇਰੀ ਮਾਇ (ਮਹਲਾ ੧, ਪੰਨਾ ੯) |
| ਆਸਾ ਕਾਫੀ ਰਾਗ | : ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ (ਮਹਲਾ ੫, ਪੰਨਾ ੩੯੬) |
| ਆਸਾਵਰੀ ਸੁਧੰਗ ਰਾਗ | : ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ (ਮਹਲਾ ੪, ਪੰਨਾ ੩੬੯) |
| ਕੈਸੇਟ ੪.A | : **(HMV.SPHO 840544)** |
| ਆਸਾਵਰੀ ਰਾਗ | : ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ (ਮਹਲਾ ੪, ਪੰਨਾ ੩੬੯) |
| ਗੂਜਰੀ ਰਾਗ | : ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ (ਮਹਲਾ ੫, ਪੰਨਾ ੧੦) |
| ਦੇਵਗੰਧਾਰੀ ਰਾਗ | : ਮਾਈ ਗੁਰ ਚਰਣੀ ਚਿਤੁ ਲਾਈਐ (ਮਹਲਾ ੫, ਪੰਨਾ ੫੨੮) |
| ਕੈਸੇਟ ੪.B | |
| ਦੇਵਗੰਧਾਰੀ ਰਾਗ | : ਅਪੁਨੇ ਹਰਿ ਪਹਿ ਬਿਨਤੀ ਕਹੀਐ (ਮਹਲਾ ੫, ਪੰਨਾ ੫੩੧) |
| ਬਿਹਾਗੜਾ ਰਾਗ | : ਹਰਿ ਕੀ ਗਤਿ ਨਹਿ ਕੋਊ ਜਾਨੈ (ਮਹਲਾ ੯, ਪੰਨਾ ੫੩੭) |
| ਵਡਹੰਸੁ ਰਾਗ | : ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ (ਮਹਲਾ ੫, ਪੰਨਾ ੫੬੨) |
| ਕੈਸੇਟ ੫.A | : **(HMV.SPHO 840545)** |
| ਵਡਹੰਸੁ ਦਖਣੀ ਰਾਗ | : ਸਚੁ ਸਿਰੰਦਾ ਸਚਾ ਜਾਣੀਐ (ਮਹਲਾ ੧, ਪੰਨਾ ੫੮੦) |
| ਸੋਰਠਿ ਰਾਗ | : ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ (ਭਗਤ ਰਵਿਦਾਸ ਜੀ, ਪੰਨਾ ੬੫੮) |
| ਧਨਾਸਰੀ ਰਾਗ | : ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ।। (ਮਹਲਾ ੧, ਪੰਨਾ ੬੬੩) |
| ਕੈਸੇਟ ੫.B | |
| ਜੈਤਸਰੀ ਰਾਗ | : ਲੋੜੀਦੜਾ ਸਾਜਨੁ ਮੇਰਾ (ਮਹਲਾ ੫, ਪੰਨਾ ੭੦੦) |
| ਟੋਡੀ ਰਾਗ | : ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ (ਮਹਲਾ ੪, ਪੰਨਾ ੭੧੧) |

| | |
|---|---|
| ਬੈਰਾੜੀ ਰਾਗ | : ਹਰਿ ਜਨੁ ਰਾਮ ਨਾਮ ਗੁਨ ਗਾਵੈ (ਮਹਲਾ ੪, ਪੰਨਾ ੭੧੯) |
| ਤਿਲੰਗ ਕਾਫੀ ਰਾਗ | : ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ (ਮਹਲਾ ੯, ਪੰਨਾ ੭੨੬) |
| ਕੈਸੇਟ ੬.A | : **(HMV.SPHO 840546)** |
| ਤਿਲੰਗ ਰਾਗ | : ਜਾਗ ਲੇਹੁ ਰੇ ਮਨਾ ਜਾਗ ਲੇਹੁ (ਮਹਲਾ ੯, ਪੰਨਾ ੭੨੬) |
| ਸੂਹੀ ਰਾਗ | : ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ (ਮਹਲਾ ੫, ਪੰਨਾ ੭੪੯) |
| ਸੂਹੀ ਲਲਿਤ ਰਾਗ | : ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ (ਭਗਤ ਕਬੀਰ, ਪੰਨਾ ੭੯੩) |
| ਕੈਸੇਟ ੬.B | |
| ਸੂਹੀ ਕਾਫੀ ਰਾਗ | : ਹਉ ਨਾ ਛੋਡਉ ਕੰਤ ਪਾਸਰਾ (ਮਹਲਾ ੫, ਪੰਨਾ ੭੬੧) |
| ਬਿਲਾਵਲੁ ਰਾਗ | : ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ (ਮਹਲਾ ੫, ਪੰਨਾ ੮੨੭) |
| ਬਿਲਾਵਲੁ ਮੰਗਲ ਰਾਗ | : ਮੇਰਾ ਹਰਿ ਪ੍ਰਭੁ ਸੇਜੈ ਆਇਆ (ਮਹਲਾ ੪, ਪੰਨਾ ੮੪੪) |
| ਕੈਸੇਟ ੭.A | : **(HMV.SPHO 840547)** |
| ਬਿਲਾਵਲੁ ਦਖਣੀ ਰਾਗ | : ਮੁੰਧ ਨਵੇਲੜੀਆ ਗੋਇਲਿ ਆਈ ਰਾਮ (ਮਹਲਾ ੧, ਪੰਨਾ ੮੪੩) |
| ਗੋਂਡ ਰਾਗ | : ਮੋ ਕਉ ਤਾਰਿ ਲੇ ਰਾਮਾ ਤਾਰਿ ਲੇ (ਭਗਤ ਨਾਮਦੇਵ, ਪੰਨਾ ੮੭੩) |
| ਬਿਲਾਵਲੁ ਗੋਂਡ ਰਾਗ | : ਆਜੁ ਨਾਮੇ ਬੀਠਲੁ ਦੇਖਿਆ (ਭਗਤ ਨਾਮਦੇਉ, ਪੰਨਾ ੮੭੪) |
| ਰਾਮਕਲੀ ਦਖਣੀ ਰਾਗ | : ਸੁਣਿ ਪਾਡੇ ਕਿਆ ਲਿਖਹੁ ਜੰਜਾਲਾ (ਮਹਲਾ ੧, ਪੰਨਾ ੯੩੦) |
| ਕੈਸੇਟ ੭.B | |
| ਰਾਮਕਲੀ ਰਾਗ | : ਭਲੋ ਭਲੋ ਰੇ ਕੀਰਤਨੀਆ (ਮਹਲਾ ੫, ਪੰਨਾ ੮੮੫) |
| ਨਟ ਨਾਰਾਇਨ ਰਾਗ | : ਉਲਾਹਨੋ ਮੈ ਕਾਹੂ ਨ ਦੀਓ (ਮਹਲਾ ੫, ਪੰਨਾ ੯੭੮) |
| ਨਟ ਰਾਗ | : ਕੋਊ ਹੈ ਮੇਰੋ ਸਾਜਨੁ ਮੀਤੁ ( ਨਟ ਪੜਤਾਲ ਮਹਲਾ ੫, ਪੰਨਾ ੯੮੦) |
| ਮਾਲੀਗਉੜਾ ਰਾਗ | : ਸਭੈ ਘਟ ਰਾਮੁ ਬੋਲੈ ਰਾਮਾ ਬੋਲੈ (ਭਗਤ ਨਾਮਦੇਵ, ਪੰਨਾ ੯੮੮) |
| ਕੈਸੇਟ ੮.A | : **(HMV.SPHO 840548)** |
| ਮਾਰੂ ਰਾਗ | : ਹਰਿ ਕੋ ਨਾਮੁ ਸਦਾ ਸੁਖਦਾਈ (ਮਹਲਾ ੯, ਪੰਨਾ ੧੦੦੮) |
| ਮਾਰੂ ਦਖਣੀ ਰਾਗ | : ਕਾਇਆ ਨਗਰੁ ਨਗਰ ਗੜ ਅੰਦਰਿ (ਮਹਲਾ ੧, ਪੰਨਾ ੧੦੩੩) |
| ਮਾਰੂ ਕਾਫੀ ਰਾਗ | : ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ (ਮਹਲਾ ੧, ਪੰਨਾ ੧੦੧੪) |
| ਕੈਸੇਟ ੮.B | |
| ਤੁਖਾਰੀ ਰਾਗ | : ਸਾਵਣਿ ਸਰਸ ਮਨਾ (ਮਹਲਾ ੧, ਪੰਨਾ ੧੧੦੮) |
| ਕੇਦਾਰਾ ਰਾਗ | : ਹਰਿ ਬਿਨੁ ਕੋਇ ਨ ਚਾਲਸਿ ਸਾਥ (ਮਹਲਾ ੫, ਪੰਨਾ ੧੧੨੦) |
| ਭੈਰਉ ਰਾਗ | : ਗੁਰ ਜੈਸਾ ਨਾਹੀ ਕੋ ਦੇਵ (ਮਹਲਾ ੫, ਪੰਨਾ ੧੧੪੨) |
| ਕੈਸੇਟ ੯.A | : **(HMV.SPHO 840549)** |
| ਬਸੰਤੁ ਰਾਗ | : ਇਸੁ ਮਨ ਕਉ ਬਸੰਤ ਕੀ (ਮਹਲਾ ੩, ਪੰਨਾ ੧੧੭੬) |
| ਬਸੰਤੁ ਹਿੰਡੋਲ ਰਾਗ | : ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ (ਮਹਲਾ ੧, ਪੰਨਾ ੧੧੭੧) |
| ਸਾਰੰਗ ਰਾਗ | : ਅਬ ਮੋਰੋ ਨਾਚਨੋ ਰਹੋ (ਮਹਲਾ ੫, ਪੰਨਾ ੧੨੦੩) |
| ਕੈਸੇਟ ੯.B | |
| ਮਲਾਰ ਰਾਗ | : ਬਰਸੁ ਘਨਾ ਮੇਰਾ ਮਨੁ ਭੀਨਾ (ਮਹਲਾ ੧, ਪੰਨਾ ੧੨੫੪) |
| ਕਾਨੜਾ ਰਾਗ | : ਸਾਜਨਾ ਸੰਤ ਆਉ ਮੇਰੈ (ਮਹਲਾ ੫, ਪੰਨਾ ੧੩੦੧) |
| ਕਲਿਆਨ ਰਾਗ | : ਰਾਮ ਗੁਰੁ ਪਾਰਸੁ ਪਰਸੁ ਕਰੀਜੈ (ਮਹਲਾ ੪, ਪੰਨਾ ੧੩੨੪) |
| ਕੈਸੇਟ ੧੦.A | : **(HMV.SPHO 84050)** |
| ਕਲਿਆਨ ਭੋਪਾਲੀ ਰਾਗ | : ਪਾਰਬ੍ਰਹਮੁ ਪਰਮੇਸੁਰ ਸੁਆਮੀ ਦੂਖ ਨਿਵਾਰਣ ਨਾਰਾਇਣੇ (ਮਹਲਾ ੪, ਪੰਨਾ ੧੩੨੧) |
| ਪ੍ਰਭਾਤੀ ਰਾਗ | : ਲੋਗਾ ਭਰਮਿ ਨ ਭੂਲਹੁ ਭਾਈ (ਭਗਤ ਕਬੀਰ, ਪੰਨਾ ੧੩੫੦) |
| ਪ੍ਰਭਾਤੀ ਬਿਭਾਸ ਰਾਗ | : ਜਪਿ ਮਨ ਹਰਿ ਹਰਿ ਨਾਮੁ ਨਿਧਾਨ (ਪੜਤਾਲ ਮਹਲਾ ੪, ਪੰਨਾ ੧੩੩੭) |
| ਕੈਸੇਟ ੧੦.B | |
| ਬਿਭਾਸ ਪ੍ਰਭਾਤੀ ਰਾਗ | : ਪ੍ਰਗਟੀ ਜੋਤਿ ਮਿਟਿਆ ਅੰਧਿਆਰਾ (ਭਗਤ ਕਬੀਰ, ਪੰਨਾ ੧੩੪੯) |
| ਪ੍ਰਭਾਤੀ ਦਖਣੀ ਰਾਗ | ਕੋਈ ਜਾਣਿ ਨ ਭੂਲੈ ਭਾਈ (ਮਹਲਾ ੧, ਪੰਨਾ ੧੩੪੪) |
| ਜੈਜਾਵੰਤੀ ਰਾਗ | ਰੇ ਮਨ ਕਉਨ ਗਤਿ ਹੋਇ ਹੈ ਤੇਰੀ (ਮਹਲਾ ੯, ਪੰਨਾ ੧੩੫੨) |



ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਦੇ ਮੋਢੀ ਪ੍ਰੋਫੈਸਰ ਅਤੇ ਅਧਿਅਕਸ਼ ਹਨ। ਡਾ. ਗੁਰਨਾਮ ਸਿੰਘ ਦੋ ਦਹਾਕਿਆਂ ਤੋਂ ਖੋਜ ਅਤੇ ਅਧਿਆਪਨ ਨਾਲ ਨਿਰੰਤਰ ਜੁੜੇ ਹੋਏ ਹਨ। ਆਪ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁਖੀ ਦੇ ਅਹੁਦੇ 'ਤੇ ਸੁਸ਼ੋਭਿਤ ਰਹੇ ਹਨ।

ਗੁਰਮਤਿ ਸੰਗੀਤ ਪਰੰਪਰਾ ਦੇ ਸੰਸਕਾਰੀ ਵਾਰਿਸ ਡਾ. ਗੁਰਨਾਮ ਸਿੰਘ ਨੇ ਕੀਰਤਨ ਦੀ ਬੁਨਿਆਦੀ ਤਾਲੀਮ ਆਪਣੇ ਪਿਤਾ 'ਸ਼੍ਰੋਮਣੀ ਰਾਗੀ' ਭਾਈ ਉੱਤਮ ਸਿੰਘ ਪਤੰਗ, ਵੱਡੇ ਭਰਾਤਾ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ ਅਤੇ ਸ਼ਾਸਤਰੀ ਸੰਗੀਤ ਦੀ ਵਿਧੀਵੱਤ ਤਾਲੀਮ ਸੰਗੀਤ ਆਚਾਰੀਆ ਪ੍ਰੋਫੈਸਰ ਤਾਰਾ ਸਿੰਘ, ਆਗਰਾ ਘਰਾਣਾ ਦੇ ਪਦਮ ਸ੍ਰੀ ਉਸਤਾਦ ਸੋਹਣ ਸਿੰਘ, ਪਟਿਆਲਾ ਘਰਾਣਾ ਦੇ ਉਸਤਾਦ ਬਾਕੁਰ ਹੁਸੈਨ ਅਤੇ ਪ੍ਰਿੰਸੀਪਲ ਸ.ਸ. ਕਰੀਰ ਤੋਂ ਪ੍ਰਾਪਤ ਕੀਤੀ।

ਡਾ. ਗੁਰਨਾਮ ਸਿੰਘ ਨੇ 15 ਮੌਲਿਕ ਪੁਸਤਕਾਂ, 27 ਸੰਪਾਦਿਤ ਪੁਸਤਕਾਂ, 32 ਖੋਜ ਪੱਤਰ, 64 ਖੋਜ ਲੇਖ ਪ੍ਰਕਾਸ਼ਿਤ ਕਰਨ ਦੇ ਨਾਲ-ਨਾਲ ਅਨੇਕ ਸੰਗੀਤ ਰਚਨਾਵਾਂ ਅਤੇ ਸਿਗਨੇਚਰ ਟਿਊਨਜ਼ ਤਿਆਰ ਕਰਕੇ ਸੰਗੀਤ-ਜਗਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਡਾ. ਗੁਰਨਾਮ ਸਿੰਘ ਨੇ ਪ੍ਰੋਜੈਕਟ ਨਿਰਦੇਸ਼ਕ ਵਜੋਂ ਪੰਜਾਬੀ ਲੋਕ ਸੰਗੀਤ ਵਿਰਾਸਤ ਦਾ ਸੰਗ੍ਰਹਿ ਕਰਦਿਆਂ ਚਾਰ ਸੌ ਤੋਂ ਵੱਧ ਪ੍ਰੰਪਰਾਗਤ ਲੋਕ ਕਲਾਕਾਰਾਂ ਦੀਆਂ ਵੱਖ-ਵੱਖ ਰਿਕਾਰਡਿੰਗਜ਼ ਦੇ ਆਧਾਰ 'ਤੇ ਡਾਕੂਮੈਂਟਰੀ ਫਿਲਮਾਂ ਵੀ ਤਿਆਰ ਕੀਤੀਆਂ ਹਨ। ਇੱਕ ਪ੍ਰਵਾਣਿਤ ਕਲਾਕਾਰ ਅਤੇ ਆਡੀਸ਼ਨ ਕਮੇਟੀ (ਸੰਗੀਤ) ਦੇ ਮੈਂਬਰ ਵਜੋਂ ਡਾ. ਸਿੰਘ ਨੇ ਕਈ ਵਰ੍ਹੇ ਆਕਾਸ਼ਵਾਣੀ 'ਤੇ ਸੇਵਾ ਨਿਭਾਈ। ਉਨ੍ਹਾਂ ਨੇ ਸੰਗੀਤ ਸੰਸਾਰ ਵਿੱਚ 14 ਆਡੀਓ ਕੈਸੇਟਸ, 05 ਵੀਡੀਓ ਕੈਸੇਟਸ ਦਾ ਯੋਗਦਾਨ ਪਾਇਆ ਹੈ। ਸੰਗੀਤ ਸੰਸਾਰ ਅਤੇ ਸਿੱਖ ਇਤਿਹਾਸ ਵਿੱਚ ਉਹਨਾਂ ਨੂੰ ਪਹਿਲੀ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ ਪ੍ਰਕਾਰਾਂ ਦੀ ਰਿਕਾਰਡ ਕਰਵਾਉਣ ਦਾ ਮਾਣ ਹਾਸਿਲ ਹੋਇਆ। ਗੁਰਮਤਿ ਸੰਗੀਤ ਦੀ ਵਿਸ਼ੇ ਵਜੋਂ ਅਕਾਦਮਿਕ ਸਥਾਪਤੀ ਵਿੱਚ ਆਪ ਦਾ ਕੇਂਦਰੀ ਤੇ ਮਹੱਤਵਪੂਰਨ ਯੋਗਦਾਨ ਰਿਹਾ ਹੈ। ਦੇਸ਼ -ਵਿਦੇਸ਼ ਦੀਆਂ ਕਈ ਸੰਸਥਾਵਾਂ ਵੱਲੋਂ ਸਨਮਾਨ ਤੇ ਐਵਾਰਡ ਪ੍ਰਾਪਤ ਕਰ ਚੁੱਕੇ ਡਾ. ਗੁਰਨਾਮ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਰਾਗੀ ਦਾ ਪੁਰਸਕਾਰ ਵੀ ਪ੍ਰਾਪਤ ਹੈ।